ISSN: 2277-9930

77

ਜੁਲਾਈ-ਸਤੰਬਰ 2023

# ਪ੍ਰਤਿਮਾਨ

ਮੁੱਲ: 75/-



# ਮਹਿਮਾਨ ਕਵਿਤਾਵਾਂ / ਕੇਸਰ ਕਰਮਜੀਤ (ਆਸਟ੍ਰੇਲੀਆ)

### ਗ਼ਜ਼ਲ

ਖ਼ਾਬ ਫਿਰ ਲੈ ਕੇ ਹਸੀਂ ਮੁੜ ਆ ਗਈ ਹੈ ਜ਼ਿੰਦਗੀ
ਫਿਰ ਨਵਾਂ ਵਸਤਰ 'ਕਿਸੇ' ਪਹਿਨਾ ਗਈ ਹੈ ਜ਼ਿੰਦਗੀ

ਬਾਲ ਵਿਚ 'ਉਸਦੀ' ਦੀ ਚਮਕ ਬਿਖਰਾ ਗਈ ਹੈ ਜ਼ਿੰਦਗੀ
ਅਰਥ ਗਹਿਰੇ ਇਸ ਤਰਾਂ ਸਮਝਾ ਗਈ ਹੈ ਜ਼ਿੰਦਗੀ

ਹੈ ਚਮਕਦਾ ਚੰਨ ਵੀ ਤਾਂ ਸੰਗ ਸੂਰਜ ਰੌਸ਼ਨੀ
ਕਿਸ ਤਰਾਂ ਇਸ ਬਾਤ ਤੋਂ ਕਤਰਾ ਗਈ ਹੈ ਜ਼ਿੰਦਗੀ

ਹੋ ਸਕੇ ਹੈ ਅੰਸ਼, ਅੰਸ਼ੀ ਤੋਂ ਭਲਾ ਉੱਤਮ ਕਿਵੇਂ
ਹੈ ਬੜੀ ਹੀ ਚੰਦਰੀ ਭਰਮਾ ਗਈ ਹੈ ਜ਼ਿੰਦਗੀ

ਕਿਉਂ ਬੁਤਾਂ ਦੇ ਵਾਸਤੇ ਬੰਦੇ ਲੜੇ, ਅਫ਼ਸੋਸ ਹੈ
ਯਾ ਖ਼ੁਦਾ ਅੰਜ਼ਾਮ ਕੀ ! ਪਥਰਾ ਗਈ ਹੈ ਜ਼ਿੰਦਗੀ

ਰਾਜਿਆ ! ਮੁੜ ਨਾ ਬਚੇ ਨੇ ਧਰਤ ਤੇ ਤਖ਼ਤਾਂ ਦੇ ਨਾਂ
ਜੇ ਕਦੇ ਵੀ ਅਪਣੀ ਤੇ ਆ ਗਈ ਹੈ ਜ਼ਿੰਦਗੀ

ਰੰਗ ਭਰਦਾ ਮੈਂ ਰਹਾਂ, ਇਹ ਕਿਸ ਤਰਾਂ ਅਲਫ਼ਾਜ ਵਿਚ
ਕੰਮ ਮੈਨੂੰ ਵੀ ਭਲਾ ਕੀ ਲਾ ਗਈ ਹੈ ਜ਼ਿੰਦਗੀ


### ਗ਼ਜ਼ਲ

ਮਿਲ ਨਾ ਮਿਲ ਤੂੰ ਖੋਜ ਦਾ ਜਜ਼ਬਾ ਤਾਂ ਦੇ
ਨਾ ਸਹੀ ਮੰਜ਼ਿਲ ਮਗਰ ਰਸਤਾ ਤਾਂ ਦੇ

ਟੁਰ ਗਿਐਂ ਤਕਸੀਮ ਕਰ ਮਜ਼੍ਹਬ ਦੇ ਨਾਂ
ਸ਼ਹਿਰ ਮੇਰਾ ਉਸ ਤਰਾਂ ਵਸਦਾ ਤਾਂ ਦੇ

ਓਪਰੇ ਪਰਦੇਸ ਖੋ ਜਾਣਾਂ ਨਾ ਹੈ
ਮੈਂ ਦਿਸ਼ਾ ਲੱਭਾਂਗਾ, ਚੌਰਸਤਾ ਤਾਂ ਦੇ

ਮੈਂ ਸਜਾਵਾਂ ਓਸ ਨੂੰ ਗ਼ਜ਼ਲਾਂ ਦੇ ਵਿਚ
ਸੱਖਣਾਪਣ ਅੰਦਰੋਂ ਡਸਦਾ ਤਾਂ ਦੇ



ਬਿਰਹੜਾ ਦੇ, ਦੇ ਸੁਖ਼ਨ ਸੰਵੇਦਨਾ
ਰੰਗ ਦਿੱਤਾ ਹੁਣ ਤੂ ਗੁਲਦਸਤਾ ਤਾਂ ਦੇ

ਭਰ ਲਵਾਂ ਪਰਵਾਜ ਅੰਤਮ ਮੈਂ ਸੰਭਲ
ਖ਼ੂੰ ਰਗਾਂ ਵਿਚ ਤੇਜ਼ ਕੁਝ ਨਸਦਾ ਤਾਂ ਦੇ

### ਗ਼ਜ਼ਲ

ਚੁੰਮਕੇ ਦਰਿਆ ਵਗੇ ਪੱਤਣ ਕਦੇ
ਇਸ ਤਰ੍ਹਾਂ ਤੂੰ ਵੀ ਤਾਂ ਆ ਬਣ ਠਣ ਕਦੇ

ਵੇਖ ਨਾ ਤੂੰ ਖ਼ਲਕ ਤੋਂ ਖ਼ਾਲਕ ਜੁਦਾ
ਉਹ ਕਿਰਨ ਬਣਦਾ ਤੇ ਬਣਦਾ 'ਕਣ' ਕਦੇ

ਰੰਗ ਦੇਵੇ ਰੰਗ ਅਪਣੇ ਉਹ ਕਿਸੇ
ਊਂ ਬਥੇਰੇ ਭਟਕਦੇ ਵਣ ਵਣ ਕਦੇ

ਆਪਣੇ ਹੀ ਮਾਪ ਭੁੱਲੇ ਲੋਕ ਹੁਣ
ਮਾਪਦੇ ਸੀ ਤਿੰਨ ਵੀਹੀਂ ਮਣ ਕਦੇ

ਧਰਤ ਤੇ ਕੁਝ ਲੋਕ ਐਸੇ ਵੀ ਰਹੇ
ਆਪ ਮਿਟ ਕੇ ਵੰਡਗੇ ਚਾਨਣ ਕਦੇ

ਮੈਂ ਅਸਤ ਹਾਂ ਤੇ ਤਮਸ ਵੀ, ਕੀ ਕਰਾਂ
ਲੋਚਦਾ ਹਾਂ ਮੈਂ ਬਣਾਂ ਚਾਨਣ ਕਦੇ

# ਪ੍ਰਤਿਮਾਨ

ਪੰਜਾਬੀ ਸਾਹਿਤ, ਸੱਭਿਆਚਾਰ ਅਤੇ ਭਾਸ਼ਾ ਦੇ ਬਦਲਦੇ ਰੁਝਾਨਾਂ ਨੂੰ ਰੇਖਾਂਕਿਤ ਕਰਦਾ ਤ੍ਰੈਮਾਸਿਕ ਮੈਗਜ਼ੀਨ

ਜੁਲਾਈ-ਸਤੰਬਰ 2023 ਅੰਕ 77

ISSN: 2277-9930

RNI No. PUNPUN/2006/16230

ਸੰਪਾਦਕ (ਆਨਰੇਰੀ)

ਡਾ. ਅਮਰਜੀਤ ਕੌਂਕੇ

ਪ੍ਰਬੰਧ ਸੰਪਾਦਕ

ਗਗਨਦੀਪ ਸਿੰਘ

ਰਚਨਾਵਾਂ ਭੇਜਣ ਲਈ ਪਤਾ



ਡਾ. ਅਮਰਜੀਤ ਕੌਂਕੇ
718, ਰਣਜੀਤ ਨਗਰ-ਏ
ਪਟਿਆਲਾ-147001 (ਪੰਜਾਬ)
98142-31698
E-mail: pratimaan@yahoo.co.in
www.pratimaan.in



ਸਲਾਹਕਾਰ

ਡਾ. ਜਸਵਿੰਦਰ ਸਿੰਘ, ਡਾ. ਰਵੇਲ ਸਿੰਘ,
ਡਾ. ਸਰਬਜੀਤ ਸਿੰਘ,
ਡਾ. ਰਵੀ ਰਵਿੰਦਰ
ਡਾ. ਆਤਮ ਰੰਧਾਵਾ



TITLE PAINTING BY

ANU PRIYA

ਕਨਸੈਪਟ, ਕੰਪੋਜ਼ਿੰਗ ਅਤੇ ਡੀਜ਼ਾਈਨਿੰਗ

ਰਾ ਡੀਜ਼ਾਇਨਜ਼,ਪਟਿਆਲਾ।
97810-33133
E-mail: raadesigns89@gmail.com

ਸਹਿਯੋਗ ਰਾਸ਼ੀ

ਇੱਕ ਅੰਕ: 75/-, ਵੀਹ ਅੰਕ (5 ਸਾਲ): 1500/-
ਜੀਵਨ ਮੈਂਬਰਸ਼ਿਪ: 3000/-, ਵਿਦੇਸ਼: $250

ਸਹਿਯੋਗ ਰਾਸ਼ੀ 'ਪ੍ਰਤਿਮਾਨ' ਦੇ ਨਾਂ 'ਤੇ ਭੇਜੀ ਜਾਵੇ

PRATIMAAN
718-Ranjit Nagar-A
Patiala. (Punjab) India
Mob. 098142-31698
E-mail: pratimaan@yahoo.co.in

Hon. Editor : Dr. Amarjeet Kaunke


## ਤਰਤੀਬ


ਸੰਪਾਦਕੀ / 2

**ਕਹਾਣੀਆਂ**

ਬਲੀਡਿੰਗ-ਹਾਰਟ / ਜਤਿੰਦਰ ਹਾਂਸ / 3, ਮੁਰਦਾ ਘਰ / ਡਾ. ਊਸ਼ਾ ਯਾਦਵ / 11, ਮੌਤ ਤੋਂ ਪਰ੍ਹਾਂ / ਜੋਗੇ ਭੰਗਲ / 17, ਡਾ. ਗੁਰਵਿੰਦਰ ਅਮਨ, ਕੁਲਵਿੰਦਰ ਨੰਦਾ / 34, ਭੁਪਿੰਦਰ ਉਪਰਾਮ / 48

**ਕਵਿਤਾ / ਗ਼ਜ਼ਲ / ਗੀਤ**

ਹਰਭਜਨ ਸਿੰਘ ਹੁੰਦਲ / 7, ਓਂਕਾਰਪ੍ਰੀਤ / 8, ਭੁਪਿੰਦਰਪ੍ਰੀਤ / 9, ਜਸਪਾਲ ਧਾਮੀ, ਡਾ. ਅਮਰਜੀਤ ਪੰਛੀ / 10, ਜਸਵੰਤ ਵਾਗਲਾ / 15, ਹਰਸਿਮਰਤ ਕੌਰ / 16, ਰਜਨੀਸ਼ ਜੱਸ / 21, ਡਾ. ਗੁਰਸੇਵਕ ਲੰਬੀ / 22, ਹਰਪ੍ਰੀਤ ਕੌਰ ਸੰਧੂ, ਤਰਿੰਦਰ ਕੌਰ / 23, ਮਨਜੀਤ ਪੁਰੀ / 27, ਭਰਤ ਪ੍ਰਸਾਦ, ਅਨੁਰਾਧਾ ਓਸ, ਸ਼ੰਕਰਾ ਨੰਦ / 28, ਕਮਲਪ੍ਰੀਤ ਸੰਘੇੜਾ, ਕਮਲ ਸੇਖੋਂ / 29, ਪਰਮਿੰਦਰ ਸੋਢੀ / 31 ਖੇਮਕਰਨ ਸੋਮਨ / 40

**ਮਨ ਦੀਆਂ ਗੱਲਾਂ**

ਵਸੀਵੇਂ / ਗੁਰਿੰਦਰਜੀਤ ਮਾਂਟਰੀਅਲ / 30

**ਸ਼ਬਦ ਚਿੱਤਰ**

ਸਾਹਿਤ ਦਾ ਸਪਤਰਿਸ਼ੀ - ਰਜਿੰਦਰ ਸਿੰਘ ਬੇਦੀ / ਡਾ. ਕੇ ਜਗਜੀਤ

**ਆਲੋਚਨਾ ਨਿਬੰਧ / ਰੀਵੀਊ**

ਸੰਤ ਬਾਣੀ ਅਤੇ ਦਲਿਤ ਚੇਤਨਾ / ਰਮਨਦੀਪ ਕੌਰ / 32, ਪੁਸਤਕ ਰੀਵਿਊ / ਅਣ ਫਿਰਿਆ ਮੱਕਾ (ਉਂਕਾਰਪ੍ਰੀਤ) / ਡਾ. ਪੁਸ਼ਵਿੰਦਰ ਕੌਰ / 35, ਬੁਰੇ ਸਿਆਲਾਂ ਦੇ ਮਾਮਲੇ ਪੁਸਤਕ: ਕੁਝ ਇਤਿਹਾਸਕ ਦਸਤਾਵੇਜ਼ -ਡਾ. ਪਰਮਜੀਤ ਕੌਰ ਪਾਹੁਲ / 38, ਜਸਵੰਤ ਜ਼ਫ਼ਰ ਦੀ ਕਵਿਤਾ ਵਿੱਚ ਅਧਿਆਤਮਵਾਦ ਤੋਂ ਨਵ-ਰਹੱਸਵਾਦ ਦਾ ਸਫਰ / ਹਰਪ੍ਰੀਤ ਸਿੰਘ / 41, ਓਹਦੀਆਂ ਅੱਖਾਂ 'ਚ ਸੂਰਜ ਹੈ / ਰਾਜਵਿੰਦਰ ਕੌਰ ਜਟਾਣਾ / 45, ਖਾਲੀ ਆਲ੍ਹਣਾ / ਡਾ. ਪੁਸ਼ਵਿੰਦਰ ਕੌਰ / 46, ਕਸਕ / ਪ੍ਰੋ. ਪ੍ਰੋਮਿਲਾ ਅਰੋੜਾ / 47



ਡੀ.ਪੀ.ਆਈ (ਸਕੂਲਜ਼), ਪੰਜਾਬ ਦੇ ਪੱਤਰ ਨੰਬਰ 4/2-2006, ਐਡੀਟਰ ਪੰਜਾਬੀ, ਮਿਤੀ 18/8/2006 ਅਨੁਸਾਰ 'ਪ੍ਰਤਿਮਾਨ' ਸਾਰੇ ਸਕੂਲਾਂ ਅਤੇ ਕਾਲਜਾਂ ਲਈ ਪ੍ਰਵਾਨਿਤ ਹੈ।



* ਪ੍ਰਤਿਮਾਨ ਦੇ ਸੰਪਾਦਕ ਅਤੇ ਸਾਰੇ ਸਹਿਯੋਗੀ ਆਨਰੇਰੀ ਹਨ।
* ਪ੍ਰਤਿਮਾਨ ਵਿੱਚ ਪ੍ਰਕਾਸ਼ਿਤ ਰਚਨਾਵਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
* ਲੇਖਕ ਆਪਣੀਆਂ ਲਿਖਤਾਂ ਲਈ ਖ਼ੁਦ ਜ਼ਿੰਮੇਵਾਰ ਹਨ।
* ਪ੍ਰਤਿਮਾਨ ਦਾ ਪ੍ਰਕਾਸ਼ਨ ਗੈਰ ਵਪਾਰਕ ਹੈ।



ਪ੍ਰਿੰਟਰ, ਮਾਲਕ ਅਤੇ ਪਬਲਿਸ਼ਰ ਪਰਮਜੀਤ ਕੌਰ ਨੇ ਸ਼ਹੀਦ-ਏ-ਆਜ਼ਮ ਪ੍ਰਿੰਟਿੰਗ ਪ੍ਰੈਸ,ਪਟਿਆਲਾ ਤੋਂ ਛਪਵਾ ਕੇ 718,ਰਣਜੀਤ ਨਗਰ-ਏ, ਪਟਿਆਲਾ ਤੋਂ ਜਾਰੀ ਕੀਤਾ।

## ਸੰਪਾਦਕੀ

....ਪੰਜਾਬ ਵਿੱਚ ਪਿਛਲੇ ਦਿਨਾਂ 'ਚ ਆਏ ਹੜ੍ਹਾਂ ਨੇ ਸਮੁੱਚਾ ਜਨ-ਜੀਵਨ ਅਸਤ ਵਿਅਸਤ ਕਰ ਕੇ ਰੱਖ ਦਿੱਤਾ ਹੈ। ਜਾਨ ਮਾਲ ਦੇ ਹੋਏ ਨੁਕਸਾਨ ਨੇ ਪਹਿਲਾਂ ਤੋਂ ਹੀ ਮੁਸੀਬਤਾਂ ਨਾਲ ਭੰਨੇ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਆਪਣੇ ਸਵਾਰਥ ਲਈ ਮਨੁੱਖ ਦਿਨ ਪ੍ਰਤਿਦਿਨ ਕੁਦਰਤ ਦਾ ਜਿਹੜਾ ਘਾਣ ਕਰਨ ਤੇ ਲੱਗਿਆ ਹੈ ਸ਼ਾਇਦ ਕੁਦਰਤ ਉਸ ਦਾ ਮੋੜਾ ਮੋੜਨ ਲੱਗ ਪਈ ਹੈ। ਵਿਕਾਸ ਦੇ ਨਾਮ ਤੇ ਰੁੱਖਾਂ ਤੇ ਜੰਗਲਾਂ ਦੀ ਕਟਾਈ, ਕੰਕਰੀਟ ਦੇ ਜੰਗਲਾਂ ਦਾ ਨਿਰਮਾਣ, ਨਦੀਆਂ ਦਰਿਆਵਾਂ ਦੇ ਰਾਹ ਵਿੱਚ ਬਹੁਮੰਜਲੀਆਂ ਇਮਾਰਤਾਂ, ਹੋਟਲਾਂ, ਬੰਗਲਿਆਂ ਦੀ ਉਸਾਰੀ, ਪਹਾੜਾਂ ਦੀ ਅੰਨ੍ਹੇਵਾਹ ਕਟਾਈ ਕਰ ਕੇ ਧਰਤੀ ਨੂੰ ਤਿਲ ਤਿਲ ਕੁਤਰਨ ਅਤੇ ਖੋਖਲੀ ਕਰਨ ਦੇ ਨਤੀਜੇ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਹਰ ਵਰ੍ਹੇ ਇਹ ਹੜ੍ਹਾਂ ਦਾ ਖਤਰਾ ਪੰਜਾਬ ਦੀ ਧਰਤੀ ਤੇ ਮੰਡਰਾਉਣ ਲੱਗਦਾ ਹੈ ਤੇ ਹਰ ਵਾਰ ਸੈਂਕੜੇ ਪਿੰਡ ਸ਼ਹਿਰ, ਕਸਬੇ ਇਨ੍ਹਾਂ ਦੀ ਲਪੇਟ ਵਿੱਚ ਆਉਂਦੇ ਹਨ। ਸਵਾਲ ਇਹ ਹੈ ਕਿ ਅਸੀਂ ਸਾਰਾ ਸਾਲ ਕੀ ਕਰਦੇ ਹਾਂ। ਏਸ ਸਾਲ ਵੀ ਹੜ੍ਹ ਆਏ ਤੇ ਜਾਨਾਂ, ਫਸਲਾਂ, ਪਸ਼ੂਆਂ, ਘਰਾਂ ਕੋਠੀਆਂ ਦਾ ਨੁਕਸਾਨ ਕਰ ਕੇ ਚਲੇ ਗਏ ਹਨ, ਜਿਸ ਦੀ ਭਰਪਾਈ ਹੋਣੀ ਸੰਭਵ ਨਹੀਂ। ਹਜ਼ਾਰਾਂ ਲੱਖਾਂ ਲੋਕਾਂ ਦਾ ਵਰ੍ਹਿਆਂ ਦੀ ਮਿਹਨਤ ਨਾਲ ਬਣਾਇਆ ਸਮਾਨ ਅਤੇ ਫਸਲਾਂ ਬਰਬਾਦ ਹੋ ਗਈਆਂ ਹਨ। ਕੀ ਹੁਣ ਇਸ ਤੋਂ ਸਬਕ ਲੈ ਕੇ ਸਰਕਾਰ ਅਗਲੇ ਸਾਲ ਆਉਣ ਵਾਲੀ ਤਬਾਹੀ ਬਾਰੇ ਸੋਚੇਗੀ ਤੇ ਢੁਕਵੇਂ ਪ੍ਰਬੰਧ ਕਰੇਗੀ ਜਾਂ ਅਗਲੇ ਸਾਲ ਫੇਰ ਇਸੇ ਤਰਾਂ ਹੋਣ ਵਾਲੀ ਤਬਾਹੀ ਦੀ ਉਡੀਕ ਕਰੇਗੀ ????

....ਮਣੀਪੁਰ ਵਿੱਚ ਉਨਮਾਦੀ ਭੀੜ ਵੱਲੋਂ ਦੋ ਔਰਤਾਂ ਨੂੰ ਨਗਨ ਕਰ ਕੇ ਘੁਮਾਏ ਜਾਣ ਦੀ ਘਟਨਾ ਨੇ ਇਨਸਾਨੀਅਤ ਨੂੰ ਇੱਕ ਵਾਰ ਫੇਰ ਬੇਹੱਦ ਸ਼ਰਮਸ਼ਾਰ ਕੀਤਾ ਹੈ। ਔਰਤਾਂ ਵਿਰੁੱਧ ਜਿਨਸੀ ਹਮਲੇ ਦੀ ਇਹ ਘਟਨਾ ਏਨੀ ਕੁ ਜਾਲਮ ਹੈ ਕਿ ਇਸਦੇ ਵੇਰਵੇ ਜਾਣਨੇ ਵੀ ਬਹੁਤ ਤਕਲੀਫ਼ਦੇਹ ਹਨ। ਇਸ ਘਟਨਾ ਦੀ ਜਿੰਨੀ ਵੀ ਨਿੰਦਿਆ ਕੀਤੀ ਜਾਵੇ ਥੋੜ੍ਹੀ ਹੈ। ਫਿਰਕਿਆਂ, ਖਿੱਤਿਆਂ, ਮਜਹਬਾਂ ਦੀ ਲੜਾਈ ਵਿੱਚ ਔਰਤ ਹੀ ਨਿਸ਼ਾਨਾ ਕਿਉਂ ਬਣਦੀ ਹੈ ਅਤੇ ਅਸੀਂ ਸਭਿਅਕ ਕਹਾਉਣ ਵਾਲੇ ਲੋਕ ਕਿਹੋ ਜਿਹੇ ਸਭਿਅਕ ਸਮਾਜ ਵਿੱਚ ਰਹਿ ਰਹੇ ਹਾਂ, ਇਹ ਸਵਾਲ ਕਿਸੇ ਵੀ ਇਨਸਾਨ ਨੂੰ ਬੇਚੈਨ ਕਰਨ ਵਾਲੇ ਹਨ। ਸਭ ਤੋਂ ਵੱਧ ਸ਼ਰਮਨਾਕ ਗੱਲ ਇਹ ਹੈ ਕਿ ਅਜਿਹੀਆਂ ਘਟਨਾਵਾਂ ਵੇਲੇ ਸਰਕਾਰੀ ਤੰਤਰ ਵੀ ਇਨ੍ਹਾਂ ਅਮਾਨਵੀ ਭੀੜਾਂ ਦਾ ਸਾਥ ਦਿੰਦਾ ਹੈ। ਇਸ ਘਟਨਾ ਵੇਲੇ ਵੀ ਪੁਲਿਸ ਭੀੜ ਦੇ ਨਾਲ ਸੀ ਤੇ ਕਿਸੇ ਨੇ ਵੀ ਇਨ੍ਹਾਂ ਔਰਤਾਂ ਨੂੰ ਬਚਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਤੋਂ ਵੀ ਵੱਧ ਹੈਰਾਨੀ ਦੀ ਗੱਲ ਇਹ ਹੈ ਕਿ ਏਸ ਘਟਨਾ ਦੀ ਖਬਰ ਵੀ ਤਿੰਨ ਮਹੀਨੇ ਬਾਅਦ ਸੋਸ਼ਲ ਮੀਡਿਆ ਰਾਹੀਂ ਸਾਹਮਣੇ ਆਈ ਹੈ। ਲੋੜ ਹੈ ਕਿ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇ ਤਾਂ ਕਿ ਸਮਾਜ ਵਿੱਚ ਵਾਪਰਦੀਆਂ ਅਜਿਹੀਆਂ ਅਮਾਨਵੀ ਘਟਨਾਵਾਂ ਨੂੰ ਨੱਥ ਪਾਈ ਜਾ ਸਕੇ।

## ਬਲੀਡਿੰਗ-ਹਾਰਟ / ਜਤਿੰਦਰ ਹਾਂਸ



ਬਥੇਰੀ ਭੱਜ-ਨੱਠ ਕੀਤੀ, ਹਾਈਕੋਰਟ ਤੱਕ ਜਾ ਆਏ, ਬਾਹਰੋ-ਬਾਹਰ ਜ਼ਮਾਨਤ ਨਾ ਹੋਈ।... ਜੱਜ ਨੇ ਕਹਿ ਦਿੱਤਾ ਅਗਲੀ ਤਾਰੀਕ 'ਤੇ ਭਗੌੜਾ ਕਰਾਰ ਦੇ ਦੇਣਾ।

ਹਾਰ ਕੇ ਕੋਰਟ 'ਚ ਸਰੈਂਡਰ ਕਰ ਦਿੱਤਾ। ਤਿੰਨ ਦਿਨਾਂ ਦਾ ਪੁਲਿਸ ਰਿਮਾਂਡ ਸੀ। ਠਾਣੇ ਲਿਜਾ ਕੇ ਹਵਾਲਾਤ 'ਚ ਬੰਦ ਕਰ ਦਿੱਤਾ। 'ਮੇਰਾ ਕੋਈ ਕਸੂਰ ਨਹੀਂ।' ਮੈਂ ਲੱਖ ਵਾਰ ਕਿਹਾ। ਉਹ ਜੋ ਚਾਹੁੰਦੇ ਸੀ, ਕੁੱਟ ਕੇ ਉਹੀ ਇਕਬਾਲੀਆ ਬਿਆਨ ਦਿਵਾ ਲਿਆ।

ਚੌਥੇ ਦਿਨ ਅਦਾਲਤ 'ਚ ਪੇਸ਼ ਕਰਕੇ ਜੇਲ੍ਹ ਭੇਜ ਦਿੱਤਾ, ਇੱਕ ਲੇਡੀ ਪੁਲਿਸ ਅਤੇ 'ਆਈ, ਓ' ਜੇਲ੍ਹ ਛੱਡ ਆਏ। ਮੈਂ ਲੇਡੀ ਪੁਲਿਸ ਵਾਲ਼ੀ ਦੇ ਪਿੱਛੇ-ਪਿੱਛੇ ਆਪਣਾ ਸਾਮਾਨ ਚੁੱਕੀ ਤੁਰੀ ਗਈ। ਅੰਦਰ ਜਾਂਦਿਆਂ ਜਿਵੇਂ ਹਨੇਰੀ ਗੁਫ਼ਾ 'ਚ ਵੜ-ਗੀ ਹੋਵਾਂ ਹੁਣ ਜ਼ਿੰਦਗੀ ਭਰ ਸੂਰਜ ਨਹੀਂ ਦੇਖਣਾ। ਕਾਲਜਾ ਫੁੜਕ-ਫੁੜਕ ਬਾਹਰ ਨੂੰ ਜਾਵੇ, ਅੱਖਾਂ 'ਚੋਂ ਹੰਝੂ ਆਪ-ਮੁਹਾਰੇ ਵਗੀ ਜਾਣ।

ਜ਼ਨਾਨਾ ਅਹਾਤੇ 'ਚ ਭੇਜ਼ ਦਿੱਤਾ।

ਸ਼ਾਮ ਦਾ ਸਮਾਂ ਸੀ। ਡਿਊਟੀ 'ਤੇ ਮੌਜੂਦ ਕੁਝ ਮੈਡਮਾਂ ਕੈਦਣਾਂ ਨੂੰ ਰੋਟੀ ਵੰਡ ਰਹੀਆਂ ਸੀ। ਮੇਰੀਆਂ ਅੱਖਾਂ ਭਰੀਆਂ ਦੇਖ ਇੱਕ ਕੈਦਣ ਨੇ ਮੇਰੇ ਮੋਢੇ 'ਤੇ ਹੱਥ ਰੱਖਿਆ; ਪਾਣੀ ਲੈ ਕੇ ਆਈ। ਪਾਣੀ ਮੇਰੇ ਕਿੱਥੇ ਲੰਘਦਾ ਸੀ।

ਰਾਤ ਨੂੰ ਬੈਰਕ ਨੰਬਰ ਦੋ ਵਿੱਚ ਇੱਕ ਚੁੱਪ ਜਿਹੀ ਔਰਤ ਸੁਰਜੀਤ ਕੋਲ਼ ਮੇਰਾ ਬਿਸਤਰਾ ਸੀ। ਉਹਦੇ ਪਥਰਾਏ ਚਿਹਰੇ ਤੋਂ ਭੈਅ ਆਉਂਦਾ। ਦੂਜੇ ਪਾਸੇ ਇੱਕ ਖੁਸਰਾ ਸੀ ਜਿਸ ਨੂੰ ਸਾਰੇ ਬਾਬਾ ਕਹਿੰਦੇ ਉਹ ਵੀ ਕਤਲ ਕੇਸ 'ਚ ਅੰਦਰ ਸੀ। ਦੋਵਾਂ ਦੇ ਵਿਚਾਲੇ ਪਈ ਮੈਂ ਡਰ ਰਹੀ ਸਾਂ।

– 0 –

ਵਕੀਲ ਹਰ ਵਾਰ ਕਹਿੰਦਾ ਐਤਕੀਂ ਜ਼ਮਾਨਤ ਹੋ-ਜੂ, ਪਰ ਹੋਈ ਨਾ। ਜਿਸਦਾ ਡਰ ਸੀ ਉਹੀ ਹੋ ਗਿਆ। ਜੱਜ ਨੇ ਸੱਤ ਸਾਲ ਦੀ ਸਜ਼ਾ ਸੁਣਾ ਦਿੱਤੀ। ਮੈਨੂੰ ਪਹਿਲਾਂ ਈ ਲੱਗਣ ਲੱਗ ਗਿਆ ਸੀ ਇਹ ਹੋ ਜਾਣਾ। ਵਕੀਲ ਨੂੰ ਪੂਰੇ ਪੈਸੇ ਨਾ ਮਿਲਣ ਕਰਕੇ ਉਹਨੇ ਕੇਸ ਵਿਚਾਲੇ ਹੀ ਛੱਡ ਦਿੱਤਾ। ਸਰਕਾਰੀ ਵਕੀਲ ਮਿਲ ਗਿਆ। ਉਹ ਮੇਰਾ ਘੱਟ ਸਰਪੰਚ ਦਾ ਵਕੀਲ ਵੱਧ ਲੱਗਦਾ, ਉਹ ਤਾਂ ਇਹ ਵੀ ਸਾਬਤ ਨਾ ਕਰ ਸਕਿਆ, 'ਜਦੋਂ ਇਹ ਘਟਨਾ ਵਾਪਰੀ, ਮੈਂ ਅਜੇ ਨਾਬਾਲਗ ਸਾਂ।' ਉਲਟਾ ਮੈਨੂੰ ਕਹੀ ਜਾਵੇ, "ਕੇਸ ਆਪਣੇ ਹੱਕ 'ਚ ਸੀ ਸਿਮਰ ਜੀ, ਜੇ ਮੌਕੇ ਦੇ ਗਵਾਹ ਨਾ ਹੁੰਦੇ, ਤੂੰ ਬਰੀ ਹੋ ਜਾਣਾ ਸੀ।"

"ਤੁਸੀਂ ਜਾਣਦੇ ਓ ਵਕੀਲ ਸਾਬ, ਗਵਾਹ ਝੂਠੇ ਨੇ। ਮੌਕੇ 'ਤੇ ਜੇ ਕੋਈ ਹੁੰਦਾ ਇਹ ਗੱਲ ਨਾ ਵਾਪਰਦੀ।"

"ਤੇਰੇ ਇਕਬਾਲੀਆ ਬਿਆਨ ਤੈਨੂੰ ਸਜ਼ਾ ਦਿਵਾਉਣ ਲਈ ਕਾਫ਼ੀ ਨੇ।"

ਮੈਂ ਸਮਝ ਗਈ, ਕਾਲ਼ੇ ਰੰਗ ਦਾ ਕੋਟ ਪਾਈ ਫਿਰਦਾ ਇਹ ਬੰਦਾ, ਮਨ ਦਾ ਵੀ ਕਾਲ਼ਾ ਏ, ਤੇ ਕਾਲ਼ੇ ਕੰਮਾਂ ਆਲ਼ਿਆਂ ਨਾਲ਼ ਰਲ਼ਿਆ ਹੋਇਆ।

ਭਾਪਾ ਤੇ ਮਾਮਾ ਜੀ ਮੇਰੇ ਕੇਸ ਲਈ ਭੱਜ-ਨੱਠ ਕਰ ਰਹੇ ਸੀ। ਤਰੀਕ 'ਤੇ ਆਉਂਦਿਆਂ ਦਾ ਐਕਸੀਡੈਂਟ ਕਰਵਾ ਦਿੱਤਾ। ਭਾਪਾ ਮੌਕੇ 'ਤੇ ਈ ਪੂਰਾ ਹੋ ਗਿਆ। ਮਾਮਾ ਜੀ ਦਾ ਪੈਰ ਕੱਟਣਾ ਪਿਆ, ਉਹ ਮੰਜੇ ਜੋਗਾ ਹੋ ਗਿਆ।

– 0 –

ਚੰਗੀ ਭਲੀ ਜ਼ਿੰਦਗੀ ਰੁੜ੍ਹੀ ਫਿਰਦੀ ਸੀ। ਓਦੋਂ ਮੈਂ ਪੰਦਰਾਂ ਦਿਨ ਸਕੂਲ ਨਾ ਗਈ। ਸਕੂਲ ਪੜ੍ਹਦਿਆਂ ਮੇਰੀਆਂ ਛੋਟੀਆਂ ਭੈਣਾਂ ਮੈਡਮਾਂ ਦੇ ਸੁਨੇਹੇ ਲੈ ਕੇ ਆਉਂਦੀਆਂ, "ਤੇਰਾ ਨਾਮ ਕੱਟ ਦੇਣਾ।"

ਕੀ ਕਰਦੀ ਜਦੋਂ ਦੀ ਬੀਬੀ ਦੀ ਬਾਂਹ ਟੁੱਟੀ ਸੀ। ਘਰ ਦਾ ਸਾਰਾ ਕੰਮ 'ਤੇ ਡੰਗਰ ਮੈਨੂੰ ਸਾਂਭਣੇ ਪੈਂਦੇ। ਦੂਜੀਆਂ ਤਿੰਨੇ ਭੈਣਾਂ ਛੋਟੀਆਂ ਸੀ। ਉਹ ਸਕੂਲੋਂ ਆ ਕੇ ਨਿੱਤ ਬੀਬੀ ਨੂੰ ਮੈਡਮਾਂ ਦਾ ਸੁਨੇਹਾ ਦਿੰਦੀਆਂ।

ਭਾਪਾ ਜਿੰਨਾ ਚੰਗਾ ਸੀ, ਸ਼ਰਾਬ ਓਨੀ ਹੀ ਮਾੜੀ। ਸ਼ਰਾਬ ਪੀ ਕੇ ਪਹਿਲਾਂ ਤਾਂ ਠੇਕੇ 'ਤੇ ਲੜ ਕੇ ਆਉਂਦਾ ਫਿਰ ਘਰੇ ਆ ਕੇ ਬੀਬੀ ਨੂੰ ਇਸ ਲਈ ਕੁੱਟਦਾ ਉਹਨੇ ਕੁੜੀਆਂ ਦੀ ਹੇੜ ਜੰਮੀ ਸੀ। ਬਾਂਹ ਵੀ ਭਾਪੇ ਨੇ ਸੋਟੀ ਮਾਰ ਕੇ ਤੋੜ ਦਿੱਤੀ। ਅਸੀਂ ਲੋਕਾਂ ਕੋਲ਼ ਦੱਸਦੇ, "ਮੀਣੀ ਮੱਝ ਬੜੀ ਕਪੱਤੀ ਆ। ਕੰਜਰੀ ਖੜ੍ਹੀ ਕੀਲੇ ਨਾਲ ਝੂਰਦੀ ਰਹਿੰਦੀ ਆ। ਬੀਬੀ ਨੇ ਖੋਲ੍ਹ ਕੇ ਛਾਂਵੇਂ ਬੰਨ੍ਹਣੀ ਸੀ, ਲੈ ਕੇ ਭੱਜ-ਲੀ ਬੀਬੀ ਅੜਕ ਕੇ ਡਿੱਗ-ਪੀ, ਬਾਂਹ ਟੁੱਟ-ਗੀ।"

ਉਹਦੀ ਬਾਂਹ 'ਤੇ ਮਲੇਰਕੋਟਲੇ ਤੋਂ ਪਲੱਸਤਰ ਲਵਾ ਲਿਆਂਦਾ।

ਇੱਕ ਦਿਨ ਬੀਬੀ ਨੇ ਸਵੇਰੇ ਪਾਠੀ ਬੋਲਦੇ ਨਾਲ਼ ਉਠਾ ਲਿਆ। ਸਾਰੇ ਕੰਮ ਕਰਵਾ ਕੇ ਕਹਿੰਦੀ, "ਜਾਹ ਭੱਜ-ਜਾ ਸਕੂਲ ਨੂੰ, ਚੜੇਲ ਜਿਹੀ।"

ਸਕੂਲ ਜਾਂਦਿਆਂ ਮਨ 'ਚ ਇੱਕ ਭੈਅ ਜਿਹਾ ਆਉਂਦਾ, ਐਂ ਲੱਗਦਾ ਜਿਵੇਂ ਕੋਈ ਮੇਰਾ ਪਿੱਛਾ ਕਰ ਰਿਹਾ ਹੋਵੇ।

ਇੰਚਾਰਜ ਮੈਡਮ ਨੇ ਧਮਕੀ ਦਿੱਤੀ, "ਹੁਣ ਛੁੱਟੀ ਨਾ ਕਰੀਂ, ਤੇਰਾ ਨਾਮ ਕੱਟ ਦੇਣਾ ਬੋਰਡ ਦੀ ਜਮਾਤ ਆ ਤੇਰੀ।"

ਇਹ ਮੈਡਮ ਮੇਰਾ ਇਸ ਲਈ ਵੀ ਕਰਦੀ ਸੀ, ਮੈਂ ਪੇਂਟਿੰਗ ’ਚ ਪੰਜਾਬ ਪੱਧਰ ’ਤੇ ਜਾ ਆਈ ਸਾਂ। ਉਹ ਤਾਂ ਪਿਕਾਸੋ, ਮੈਕਲੋਐਂਜਲੋ ਵਰਗੇ ਚਿੱਤਰਕਾਰਾਂ ਦਾ ਹਵਾਲਾ ਦੇ ਕੇ ਕਹਿੰਦੀ ਜੇ ਮਿਹਨਤ ਕਰੇਂ ਉਨ੍ਹਾਂ ਵਰਗੀ ਬਣ ਸਕਦੀ ਏਂ।

ਸਕੂਲ ’ਚ ਸਾਰੇ ਪੀਰੀਅਡਾਂ ’ਚ ਮੇਰੇ ਨਾਲ਼ ਮਾੜੀ ਹੋਈ। ਮੈਂ ਪੜ੍ਹਾਈ ’ਚ ਕਾਫ਼ੀ ਪਿੱਛੇ ਰਹਿ ਗਈ ਸਾਂ। ਸਭ ਤੋਂ ਜ਼ਿਆਦਾ ਵਧੀਆ ਮੈਨੂੰ ‘ਫਾਈਨ ਆਰਟ’ ਦੇ ਪੀਰੀਅਡ ’ਚ ਲੱਗਦਾ। ਹਮੇਸ਼ਾ ਸ਼ਾਬਾਸ਼ ਮਿਲਦੀ। ਜਦੋਂ ਮੈਂ ਪੰਜਾਬ ਪੱਧਰ ਦਾ ਮੁਕਾਬਲਾ ਜਿੱਤ ਕੇ ਸਰਟੀਫਿਕੇਟ ਬੀਬੀ ਨੂੰ ਲਿਜਾ ਕੇ ਦਿੱਤਾ; ਉਹਦੇ ਮੱਥੇ ’ਤੇ ਤਿਊੜੀ ਉੱਭਰ ਆਈ, “ਚੰਗਾ ਇਹ ਕਾਗਜ਼ ਜਿਹੇ ਨੂੰ ਪੇਟੀ ਲਕੋ-ਦੇ, ਜੇ ਤੇਰੇ ਭਾਪੇ ਨੇ ਦੇਖ ਲਿਆ, ਆਪਣੇ ਦੋਹਾਂ ਦੇ ਸਿਰ ਕੁੱਟੂ। ਕਹੂ, ਬਿਨਾਂ ਪੁੱਛੇ ਦੂਜੇ ਸਕੂਲ ਕਿਉਂ ਗਈ?”

ਇਹਨਾਂ ਤਸਵੀਰਾਂ ਕਰਕੇ ਮੈਂ ਬਥੇਰੀ ਕੁੱਟ ਖਾਧੀ ਆ। ਪਹਿਲਾਂ ਕੋਲੇ ਨਾਲ਼ ਕੰਧਾਂ ’ਤੇ ਬਣਾਉਂਦੀ, ਘਰੇ ਬੀਬੀ ਕੁੱਟਦੀ, ਸਕੂਲ ਮੈਡਮਾਂ ਅਖੇ, “ਕੰਧਾਂ ਕੋਲਿਆਂ ਨਾਲ ਕਾਲ਼ੀਆਂ ਕਰੀਂ ਜਾਨੀ ਏਂ।” ਫਿਰ ਕਾਗਜ਼ਾਂ ’ਤੇ ਬਣਾਉਣ ਲੱਗੀ, ਰੰਗ ਨਹੀਂ ਸੀ ਮਿਲਦੇ। ਪੱਤਿਆਂ ਅਤੇ ਫੁੱਲਾਂ ਨੂੰ ਕੁੱਟ ਕੇ ਰੰਗ ਬਣਾਉਂਦੀ, ਕਦੇ ਮਹਿੰਦੀ ਕੁੱਟ ਕੇ। ਉਦੋਂ ਵੀ ਕੁੱਟ ਪਈ ਅਖੇ, “ਕੰਮਾਂ ਤੋਂ ਟਲ਼ਦੀ ਫੋਟੋਆਂ ਜਹੀਆਂ ਬਣਾਉਣ ਲੱਗਦੀ ਆ।”

ਅਸਲ ’ਚ ਤਸਵੀਰਾਂ ਦੀ ਦੁਨੀਆ ’ਚ ਜਾ ਕੇ ਸਾਰੇ ਦੁੱਖ ਭੁੱਲ ਜਾਂਦੀ। ਇੱਕ ਦਿਨ ‘ਚਿੜੀ ਦੀ ਮੁਸਕਾਨ’ ਤਸਵੀਰ ਬਣਾ ਰਹੀ ਸੀ, ਬੀਬੀ ਨੇ ਕਈ ਵਾਰ ਹਾਕ ਮਾਰ ਕੇ ਰੋਟੀ-ਟੁੱਕ ਅਤੇ ਭਾਂਡੇ ਮਾਂਜਣ ਨੂੰ ਕਿਹਾ, ਮੈਂ ਨਾ ਉੱਠੀ। ਉਹਨੂੰ ਗੁੱਸਾ ਆ ਗਿਆ। ਆ ਕੇ ਸਾਰੀਆਂ ਪੇਂਟਿੰਗਾਂ ਇਕੱਠੀਆਂ ਕੀਤੀਆਂ ਗੁੱਛ-ਮੁੱਛਾ ਕਰਕੇ ਚੁੱਲ੍ਹੇ ਦੀ ਬਲ਼ਦੀ ਅੱਗ ’ਚ ਸਿੱਟ ਦਿੱਤੀਆਂ। ਵਿੱਚ ਹੀ ਇਨਾਮ ’ਚ ਮਿਲਿਆ ਸਰਟੀਫਿਕੇਟ ਮੱਚ ਗਿਆ। ਮੈਨੂੰ ਆਪਣੇ ਆਪ ’ਤੇ ਇਹੀ ਮਾਣ ਸੀ ਮੇਰੇ ਵਰਗੀ ਤਸਵੀਰ ਕੋਈ ਨਹੀਂ ਬਣਾ ਸਕਦਾ। ਮੇਰੀਆਂ ਸਹੇਲੀਆਂ ਕਹਿੰਦੀਆਂ, “ਮਿਸਤਰੀਆਂ ਦੀ ਕੁੜੀ ਏ, ਤਾਹੀਓਂ ਤੇਰੀਆਂ ਤਸਵੀਰਾਂ ਗੁਣੀਏ ’ਚ ਹੁੰਦੀਆਂ ਨੇ।”

ਓਦਣ ਅੱਧੀ ਛੁੱਟੀ ਵੇਲੇ ਜਿਹੜੀ ਘਟਨਾ ਵਾਪਰੀ; ਉਹਨੇ ਮੈਨੂੰ ਝੰਜੋੜ ਦਿੱਤਾ, ਜਦੋਂ ਮੈਂ ਬਾਥਰੂਮ ਗਈ ਕਿੰਦਾ ਡਫਰ ਮੇਰੇ ਪਿੱਛੇ ਕੁੜੀਆਂ ਆਲੇ ਬਾਥਰੂਮ ’ਚ ਜਾ ਵੜਿਆ ਸੀ।

ਸਾਰੇ ਸਕੂਲ ’ਚ ਗੱਲ ਫੈਲਗੀ, ‘ਕਿੰਦੇ ਨੇ ਬਿੱਲੀ ਫੜ-ਲੀ।’

ਪ੍ਰਿੰਸੀਪਲ ਨੇ ਉਹਨੂੰ ਬੁਲਾ ਕੇ, ਸਕੂਲੋਂ ਘਰੇ ਭੇਜਤਾ।

ਕਿੰਦੇ ਡਫਰ ਨੇ ਮੇਰੀ ਜਾਨ ਸੂਲ਼ੀ ਟੰਗੀ ਹੋਈ ਸੀ। ਜਦੋਂ ਵੀ ਮੌਕਾ ਮਿਲਦਾ, ਝੱਟ ਅੱਗੇ ਹੋ ਕੇ ਕਹਿੰਦਾ, “ਬੱਗੀਏ ਕਬੂਤਰੀਏ ਕਦੇ ’ਕੱਲੀ ਮਿਲ।” ਕਦੇ ਕੰਟੀਨ ਆਲ਼ੇ ਨੂੰ ਕਹਿੰਦਾ, “ਸਿਮਰ ਤੋਂ ਪੈਸੇ ਨਾ ਲਈਂ ਮੈਂ ਦਊਂਗਾ।” ਇਹ ਗੱਲਾਂ ਮੈਂ ਬੀਬੀ ਤੋਂ ਲੁਕਾ ਲਈਆਂ ਸੀ। ਉਹਨੇ ਮੈਨੂੰ ਸਕੂਲ ਜਾਣ ਤੋਂ ਰੋਕਣਾ ਸੀ, ਭਾਪੇ ਨੇ ਗੁੱਸੇ ’ਚ ਮੈਨੂੰ ਹੀ ਕੁੱਟਣਾ ਸੀ। ਬਾਥਰੂਮ ਵਾਲ਼ੀ ਗੱਲ ਛੋਟੀਆਂ ਭੈਣਾਂ ਨੇ ਮੰਮੀ ਨੂੰ ਜਾ ਦੱਸੀ, ਉਹ ਸਿਰ ਫੜ ਕੇ ਬੈਠ-ਗੀ, “ਤਾਂ ਹੀ ਤਾਂ ਲੋਕ ਧੀਆਂ ਜੰਮਣ ਤੋਂ ਡਰਦੇ ਨੇ।”

‘ਸੋਹਣਾ ਹੋਣਾ ਵੀ ਗੁਨਾਹ ਈ ਆ ਇਸ ਦੁਨੀਆ ’ਤੇ।’ ਮੈਂ ਸੋਚਦੀ।

– 0 –

ਮਾਮੀ ਨੇ ਮੇਰਾ ਪੱਕ-ਠੱਕ ਗੋਪਾਲਪੁਰ ਕਰ ਦਿੱਤਾ, ਉਹ ਸਾਡੀ ਕਬੀਲਦਾਰੀ ਦਾ ਬੋਝ ਹਲਕਾ ਕਰਨਾ ਚਾਹੁੰਦੀ ਸੀ। ਜੇ ਹੁਣ ਤੋਂ ਸ਼ੁਰੂ ਕਰਨਗੇ ਤਾਂ ਹੀ ਬਾਕੀਆਂ ਦੀ ਵਾਰੀ ਆਊ। ਮੈਨੂੰ ਸਤਾਰਵਾਂ ਚੱਲ ਰਿਹਾ ਸੀ, ਪਲੱਸ-ਟੂ ਕਰਦਿਆਂ ਹੱਥ ਪੀਲ਼ੇ ਕਰ ਦੇਣੇ ਸੀ, ਮੁੰਡਾ ਫ਼ੌਜ ’ਚ ਸੀ। ਮਾਮੀ ਦੀ ਰਿਸ਼ਤੇਦਾਰੀ ’ਚੋਂ ਸੀ।

– 0 –

ਉਸ ਦਿਨ ਮੇਰੀ ਸਹੇਲੀ ਲੰਬੜਾਂ ਦੀ ਬੌਬੀ ਦਾ ਵਿਆਹ ਸੀ। ਮੁੰਡਾ ਕਨੇਡਾ ਤੋਂ ਆਇਆ ਸੀ। ‘ਝੱਟ ਮੰਗਣੀ ਪਟੱਕ ਸ਼ਾਦੀ’ ਆਲ਼ੀ ਗੱਲ ਹੋਈ ਸੀ।

ਮੈਂ ਭੱਜ-ਭੱਜ ਘਰ ਦੇ ਕੰਮ ਨਿਬੇੜੇ, ਸ਼ਾਮ ਨੂੰ ਜਾਗੋ ’ਤੇ ਜਾਣਾ। ਪਹਿਲਾਂ ਤਾਂ ਬੀਬੀ ਨੇ ਵੀ ਹਾਂ ਕਰ-ਤੀ। ਜਦੋਂ ਨਮਾਂ ਸੂਟ ਪਾ ਕੇ ਤਿਆਰ ਹੋਗੀ ਫਿਰ ਨੰਨਾ ਪਾਉਣ ਲੱਗੀ, “ਤੇਰੇ ਬਾਪ ਨੇ ਸ਼ਰਾਬ ਨਾਲ ਰੱਜ ਕੇ ਆ ਜਾਣਾ ਉਹਨੂੰ ਕੀ ਕਹੂੰਗੀ।”

“ਜੇ ਭਾਪੇ ਨੇ ਪੁੱਛਿਆ, ਕਹਿ ਦਈਂ, ਮਰ-ਗੀ-ਖਪ-ਗੀ।” ਕਹਿ ਕੇ ਮੈਂ ਚਲੀ ਗਈ।

ਬੌਬੀ ਦੇ ਨਾਨਕੇ ਜਾਗੋ ਕੱਢਣ ਲੱਗੇ। ਗਿੱਧਾ ਪੈਣ ਲੱਗਿਆ। ਬੌਬੀ ਮੈਨੂੰ ਗਿੱਧੇ ’ਚ ਖਿੱਚ ਲਿਆਈ। ਜਿਹੜਾ ਸਕੂਲ ਦੀ ਗਿੱਧਾ ਟੀਮ ’ਚ ਤਮਾਸ਼ਾ ਕਰਦੀਆਂ ਹੁੰਦੀਆਂ ਸੀ ਉਹੀ ਕਰਨ ਲੱਗੀਆਂ।

“ਨੀ ਭੈਣੋ, ਨੀ ਅੱਜ ਥੋਡੇ ਜੀਜੇ ਨੇ ਮੈਨੂੰ ਭਾਈਆਂ ਦੀ ਗਾਲ਼ ਕੱਢ-ਤੀ।”

“ਫਿਰ?” ਮੇਲਣਾਂ ਨੇ ਕਿਹਾ

“ਫਿਰ ਥੋਡਾ ਜੀਜਾ ਨੀ ਬੋਦਿਓਂ ਫੜਿਆ ਬਾਗਰੂ ਕਹਿ ਕੇ।”

ਬਾਕੀ ਮੇਲਣਾਂ ਨੇ ਬੋਲੀ ਚੱਕ ਲਈ, “ਫਿਰ ਥੋਡਾ ਜੀਜਾ ਨੀ ਬੋਦਿਓਂ ਫੜਿਆ, ਬਾਗਰੂ ਕਹਿ ਕੇ।”

ਮੈਂ, “ਫਿਰ ਥੋਡਾ ਜੀਜਾ ਨੀ, ਮੈਂ ਲੰਮਾ ਧਰਿਆ ਬਾਗਰੂ ਕਹਿ ਕੇ।”

ਮੇਲਣਾਂ, “ਫਿਰ ਥੋਡਾ ਜੀਜਾ ਨੀ ਲੰਮਾ ਧਰਿਆ ਬਾਗਰੂ ਕਹਿ ਕੇ।”

ਮੇਲਣਾ, “ਫਿਰ ਕੀ ਹੋਇਆ?”

ਫਿਰ ਥੋਡਾ ਜੀਜਾ ਨੀ ਮੇਰੇ ਨਾਲ਼ ਲੜਿਆ, ਬਾਗਰੂ

ਕਹਿ ਕੇ।

ਨੀ ਮੈਂ ਬੁਰੀ ਦਾ ਬਣਾ ਕੇ ਜੱਟ ਛੱਡਿਆ
ਜੱਟੀ ਆਂ ਮੈਂ ਮਾਲਵੇ ਦੀ।

ਮੁੰਡੀਹਰ ਕੋਠੇ 'ਤੇ ਬੈਠੀ ਗਿੱਧਾ ਦੇਖ ਰਹੀ ਸੀ। ਕਿੰਦਾ ਡਫਰ ਵੀ ਉੱਥੇ ਮੈਨੂੰ ਦਿੱਸਿਆ। ਮੇਰੇ ਖ਼ੂਨ ਦਾ ਪਾਣੀ ਬਣ ਗਿਆ, ਬੋਲੀਆਂ ਪਾਉਣੀਆਂ ਭੁੱਲ-ਗੀ।

ਗਿੱਧਾ ਸਿਖਰਾਂ 'ਤੇ ਸੀ। ਹਨੇਰਾ ਹੋਣ ਕਰਕੇ ਮੈਂ ਬੌਬੀ ਨੂੰ ਦੱਸ ਕੇ ਘਰ ਨੂੰ ਤੁਰ ਪਈ। ਭਾਵੇਂ ਮੇਰਾ ਭਰਿਆ ਮੇਲਾ ਛੱਡ ਕੇ ਜਾਣ ਨੂੰ ਮਨ ਨਹੀਂ ਸੀ ਕਰਦਾ।

ਬੌਬੀ ਕੇ ਘਰੋਂ ਭੀੜੀ ਬੀਹੀ ਵਿੱਚੀਂ ਆਪਣੇ ਘਰ ਨੂੰ ਜਾ ਰਹੀ ਸਾਂ। ਸੁੰਨੀ ਗਲੀ 'ਚ ਅੱਗਿਓਂ ਕੋਈ ਤੁਰਿਆ ਆਉਂਦਾ ਦੇਖ ਮੇਰੇ ਦਿਲ ਦੀ ਧੜਕਣ ਵਧਗੀ। ਉਹ ਤਾਂ ਕਿੰਦਾ ਡਫਰ ਸੀ। ਮੇਰਾ ਰਸਤਾ ਰੋਕ ਕੇ ਖੜ੍ਹ ਗਿਆ, "ਸਾਨੂੰ ਤਾਂ ਤੂੰ ਕਦੋਂ ਦਾ ਪੱਟਿਆ, ਅੱਜ ਨੱਚ-ਨੱਚ ਧੂੜਾਂ ਪੱਟਤੀਆਂ, ਬਿੱਲੀਏ ਕਬੂਤਰੀਏ।"

"ਮੂੰਹ ਸੰਭਾਲ਼ ਕੇ ਬੋਲ।"

"ਤੂੰ ਆਪਣੀ ਔਕਾਤ 'ਚ ਰਹਿ, ਜਿੱਡਾ ਥੋਡਾ ਘਰ ਆ ਓਡਾ ਅਸੀਂ ਬਾਹਰਲੇ ਵਿਹੜੇ ਤੇਰੇ ਬਾਪੂ ਤੋਂ ਕਬੂਤਰੀਆਂ ਨੂੰ ਖੁੱਡਾ ਬਣਵਾਇਆ। ਉਹਦੇ 'ਚ ਦੋ ਸੌ ਤੋਂ ਵੱਧ ਕਬੂਤਰੀਆਂ ਨੇ ਕਬੂਤਰ ਇੱਕ ਵੀ ਨ੍ਹੀਂ। ਜਿਹੜੀ ਕਬੂਤਰੀ ਮੈਨੂੰ ਪਸੰਦ ਆ ਜਾਂਦੀ ਆ ਉਹਨੂੰ ਸਾਡੀ ਛਤਰੀ 'ਤੇ ਬੈਠਣਾ ਈ ਪੈਂਦਾ, ਭਾਵੇਂ ਔਖੀ ਹੋਵੇ ਭਾਵੇਂ ਸੌਖੀ। ਚੱਲ ਤੈਨੂੰ ਬਾਹਰਲੇ ਵਿਹੜੇ ਕਬੂਤਰੀਆਂ ਦਾ ਖੁੱਡਾ ਦਿਖਾਵਾਂ।" ਉਹ ਮੇਰੀ ਬਾਂਹ ਫੜਨ ਲੱਗਾ। ਮੈਂ ਧੱਕਾ ਮਾਰ ਕੇ ਪਰ੍ਹੇ ਸਿੱਟ-ਤਾ, ਸਰਪੱਟ ਘਰ ਨੂੰ ਭੱਜ-ਲੀ।

ਘਰੇ ਗਈ ਸਾਹ ਨਾਲ਼ ਸਾਹ ਨਾ ਰਲ਼ੇ। ਸ਼ਰਾਬੀ ਭਾਪਾ ਨਾਲ਼ ਦੇ ਕਮਰੇ 'ਚ ਘੁਰਾੜੇ ਮਾਰ ਰਿਹਾ ਸੀ।

"ਨੀ ਏਨਾ ਸਾਹ ਚਾੜ੍ਹਿਆ?" ਬੀਬੀ ਨੇ ਫੁਸਫੁਸਾ ਕੇ ਪੁੱਛਿਆ।

"ਨ੍ਹੇਰਾ ਤੀ ਭੱਜ ਕੇ ਆਈ ਆਂ।" ਮੈਂ ਦੋ-ਚਿੱਤੀ 'ਚ ਸਾਂ। ਡਫਰ ਦੀ ਗੱਲ ਦੱਸਾਂ ਜਾਂ ਨਾ। ਉਹਨੂੰ ਤਾਂ ਕਿਸੇ ਨੇ ਕੁਛ ਵੀ ਨਹੀਂ ਸੀ ਕਹਿਣਾ, ਘਰੋਂ ਨਿਕਲਣਾ ਮੇਰਾ ਬੰਦ ਹੋ ਜਾਣਾ ਸੀ।

ਮੰਜੇ 'ਤੇ ਪਈ ਡਫਰ ਦੀਆਂ ਹਰਕਤਾਂ ਬਾਰੇ ਸੋਚਦੀ ਰਹੀ। ਇਸ ਬਲਾ ਤੋਂ ਕਿਵੇਂ ਖਹਿੜਾ ਛੁਡਾਵਾਂ। ਇਹਨਾਂ ਦਾ ਟੱਬਰ ਏ ਗੰਦਾ। ਇਹਦਾ ਬਾਪ ਸਰਪੰਚ ਜਰਨੈਲ ਸਿੰਘ ਜਿਹੜਾ ਹੁਣ ਚੇਅਰਮੈਨ ਬਣ ਗਿਆ, ਉਹਨੂੰ ਕੋਈ ਘਰੇ ਵਾੜ ਕੇ ਰਾਜ਼ੀ ਨ੍ਹੀਂ, ਉਹ ਧੀ ਭੈਣ ਦਾ ਸਾਂਝੀ ਨ੍ਹੀਂ। ਉਹੀ ਕੰਮ ਡਫਰ ਦੇ ਨੇ।

– 0 –

ਜੇਲ੍ਹ 'ਚ ਮੇਰੇ ਆਲ਼ੇ-ਦੁਆਲ਼ੇ ਪੈਂਦੀਆਂ ਦੋਵਾਂ ਔਰਤਾਂ ਤੋਂ ਭੈਅ ਆਉਂਦਾ, ਇੱਕ ਔਰਤ ਸਿੰਦਰ ਨੇ ਆਪਣੇ ਪ੍ਰੇਮੀ ਨਾਲ਼ ਮਿਲਕੇ ਪਤੀ ਨੂੰ ਮਾਰ ਦਿੱਤਾ, ਮੈਂ ਸੋਚਦੀ ਉਹ ਆਪਣੇ ਪ੍ਰੇਮੀ ਨੂੰ ਕਿੰਨਾ ਪਿਆਰ ਕਰਦੀ ਹੋਣੀ ਆ, ਜਿਹੜਾ ਪਤੀ ਮਾਰ-ਤਾ। ਬਾਅਦ 'ਚ ਪਤਾ ਲੱਗਾ ਉਹਦਾ ਪ੍ਰੇਮੀ ਵੀ ਇਸੇ ਜੇਲ੍ਹ 'ਚ ਆਦਮੀਆਂ ਵਾਲੇ ਸੈੱਲ 'ਚ ਆ। ਹੁਣ ਇਹ ਉਹਨੂੰ ਬੁਲਾਉਂਦੀ ਵੀ ਨਹੀਂ। ਨਵਾਂ ਪ੍ਰੇਮੀ ਬਣਾ ਲਿਆ।

ਸੁਨੀਤਾ ਦੇਹ-ਵਪਾਰ ਅਤੇ ਚਿੱਟਾ ਵੇਚਣ ਦੇ ਕੇਸ 'ਚ ਆਈ ਹੋਈ ਸੀ। ਹੁਣ ਉਹ ਮੈਨੂੰ ਦੱਸਦੀ ਉਹ ਦੋ ਬੇੜੀਆਂ 'ਚ ਸਵਾਰ ਨਹੀਂ ਹੋਵੇਗੀ। ਚਿੱਟੇ ਆਲ਼ੇ ਕੰਮ 'ਚ ਬਹੁਤਾ ਖ਼ਤਰਾ ਉਹ ਨ੍ਹੀਂ ਕਰਨਾ। ਦੇਹ ਵੇਚੂੰਗੀ, ਮੇਰੀ ਚੀਜ਼ ਆ ਭਾਵੇਂ ਕਿਸੇ ਨੂੰ ਵੇਚਾਂ। ਉਨ੍ਹਾਂ ਦੀਆਂ ਗੱਲਾਂ ਸੁਣਕੇ ਮੇਰਾ ਦਿਮਾਗ ਸੁੰਨ ਹੋ ਗਿਆ। ਇੱਕ ਹੋਰ ਤੀਮੀ ਰਜਨੀ ਮੇਰਾ ਬਹੁਤ ਕਰਦੀ ਕਹਿੰਦੀ, "ਮੇਰਾ ਤੇਰੇ 'ਤੇ ਦਿਲ ਆ ਗਿਆ। ਤੂੰ ਮੈਨੂੰ ਜੇਲ੍ਹ 'ਚੋਂ ਬਾਹਰ ਮਿਲੀਂ। ਮੈਂ ਤੈਨੂੰ ਭਾਬੀ ਬਣਾਉਣਾ, ਮੇਰਾ ਇੱਕ ਮੂੰਹ-ਬੋਲਿਆ ਭਰਾ ਆ, ਕਰੋੜਪਤੀ ਆ, ਤੈਨੂੰ ਬਹੁਤ ਪਿਆਰ ਕਰੂਗਾ।" ਇੱਕ ਵਾਰ ਸ਼ੁਰੂ ਹੋ ਕੇ ਉਹ ਬੋਲਣੋਂ ਨਾ ਹਟਦੀ।

– 0 –

ਮੈਂ ਜੇਲ੍ਹ 'ਚ ਪੜ੍ਹਨ ਦਾ ਫ਼ੈਸਲਾ ਕਰ ਲਿਆ। ਪਲੱਸ ਟੂ ਤੋਂ ਲੈ ਕੇ ਬੀ.ਐੱਡ. ਤੱਕ ਉੱਥੇ ਹੀ ਕੀਤੀ। ਜਦ ਮਨ ਬਹੁਤਾ ਉਦਾਸ ਹੁੰਦਾ। ਸਾਥੀ ਕੈਦਣਾਂ ਦੀਆਂ ਤਸਵੀਰਾਂ ਬਣਾ ਦਿੰਦੀ। ਉਹ ਬਹੁਤ ਖ਼ੁਸ਼ ਹੁੰਦੀਆਂ।

ਲੰਬੜਦਾਰਨੀ ਮੇਰੇ ਨਾਲ਼ ਨੇੜਤਾ ਰੱਖਣ ਲੱਗੀ, ਸਮਝਾਉਂਦੀ, "ਜੇਲ੍ਹ ਸੁਪਰਡੈਂਟ ਤੇਰੇ 'ਚ ਰੁਚੀ ਰੱਖਦਾ, ਜਿਵੇਂ ਮੈਂ ਮੌਜਾਂ ਲੁੱਟਦੀ ਆਂ, ਜੇ ਤੈਂ ਲੁੱਟਣੀਆਂ ਨੇ ਤਾਂ ਦੱਸ।" ਹਫ਼ਤੇ 'ਚ ਛੇ ਦਿਨ ਸਾਹਬ ਦੇ ਰਿਹਾ ਕਰੀਂ, ਉਹਦਾ ਤਲਾਕ ਦਾ ਕੇਸ ਚੱਲਦਾ ਏਨੀ ਸੁਹਣੀ ਏਂ। ਤੂੰ ਉਹ 'ਤੇ ਮੰਤਰ ਮਾਰਦੀਂ, ਤੇਰੇ ਨਾਲ਼ ਵਿਆਹ ਕਰਵਾਲੂ। ਉਮਰ ਈ ਵੱਧ ਏ ਉਹਦੀ... ਇੱਕੋ ਦਿਨ ਤਾਂ ਕੋਈ ਜੰਮੇ ਹੋਏ ਨ੍ਹੀਂ ਹੁੰਦੇ।"

"ਭੈਣੇ ਤੂੰ ਹੀ ਮੌਜਾਂ ਕਰ।" ਕਹਿ ਕੇ ਮੈਂ ਉਹਦੇ ਕੋਲੋਂ ਤੁਰ ਜਾਂਦੀ।

ਜੇਲ੍ਹ ਸੁਪਰਡੈਂਟ ਸ਼ਿਕਾਰੀ ਸੀ, ਇਹ ਕੈਦਣ ਲੰਬੜਦਾਰਨੀ ਉਹਦੇ ਨੇੜੇ ਸੀ, ਜਿਹੜੀਆਂ ਕੈਦਣਾਂ 'ਤੇ ਉਹਦਾ ਦਿਲ ਆ ਜਾਂਦਾ ਇਹ ਉਨ੍ਹਾਂ ਨੂੰ ਤਿਆਰ ਕਰਦੀ ਉਹਦੇ ਨਾਲ਼ ਤੋਰ ਦਿੰਦੀ। ਕੈਦਣਾਂ ਇਹਦੀ ਪਿੱਠ ਪਿੱਛੇ ਉਹਨੂੰ 'ਮੌਸੀ' ਕਹਿੰਦੀਆਂ।

– 0 –

ਮੇਰੀ ਮੁਲਾਕਾਤ ਲਈ ਆਈ ਬੀਬੀ ਨੇ ਦੱਸਿਆ। ਮਕਾਨ ਵਿਕ ਗਿਆ। ਊਂ ਵੀ ਹੁਣ ਪਿੰਡ ਰਹਿਣ ਦਾ ਹੱਜ ਨਹੀਂ ਸੀ। ਲੋਕਾਂ ਦੇ ਮਿਹਣੇ ਤਾਅਨਿਆਂ ਨੇ ਬਹੁਤ ਤੰਗ ਕੀਤਾ ਹੋਇਆ। ਸ਼ਹਿਰ ਰਹਿਣ ਲੱਗ ਪਏ। ਬੀਬੀ ਨੇ ਕਈ ਘਰਾਂ ਦਾ ਕੰਮ ਸਾਂਭਿਆ ਹੋਇਆ। ਮੈਥੋਂ ਛੋਟੀ ਪ੍ਰੀਤੀ ਪੜ੍ਹਦੀ ਆ ਨਾਲ਼ੇ ਟਿਊਸ਼ਨ ਪੜ੍ਹਾਉਂਦੀ ਆ।

ਬੀਬੀ ਦੀ ਟੁੱਟੀ ਬਾਂਹ ਵਿੰਗੀ ਜੁੜ ਗਈ ਸੀ।

– 0 –

ਉਸ ਦਿਨ ਬੀਬੀ ਨੇ ਮੈਨੂੰ ਸਕੂਲ ਨਾ ਜਾਣ ਦਿੱਤਾ ਉਹਨੇ ਮਲੇਰਕੋਟਲੇ ਪਲੱਸਤਰ ਵਾਲ਼ੀ ਬਾਂਹ ਦਿਖਾਉਣ ਜਾਣਾ ਸੀ। ਬਾਂਹ 'ਚ ਚੀਸ ਪੈਣੋਂ ਨਾ ਹਟਦੀ। ਮੇਰਾ ਵੀ ਸਕੂਲ ਜਾਣ ਦਾ ਮਨ ਨਹੀਂ ਸੀ। ਬਾਥਰੂਮ ਵਾਲ਼ੀ ਘਟਨਾ ਤੋਂ ਬਾਅਦ ਬੱਚੇ ਮੈਨੂੰ ਆਵਾਜ਼ਾ ਕੱਸਦੇ, "ਬਿੱਲੀ ਬਾਥਰੂਮ 'ਚ ਫੜ–ਲੀ ਓਏ।" ਮੈਨੂੰ ਤੁਰਨਾ ਔਖਾ ਹੋ ਜਾਂਦਾ।

ਭਾਪਾ ਸਾਇਕਲ ਚੱਕ ਕੇ ਲਾਗਲੇ ਪਿੰਡ ਕੋਠੀ ਪਾਉਣ ਚਲਿਆ ਗਿਆ। ਛੋਟੀਆਂ ਸਕੂਲ ਚਲੀਆਂ ਗਈਆਂ। ਮੈਂ ਰੋਟੀ ਟੁੱਕ ਤੇ ਪਸ਼ੂਆਂ ਨੂੰ ਸਾਂਭਣ ਲਈ ਘਰ ਰਹਿਣਾ ਸੀ।

ਬੀਬੀ ਨੇ ਮੈਥੋਂ ਦੇਗ ਕਰਵਾਈ ਤੇ ਮਾਤਾ ਸਤੀ ਦੇ ਮੱਥਾ ਟੇਕਣ ਚਲੀ ਗਈ। ਕਿਸੇ ਤੋਂ ਪੈਸੇ ਉਧਾਰ ਲਿਆਈ ਝੋਲ਼ਾ ਚੱਕਿਆ, ਕਹਿੰਦੀ, "ਸਾਰੇ ਕੰਮ ਮੁਕਾ ਲਈ ਰਕਾਨ ਬਣ ਕੇ।" ਮਲੇਰਕੋਟਲੇ ਆਲ਼ੀ ਬੱਸ ਚੜ੍ਹਗੀ।

ਭਾਂਡੇ–ਟੀਂਡੇ ਦਾ ਕੰਮ ਨਿਬੇੜ ਵਿਹੜਾ ਸੰਭਰਿਆ ਫਿਰ ਡੰਗਰਾਂ ਵੱਲ ਗਈ, ਮਨ ਉਦਾਸ ਜਿਹਾ ਸੀ, ਛੇਤੀ ਕੰਮ ਨਿਬੇੜ ਕੇ ਪੇਂਟਿੰਗ ਕਰਨ ਦੀ ਸੋਚ ਰਹੀ ਸਾਂ।

ਮੀਣੀ ਮੱਝ ਕੀਲੇ ਨਾਲ਼ ਖੜ੍ਹੀ ਝੂਰ ਰਹੀ ਸੀ। ਉਹਦੇ ਸਿਰ 'ਤੇ ਹੱਥ ਫੇਰਿਆ। ਫਹੁੜੇ ਨਾਲ਼ ਗੋਹਾ ਪਿੱਛੇ ਹਟਾਇਆ, ਟੋਕਰਾ ਭਰ ਕੇ ਰੂੜ੍ਹੀ 'ਤੇ ਸਿੱਟ ਆਈ। ਮੱਝਾਂ ਨੂੰ ਸੰਨ੍ਹੀ ਰਲ਼ਾਉਣ ਲਈ ਤੂੜੀ ਆਲ਼ੇ ਕਮਰੇ 'ਚ ਚਲੀ ਗਈ। ਅਜੇ ਅੱਧਾ ਕੁ ਟੋਕਰਾ ਤੂੜੀ ਦਾ ਭਰਿਆ ਸੀ, ਪੈੜ–ਚਾਲ ਜਿਹੀ ਸੁਣੀ। ਪਿੱਛੇ ਮੁੜਕੇ ਦੇਖਿਆ ਉੱਥੇ ਕੋਈ ਨਹੀਂ ਸੀ। ਫਿਰ ਤੂੜੀ ਪਾਉਣ ਲੱਗੇ, ਕਿਸੇ ਨੇ ਪਿੱਛੋਂ ਆ ਕੇ ਮੇਰੀਆਂ ਅੱਖਾਂ ਬੰਦ ਕਰ ਲਈਆਂ। ਘਬਰਾ ਕੇ ਦੋਵਾਂ ਹੱਥਾਂ ਨਾਲ਼ ਅੱਖਾਂ ਛੁਡਾਉਣ ਲੱਗੀ। ਪਰ ਉਹਦੀ ਪਕੜ ਮਜਬੂਤ ਸੀ।

"ਕੌਣ ਆ?"

"ਬੁੱਝ ਕੌਣ?" ਮਰਦਾਵੀਂ ਆਵਾਜ਼ ਸੀ।

"ਮੇਰੀਆਂ ਅੱਖਾਂ ਛੱਡ।"

ਉਹਨੇ ਹੋਰ ਜ਼ੋਰ ਨਾਲ਼ ਅੱਖਾਂ ਘੁੱਟੀਆਂ।

"ਮੇਰਾ ਸਾਹ ਬੰਦ ਹੋ ਰਿਹਾ, ਅੱਖਾਂ ਛੱਡ ਨਹੀਂ ਮੈਂ ਰੌਲ਼ਾ ਪਾ ਦੇਣਾ।"

"ਜਾਹ ਪਾ ਲਾ ਰੌਲਾ।" ਕਹਿ ਕੇ ਉਹਨੇ ਅੱਖਾਂ ਤੋਂ ਹੱਥ ਚੁੱਕਿਆ। ਕਮਰੇ ਅੰਦਰ ਹਨੇਰਾ ਸੀ। ਦੂਜਾ ਉਹਨੇ ਮੇਰੀਆਂ ਅੱਖਾਂ ਏਨੇ ਜ਼ੋਰ ਨਾਲ਼ ਘੁੱਟੀਆਂ ਸੀ ਕੁਝ ਵੀ ਦਿਖਾਈ ਨਾ ਦੇਵੇ। ਆਵਾਜ਼ ਮੈਂ ਸਿਆਣ ਲਈ ਸੀ। ਕਿੰਦਾ ਡਫਰ ਸੀ।

"ਤੇਰੇ ਕਰਕੇ ਮੇਰਾ ਨਾਂ ਸਕੂਲੋਂ ਕੱਟਿਆ ਗਿਆ, ਬਿੱਲੀਏ, ਕਬੂਤਰੀਏ।" ਡਫਰ ਨੇ ਰੂੜ੍ਹੀ 'ਤੇ ਗੋਹਾ ਸੁੱਟ ਕੇ ਆਉਂਦੀ ਨੂੰ ਦੇਖ ਲਿਆ ਹੋਣਾ।

"ਚਲਿਆ ਜਾਹ ਜੇ ਭਲੀ ਚਾਹੁੰਨੈ, ਨਹੀਂ ਮੈਂ ਰੌਲ਼ਾ ਪਾ ਦੇਣਾ।"

"ਅੱਗ ਦੀਏ ਲਾਟੇ, ਜਾਣ ਨੂੰ ਨ੍ਹੀਂ ਆਇਆ।"

ਮੈਂ ਬਾਹਰ ਨੂੰ ਭੱਜਣ ਲੱਗੀ ਉਹਨੇ ਜੱਫੀ ਪਾ ਕੇ ਤੂੜੀ 'ਤੇ ਸਿੱਟ ਲਿਆ। ਮੇਰੀ ਚੀਕ ਉਹਨੇ ਮੂੰਹ ਤੇ ਹੱਥ ਰੱਖ ਕੇ ਰੋਕ ਦਿੱਤੀ।

"ਮੈਨੂੰ ਜਾਣ ਦੇ ਮੈਂ ਤੇਰੀ ਭੈਣ ਵਰਗੀ ਆਂ।" ਮੈਂ ਤਰਲਾ ਲਿਆ।

ਡਫਰ ਤੇ ਕਿਸੇ ਗੱਲ ਦਾ ਅਸਰ ਨਹੀਂ ਸੀ ਹੋ ਰਿਹਾ।

ਮੈਂ ਰੌਲ਼ਾ ਪਾਉਣ ਲੱਗੀ ਉਹਨੇ ਹੱਥ ਨਾਲ਼ ਮੂੰਹ ਦਬਾ ਦਿੱਤਾ। ਚੁੰਨੀ ਨਾਲ਼ ਬੰਨ੍ਹ ਦਿੱਤਾ। ਕਮਰਾ ਤੂੜੀ ਦੀ ਗਰਦ ਨਾਲ਼ ਭਰਿਆ ਪਿਆ ਸੀ। ਮੇਰੇ ਕੱਪੜੇ ਪਾੜ ਕੇ ਲਾਹ–ਤੇ। "ਅੱਜ ਛੱਤਰੀ 'ਤੇ ਲਹੁਣਾ ਈ ਲਹੁਣਾ।" ਮੈਂ ਉਹਦੇ ਮੂੰਹ ਤੇ ਘਰੂਟ ਭਰ ਲਿਆ। ਉਹਨੇ ਬਾਂਹ ਮਰੋੜ ਕੇ ਥੱਪੜ ਮਾਰੀ। ਮੈਂ ਲੱਤਾਂ ਮਾਰ–ਮਾਰ ਨੇੜੇ ਨਾ ਲੱਗਣ ਦੇਵਾਂ। ਉਹਨੇ ਬਾਂਹਾਂ ਛੱਡ ਕੇ ਲੱਤਾਂ ਫੜ ਲਈਆਂ। ਮੈਂ ਡੁੱਬ ਰਹੇ ਬੰਦੇ ਵਾਂਗ ਹੱਥ ਪੈਰ ਮਾਰ ਰਹੀ ਸੀ। ਅਚਾਨਕ ਮੇਰਾ ਹੱਥ ਤੰਗਲ਼ੀ ਨੂੰ ਪੈ ਗਿਆ। ਮੈਂ ਤੰਗਲ਼ੀ ਚੱਕ ਕੇ ਡਫਰ 'ਤੇ ਪੂਰੇ ਜ਼ੋਰ ਨਾਲ਼ ਵਾਰ ਕਰ ਦਿੱਤਾ। ਉਹਦੇ ਢਿੱਡ 'ਚ ਤੰਗਲੀ ਦੀਆਂ ਸੁੱਤਾਂ ਖੁਭ ਗਈਆਂ। ਉਹ ਚੀਕ ਮਾਰ ਤੜਫਦਾ ਪਿੱਛੇ ਨੂੰ ਡਿੱਗ ਪਿਆ। ਮੇਰੇ ਸਿਰ 'ਤੇ ਭੂਤ ਸਵਾਰ ਸੀ ਉਨਾ ਚਿਰ ਮਾਰਦੀ ਰਹੀ ਜਦੋਂ ਤੱਕ ਉਹ ਖ਼ੂਨ ਨਾਲ਼ ਲੱਥਪੱਥ ਨਹੀਂ ਹੋ ਗਿਆ। ਪਾਟੀ ਸਲਵਾਰ ਤੇ ਕਮੀਜ਼ ਪਾਈ ਤੂੜੀ ਆਲ਼ੇ ਕਮਰੇ 'ਚੋਂ ਭੱਜ ਕੇ ਨਿਕਲ਼ੀ। ਗੁਸਲਖ਼ਾਨੇ 'ਚ ਜਾ ਕੇ ਕੱਪੜੇ ਬਦਲੇ, ਲਾਹੇ ਹੋਏ ਖ਼ੂਨ ਨਾਲ਼ ਲਿੱਬੜੇ ਕੱਪੜੇ ਲਿਫ਼ਾਫ਼ੇ 'ਚ ਪਾ ਕੇ, ਘਰੋਂ ਭੱਜ ਗਈ।

ਸਕੂਲੋਂ ਆ ਕੇ ਛੋਟੀਆਂ ਮੈਨੂੰ ਲੱਭ ਰਹੀਆਂ ਸੀ। ਜਦੋਂ ਡੰਗਰਾਂ ਵੱਲ ਗਈਆਂ, ਤੂੜੀ ਵਾਲ਼ੇ ਕਮਰੇ 'ਚ 'ਲਾਸ਼' ਦੇਖ ਉਹਨਾਂ ਦੀਆਂ ਲੇਰਾਂ ਨਿੱਕਲ਼ ਗਈਆਂ। ਲੋਕ ਇਕੱਠੇ ਹੋਗੇ। ਗੱਲ ਸਾਰੇ ਅੱਗ ਵਾਂਗੂੰ ਫੈਲ–ਗੀ। ਕਿੰਦਾ, ਚੇਅਰਮੈਨ ਦਾ ਇਕਲੌਤਾ ਮੁੰਡਾ ਸੀ। ਗੱਡੀ 'ਚ ਪਾ ਕੇ ਸ਼ਹਿਰ ਹਸਪਤਾਲ ਨੂੰ ਲੈ ਭੱਜੇ।

ਪੁਲਿਸ ਪਹੁੰਚ ਗਈ।

ਭਾਪਾ ਪੁਲਿਸ ਨੂੰ ਕਹੀ ਜਾਵੇ, "ਕਿਸੇ ਦੁਸ਼ਮਣ ਦਾ ਕੰਮ ਆ, ਮਾਰ ਕੇ ਸਾਡੇ ਘਰ ਸਿੱਟ ਗਿਆ। ਮੈਨੂੰ ਫਸਾਉਣ ਨੂੰ।"

ਨਾਨਕੀਂ ਜਾ ਕੇ ਪਤਾ ਲੱਗਾ। ਭਾਪੇ ਤੇ ਬੀਬੀ ਨੂੰ ਪੁਲਿਸ ਲੈਗੀ ਸੀ। ਮਾਮਾ ਤਿੰਨਾਂ ਭੈਣਾਂ ਨੂੰ ਲੈ ਆਇਆ। ਕਿੰਦਾ ਡਫਰ ਬਚ ਗਿਆ, ਉਹ ਹਸਪਤਾਲ 'ਚ ਸੀ।

ਕਈ ਦਿਨਾਂ ਬਾਅਦ ਡਫਰ ਨੂੰ ਸੁਰਤ ਆਈ। ਉਹਨੇ ਬਿਆਨ ਦੇ ਦਿੱਤਾ। ਪੁਲਿਸ ਮੈਨੂੰ ਲੱਭਣ ਲੱਗੀ।

ਸਾਰੀਆਂ ਰਿਸ਼ਤੇਦਾਰੀਆਂ 'ਚ ਛਾਪੇ ਮਾਰੇ। ਬਾਹਰੋ-ਬਾਹਰ ਜ਼ਮਾਨਤ ਨਾ ਹੋਈ। ਮੈਨੂੰ ਪੇਸ਼ ਹੋਣਾ ਪਿਆ। ...ਤੇ ਹੁਣ ਜੇਲ੍ਹ ਕੱਟ ਰਹੀ ਆਂ। ...ਕਿੰਦਾ ਡਫਰ ਹੋਰ ਕਬੂਤਰੀਆਂ ਫੜਦਾ ਫਿਰਦਾ ਹੋਣਾ।

ਜਿੱਦਣ ਜੇਲ੍ਹ 'ਚ ਗਈ, 'ਲੰਬੜਦਾਰਨੀ' ਨੇ ਪੁੱਛਿਆ, 'ਕੀ ਕਰਕੇ ਆਈ ਏਂ?'

"ਤਿੰਨ ਸੌ ਸੱਤ ਜਾਂ ਦੋ।" ਮੈਂ ਪੁਲਿਸ ਤੋਂ ਸੁਣੀ ਗੱਲ ਉਹਨੂੰ ਦੱਸੀ ਸੀ।

ਉਹ ਹੱਸ ਪਈ, "ਮੈਂ ਤਾਂ ਸੋਚਦੀ ਸੀ, ਚਾਰ ਸੌ ਵੀਹ 'ਚ ਆਈ ਏਂ। ਜਿਹੜੀਆਂ ਬਾਹਰ ਭੇਜਣ ਦਾ ਫਰਾਡ ਕਰਦੀਆਂ।"

- 0 -


ਸਜ਼ਾ ਕੱਟ ਕੇ ਬਾਹਰ ਆਈ। ਸਨਫਲਾਵਰ ਸਕੂਲ 'ਚ ਪੜ੍ਹਾਉਣ ਲੱਗੀ। ਜਦੋਂ ਉਹਨਾਂ ਨੂੰ ਜੇਲ੍ਹ ਕੱਟੀ ਦਾ ਪਤਾ ਲੱਗਾ, ਉਹਨਾਂ ਹਟਾ ਦਿੱਤਾ। ਹੁਣ ਪੇਂਟਿੰਗਾਂ ਤੇ ਬਿਊਟੀ ਪਾਰਲਰ ਦਾ ਕੰਮ ਕਰਨ ਲੱਗੀ। ਕਲਾ ਭਵਨ 'ਚ ਪੇਂਟਿੰਗਾਂ ਦੀ ਪਰਦਰਸ਼ਨੀ ਸੀ। ਮੈਂ ਵੀ ਪ੍ਰਧਾਨ ਦੀ ਇਜਾਜ਼ਤ ਨਾਲ ਆਪਣੀਆਂ ਤਸਵੀਰਾਂ ਦੀ ਪਰਦਰਸ਼ਨੀ ਲਗਾ ਦਿੱਤੀ। ਲੋਕਾਂ ਦਾ ਉਤਸ਼ਾਹ ਦੇਖ ਹੈਰਾਨ ਰਹਿ ਗਈ। ਉਹ ਮੇਰੀਆਂ ਬਣਾਈਆਂ ਪੇਂਟਿੰਗਾਂ ਪਸੰਦ ਕਰ ਰਹੇ ਸੀ। ਕਈ ਤਸਵੀਰਾਂ ਵਿਕ ਗਈਆਂ, ਇੱਕ ਤਸਵੀਰ ਜਿਸ ਵਿੱਚ ਔਰਤ ਖਿੜ-ਖਿੜਾ ਕੇ ਹੱਸ ਰਹੀ ਹੈ, ਉਹਦੀਆਂ ਅੱਖਾਂ 'ਚ ਹੰਝੂ ਵਗ ਰਹੇ ਨੇ। ਅਤੇ ਦੂਜੀ 'ਬਲੀਡਿੰਗ ਹਾਰਟ' ਫੁੱਲਾਂ ਦੀ ਤਸਵੀਰ ਸੀ— ਦਿਲ ਵਰਗੇ ਫੁੱਲ ਜਿਵੇਂ ਜ਼ਖ਼ਮੀ ਹੋਣ ਲਹੂ ਚੋਅ ਰਿਹਾ ਹੋਵੇ। ਉਹ ਲੱਖ ਰੁਪਏ ਦੀ ਵਿਕ ਗਈ।

ਦੂਜੇ ਦਿਨ ਸਾਰੀਆਂ ਅਖ਼ਬਾਰਾਂ, ਟੀ.ਵੀ. ਸੋਸ਼ਲ ਮੀਡੀਆ 'ਤੇ ਮੇਰੀਆਂ ਤਸਵੀਰਾਂ ਸਨ ਅਤੇ ਤਸਵੀਰਾਂ ਦੀ ਚਰਚਾ ਸੀ।

ਘਰ ਆ ਕੇ ਚੈੱਕ ਬੀਬੀ ਦੇ ਪੈਰਾਂ 'ਚ ਰੱਖ ਦਿੱਤਾ। ਉਹ ਜੱਫੀ ਪਾ ਕੇ ਕਹਿੰਦੀ, 'ਬਦਕਾਰ।' ਉਹਦੀਆਂ ਅੱਖਾਂ 'ਚੋਂ ਹੰਝੂ ਵਗ ਤੁਰੇ।

**94633-52107**

## ਅਲਵਿਦਾ
## ਨੀਲੇ ਸ਼ੀਸ਼ੇ / ਹਰਭਜਨ ਸਿੰਘ ਹੁੰਦਲ



ਇਹਨਾਂ ਧੁੱਪ ਐਨਕਾਂ ਵਿਚ ਦੀ
ਇਸ ਜੀਵਨ ਨੂੰ
ਤੂੰ ਵੇਖਣ ਦੀ ਆਦੀ ਹੋਈ
ਠੀਕ ਹੈ ਇਹਨਾਂ ਸ਼ੀਸ਼ਿਆਂ ਵਿਚ ਦੀ
ਇਸ ਜੀਵਨ ਦੇ ਕੋਝੇ ਕੋਝੇ
ਕਾਲੇ ਕਾਲੇ ਦ੍ਰਿਸ਼ ਚੁਫੇਰੇ
ਤੈਨੂੰ ਨੀਲੇ ਨੀਲੇ ਦਿਸਦੇ
ਪਰ ਤੈਨੂੰ ਮੈਂ ਇਕ ਗੱਲ ਦੱਸਾਂ
ਇਹਨਾਂ ਨੀਲੇ ਰੰਗਾਂ ਤੋਂ ਵੱਖਰੇ ਵੀ
ਇਸ ਜੀਵਨ ਵਿਚ ਰੰਗ ਅਨੇਕਾਂ
ਤੇਰੀਆਂ ਧੁੱਪ ਐਨਕਾਂ ਤੱਕ ਕੇ
ਤੇਰੇ ਉਤੇ
ਮੈਨੂੰ ਬੜਾ ਤਰਸ ਹੈ ਆਉਂਦਾ
ਤੇਰੀ ਹਾਲਤ ਸਾਵਣ ਦੇ ਉਸ ਅੰਨ੍ਹੇ ਵਰਗੀ
ਜਿਸ ਨੂੰ ਇਸ ਧਰਤੀ ਦੇ ਉਤੇ
ਹਰਿਆਵਲ ਹਰਿਆਵਲ ਦਿਸਦੀ
ਜੇ ਤੂੰ ਆਪਣੇ ਚਾਰ ਚੁਫੇਰੇ
ਇਸ ਜੀਵਨ ਦਾ
ਅਸਲੀ ਰੂਪ ਵੇਖਣਾ ਲੋਚੇਂ
ਤਾਂ ਤੈਨੂੰ ਮੈਂ
ਏਨਾ ਹੀ ਬਸ ਕਹਿ ਸਕਦਾ ਹਾਂ
ਆਪਣੀਆਂ ਕਾਲੀਆਂ ਅੱਖਾਂ ਉਤੇ
ਧੁੱਪ ਐਨਕਾਂ ਲਾਇਆ ਨਾ ਕਰ
ਵੰਨ-ਸਵੰਨੇ, ਇਸ ਜੀਵਨ ਦੇ
ਰੰਗ ਵੇਖਣ ਤੋਂ
ਡਰਿਆ ਤੇ ਘਬਰਾਇਆ ਨਾ ਕਰ।

# ਕਵਿਤਾਵਾਂ / ਓਂਕਾਰਪ੍ਰੀਤ



## ਬਾਬਾ ਦੇ ਕੁਛ ਲਗਦੇ ਅਸੀਂ...


ਬਾਬੇ ਆਖਿਆ ਅਕਾਲ ਮੂਰਤ।
ਅਸੀਂ ਬਾਬੇ ਦੀਆਂ ਹੀ ਮੂਰਤਾਂ
ਬਣਾਈਆਂ
ਪੂਜਣ ਲੱਗੇ!
ਬਾਬੇ ਸੋਧੇ ਆਪਣ ਹੱਥੀਂ ਅਪਣੇ ਕਾਜ
ਅਸੀਂ ਅਪਣੇ ਹਰ ਕੰਮ ਲਈ
ਬਾਬੇ ਅੱਗੇ ਸੋਧਣ ਲੱਗੇ ਅਰਦਾਸਾਂ!
ਬਾਬੇ ਸਿਖਾਇਆ ਸਭ ਚੋਂ ਤੱਕਣੀ
ਇਕ-ਜੋਤ
ਅਸੀਂ ਜਾਤਾਂ 'ਚ ਵੰਡ ਲਏ
ਬਾਬੇ ਦੇ ਹੀ ਸਿੱਖ!
ਬਾਬੇ ਕੂੜ ਦੱਸਿਆ ਜੋ ਸੋਨਾ
ਅਸੀਂ ਓਸੇ ਸੋਨੇ 'ਚ ਹੀ ਮੜ੍ਹ ਦਿਤਾ
ਬਾਬੇ ਦੇ ਨਾਂ ਦਾ ਸਭ ਕੁਛ!
ਬਾਬੇ ਕਹਿਆ, 'ਬਲਿਹਾਰੀ ਕੁਦਰਤ
ਵਸਿਆ'
ਅਸੀਂ ਬਾਬੇ ਦੇ ਸਭ ਪੈੜ-ਚਿੰਨ
ਦਫਨਾ ਦਿੱਤੇ
ਗੈਰ-ਕੁਦਰਤੀ ਜਲ-ਜਲੌਅ ਵਿੱਚ!
ਬਾਬੇ ਦੇ ਸ਼ਬਦਾਂ ਦੱਸਿਆ ਨਾਸ਼ਮਾਨ
ਹਰ ਦੇਹ ਆਕਾਰ
ਅਸੀਂ ਬਾਬੇ ਦੀ ਉਹ ਸ਼ਬਦ ਪੋਥੀ ਹੀ
ਦੇਹ ਬਣਾ ਧਰੀ!
ਜੇ ਬਾਬਾ ਹੈ 'ਉਹ ਬਾਬਾ'
ਤੇ ਅਸੀਂ ਹਾਂ 'ਇਹ ਅਸੀਂ'
ਤਾਂ ਹੋਰ ਜੋ ਮਰਜ਼ੀ ਹੋਈਏ ਅਸੀਂ
ਪਰ 'ਉਸ ਬਾਬੇ' ਦੇ ਕੁਛ ਲੱਗਦੇ
ਨਹੀਂ!

## ਵਿਸਾਖੀ...

ਬੱਸ ਸੁਫਨਾ ਹੀ ਰਹੀ
ਚਾਤ੍ਰਿਕ ਦੀ ਦੱਸੀ ਕਿਹੀ
ਦਮਾਮੇ ਮਾਰਦੀ ਵਿਸਾਖੀ
ਮੈਂ ਤਾਂ ਦੇਖੇ
ਤੂੜੀ ਤੰਦ ਸਾਭ
ਮੰਡੀ ਆੜਤੀਏ ਕੋਲੋਂ
ਘਰ ਮੁੜਦੇ ਮਸੋਸੇ ਚਿਹਰੇ
ਮੁਟਿਆਰ ਧੀਅ ਦੇ ਕਾਰਜ ਲਈ
ਐਤਕਾਂ ਫੇਰ ਥੁੜ ਗਏ ਪੈਸੇ।
ਵਿਸਾਖੀਆਂ ਤੇ
ਸੰਮਾਂ ਵਾਲੀ ਡਾਂਗ ਹਮੇਸ਼ਾ
ਜ਼ੋਰਾਵਰਾਂ ਦੀ ਹੀ ਲਿਸ਼ਕੀ
ਕਿਰਤੀਆਂ ਦੇ ਵਿਹੜਿਆਂ ਦਾ
ਨਸੀਬ ਬਣੇ ਰਹੇ
ਬਾਘੀਆਂ ਪਾਉਂਦੇ
ਚੁਬਾਰਿਆਂ ਤੋਂ ਡਿਗਦੇ
ਡੱਟ ਪਹਿਲੇ ਤੋੜ ਦੀਆਂ ਬੋਤਲਾਂ ਦੇ।
ਕਿਸੇ ਛਿੰਝ 'ਚ ਨਹੀਂ
ਸਗੋਂ ਉਹਨਾਂ ਦੇ ਘਰੀਂ ਹੀ
ਕਿੱਸੂ ਤੇ ਸੁਰੈਣੇ ਨੂੰ ਢਾਹੁੰਦੀ ਰਹੀ
ਉਹਨਾਂ ਦੇ ਮੋਢੇ ਲਾਉਂਦੀ ਰਹੀ
ਲੰਬੜਾਂ ਦੀ ਹਵੇਲੀ ਵਲੋਂ ਆਉਂਦੀ
ਰਿਝਦੇ ਮੀਟ ਦੀ ਵਾਸ਼ਨਾ।
ਵਿਸਾਖੀ ਤੇ
ਜਲੇਬੀਆਂ ਕੱਢਦੇ ਸੋਮੇ ਦੀ ਭੱਠੀ
ਭਰਦੀ ਰਹੀ ਪਹਿਲੇ ਪੂਰ ਨਾਲ ਪਰਾਤਾਂ
ਵੱਡੇ ਘਰਾਂ ਦੇ ਕਾਕਿਆਂ ਦੀਆਂ
ਛੋਟੇ ਘਰਾਂ ਦੇ ਡੋਲੂ ਫਾਡੀ ਰਹਿ
ਝੂਰਦੇ ਰਹੇ ਅਪਣੇ ਪਾਅ ਦੋ ਪਾਅ।
ਵਿਸਾਖੀ ਦੇ ਦਿਨ ਤੇ
ਗੁਰੂ ਘਰ ਵਿੱਚ ਕਦੇ
ਕਿਸੇ ਨੇ ਸਿਰ ਨਾ ਮੰਗਿਆ
ਨਾ ਬਖਸ਼ਿਆ
ਅਣਖ ਤੇ ਸਿਰਦਾਰੀ ਦੀ ਥਾਂ
ਵਰਤਦਾ ਰਿਹਾ ਬੱਸ ਕੜਾਹ ਪ੍ਰਸ਼ਾਦ
ਮੁੜਦਾ ਰਿਹਾ ਮੈਂ ਹਮੇਸ਼ਾ
ਗੁਰੂ ਦੀ ਗੋਲਕ 'ਚ ਪਾ
ਚੁਆਨੀ, ਠਿਆਨੀ ਜਾਂ
ਇਕ ਦੋ ਡਾਲਰ, ਪੌਂਡ ਦੀ ਭੇਟਾ।
ਕਥਾ ਕਥਾਵੀਂ ਦੱਸੀ ਭਾਖੀ
ਉਹ ਹਰ ਤਰਫ਼ ਇਕਸਾਰ
ਆਨੰਦ ਛਾਉਂਦੀ ਵਿਸਾਖੀ
ਨਾ ਦੇਖੀ ਨਾ ਚਾਖੀ
ਕਿ ਬੱਸ ਸੁਫਨਾ ਹੀ ਰਹੀ
ਦਮਾਮੇ ਮਾਰਦੀ ਵਿਸਾਖੀ।

## ਵਾਇਰਸ ਪੰਜਾਬ ਦੇ...

ਜੀਣ ਵਿੱਚੋਂ ਜੀਰ ਰਹੇ
ਸਰਬ ਸਾਂਠੀਵਾਲਤਾ
ਬੋਲ ਬਾਣੀ ਚੋਂ ਗੁਆ ਰਹੇ
ਮਿੱਠ੍ਹਤ ਨੀਵੀਂ
ਅਣਖ ਨੂੰ ਭੁਲਾ ਰਹੇ
ਦੁੱਲੇ ਭੱਟੀ
ਕਿਰਤ ਦਾ ਮੁੜ੍ਹਕਾ ਲਹੂ
ਰੋਲ਼ਣ ਫੁਕਰਾਪੰਥੀ ਜੂਹ
ਸੋਚ ਫਿਕਰ ਚੋਂ ਮੁਕਾ ਰਹੇ
ਸਿਰਦਾਰ ਭਗਤ ਸਿੰਘ
ਹਿੰਦ ਦੀ ਚਾਦਰ ਵੇਚ ਰਹੇ
ਮਿਹਣਿਆਂ ਦੇ ਭਾਅ
ਨਾਨਕ ਚੋਂ ਮਨਫੀ ਕਰ ਰਹੇ
ਗੋਸ਼ਟ ਤੇ ਉਦਾਸੀਆਂ
ਸਿੱਖੀ ਸੰਚਾਰ ਤੋਂ ਪਹਿਲਾਂ
ਕਰ ਰਹੇ ਅੰਮ੍ਰਿਤ ਸੰਚਾਰ
ਖ਼ਾਲਸੇ ਚੋਂ ਘਟਾ ਰਹੇ
ਖ਼ਾਲਸ ਕਣ ਕਣ
ਇੱਕਨੂਰ ਦਾ ਮੁੱਜਸਮਾਂ
ਦੱਸ ਰਹੇ ਦੇਹ ਦਾ ਕ੍ਰਿਸ਼ਮਾਂ
ਧੁਰਮੱਤ ਗੁਰਮੱਤ ਕਰ ਰਹੇ
ਮਨਮਤ ਹੂੜਮੱਤ
ਪੱਗਾਂ ਚੋਂ ਗਾਇਬ ਸਿਰ
ਕਰ ਰਹੇ ਸੂਰਤਾਂ, ਬੇ-ਸੀਰਤ
ਵਾਇਰਸ ਪੰਜਾਬ ਦੇ
ਬਣ ਪੰਜਾਬ ਦੇ ਵਾਰਿਸ
ਪੰਜਾਬ ਵਿੱਚੋਂ ਹੌਲੀ ਹੌਲੀ
ਮੇਟ ਰਹੇ ਪੰਜਾਬੀਅਤ।



## ਅਜੇ ਤਾਪ ਹੈ

ਅਜੇ ਤਾਪ ਹੈ
ਹੱਡੀਆਂ 'ਚ

ਕੁਝ ਦੇਰ ਮੌਤ ਦੀਆਂ
ਕਵਿਤਾਵਾਂ ਲਿਖਾਂਗਾ
ਜਾਂ ਉਨ੍ਹਾਂ ਪਾਪਾਂ ਦੀਆਂ
ਜਿਨ੍ਹਾਂ ਦੀ ਸਜਾ
ਨਹੀਂ ਮਿਲੀ ਅਜੇ

ਇਕ ਜੁਰਮ ਹੋਰ ਕਰਾਂਗਾ
ਗੁਨਾਹਗਾਰ ਹੋਣ ਤੋਂ ਸਿਵਾ
ਨਹੀਂ ਕੋਈ
ਚਾਰਾ

ਜੀਵਨ ਪੇਚੀਦਾ ਹੈ
ਤਿਆਗਣ ਲਈ ਕੁਝ ਨਹੀਂ
ਕੋਲ ਮੇਰੇ
ਮੁੱਠੀ ਭਰ ਸੁਪਨੇ ਨੇ
ਨੀਂਦ 'ਚ ਪੀਸਾਂਗਾ

ਆਉਣ ਵਾਲੇ
ਦਿਨਾਂ 'ਚ ਰੱਖਾਂਗਾ
ਬੀਤੀ ਹੋਈ ਰਾਤ

ਜ਼ੇ ਕੁਝ ਵੀ
ਨਾ ਹੋ ਸਕਿਆ ਤਾਂ
ਕਿਸੇ ਆਲਸੀ ਵਾਂਗ
ਹੌਲੀ ਹੌਲੀ ਉਤਾਰਾਂਗਾ
ਸਿਮਰਤੀਆਂ ਦਾ
ਪੁਰਾਣਾ ਕੋਟ

ਅਜੇ ਤਾਪ ਹੈ
ਤੇਰੀ ਸੀਤ 'ਚ ਮਰਾਂਗਾ....

## ਉਹੀ

ਉਹੀ
ਉੱਲੂ ਦੇ
ਪੰਜੇ 'ਚੋਂ ਛੁੱਟ ਕੇ
ਆ ਗਈ ਸਵੇਰ

ਉਹੀ
ਬਾਰਿਸ਼ ਟਪਕ ਰਹੀ
ਉਨੀਂਦੀਆਂ ਛੱਤਾਂ
ਦੀਆਂ ਦਰਾੜਾਂ 'ਚੋਂ

ਉਹੀ ਇਕੱਲੇ
ਰਹਿਣ ਦੀ ਆਦਤ
ਭਟਕ ਰਹੀ
ਭੀੜ 'ਚ

ਪੂਰੀਆਂ ਗਰਮੀਆਂ
ਮੇਰੇ ਸੰਜਮੀ ਰਹਿਣ ਦਾ
ਏਨਾ ਹੀ ਹੋਇਆ
ਮੌਸਮ ਤੇ ਅਸਰ

ਕਿ ਮੇਰੀਆਂ ਤੈਹਾਂ ਉਧੇੜਦੀ
ਫੇਰ ਆ ਗਈ

ਉਹੀ ਜਨਵਰੀ

ਕੰਬਦੀ ਦੇਹ 'ਚ ਤੇਰੀ
ਸੀਤ ਲੈ....

## ਨਕਾਬ ਹਟਾ

ਏਨੇ ਕੋਣਾਂ ਤੋਂ ਕੌਣ ਵੇਖ ਸਕਦਾ
ਤ੍ਰਾਸਦੀ ਆਪਣੀ

ਸੂਰਜ ਸੂਰਜ ਹੈ
ਮਲਾਹ ਨਹੀਂ ਆਕਾਸ਼ ਦਾ

ਗੱਲ ਚੋਂ ਗੱਲ ਨਹੀਂ
ਸਿਰਫ਼ ਧੁੱਪ ਕੱਢਦਾ

ਤੂੰ ਜੋ ਸੋਚਿਆ
ਤੇਰੇ ਨਕਾਬ 'ਚੋਂ
ਕਿਸੇ ਹੋਰ ਨੂੰ ਚੁੰਮ ਲਵਾਂ
ਮੁਮਕਿਨ ਹੈ

ਪਰ ਮੋਰ ਕਿਵੇਂ ਨੱਚੇਗਾ
ਖਾਲੀ ਨਦੀ 'ਚ

ਮੀਲ-ਪੱਥਰ ਆਪਣੇ ਤੋਂ
ਲਿਖੀ ਦੂਰੀ ਤੋਂ
ਹੋ ਜਾਵੇਗਾ ਮੁਨਕਰ

ਕੀ ਪਰਾਇਆ ਖਜਾਨਾ ਵੇਖ
ਤੇਰੇ ਕੋਲੋਂ
ਆਪਣਾਇਤ ਮੰਗਣ ਲਈ
ਭਿਖਾਰੀ ਹੋ ਜਾਵਾਂ

ਤ੍ਰਾਸਦੀ ਦਾ ਕੀ
ਬਣ ਜਾਣਗੇ ਤੇਰੇ
ਮੇਰੇ ਹੋਰ ਕੌਣ

ਨਕਾਬ ਹਟਾ

ਮੈਂ ਕਿਸ਼ਤਾਂ 'ਚ ਨਹੀਂ
ਯਕ-ਮੁਸ਼ਤ ਆਪਣਾ
ਚਿਹਰਾ
ਬਦਲਣਾ ਚਾਹੁੰਦਾ।

## ਕਵਿਤਾਵਾਂ / ਜਸਪਾਲ ਧਾਮੀ



### ਗਿਠਮੁਠੀਏ

ਕਥਨੀਆਂ ਦੇ
ਹਵਾਈ ਘੋੜਿਆਂ ਦੇ
ਸ਼ਾਹ-ਅਸਵਾਰ
ਜ਼ਿੰਦਗੀ ਦੀ
ਹਰ ਰੌਅ ਦੇ ਰਹਿਬਰ
ਬਣਨ ਹਰ
ਧੜਕਣ ਦੇ ਤਰਜ਼ਮਾਨ
ਖ਼ੁਦ ਨੂੰ ਮਹਾਂਬਲੀ, ਮਸੀਹੇ,
ਮਹਾਂਨਾਇਕ ਅਖਵਾਉਣ
ਦਰ ਹਕੀਕਤ
ਬੌਨੇ ਕਿਰਦਾਰ,
ਗਿਠ-ਮੁਠੀਏ-
ਸ਼ਾਹ-ਸੁਲਤਾਨ
ਜਨੂੰਨੀ ਨਫ਼ਰਤਾਂ ਦੇ
ਫ਼ਰੇਮਾਂ ਅੰਦਰ
ਮੁਹੱਬਤਾਂ ਦੀਆਂ
ਪਾਕ-ਮੂਰਤਾਂ ਲਗਾਉਣ
ਸੰਦਲੀ ਹਵਾਵਾਂ ਦੇ
ਖੰਭ, ਕਰਨ ਮੈਲੇ
ਹਵਨ ਦੀ ਸੁੱਚੀ ਅੱਗ ’ਚੋਂ,
ਬੀੜੀਆਂ ਸੁਲਗਾਉਣ
ਪੈਗੰਬਰੀ ਸੋਚ ਦੇ
ਪਵਿੱਤਰ ਪਾਣੀਆਂ ਅੰਦਰ
ਕੂੜ-ਖਿਆਲਾਂ ਦਾ
ਕਚਰਾ ਰਲਾਉਣ
ਸੁੱਚੀ-ਚੁੱਪ ਦੇ
ਸ਼ਾਂਤ ਮੱਠਾਂ ਅੰਦਰ,
ਕਮੀਨੇ ਬੋਲਾਂ ਦੀ
ਬੇਤਾਲੀ ਡਫਲੀ ਵਜਾਉਣ
ਆਪਣੀਆਂ ਗਰਜ਼ਾਂ ਦੀ ਹੀ
ਕਰਨ ਪਰਿਕਰਮਾ।
ਸਿਰਫ਼ ਮਾਈ ਬਾਪ,
ਜਾਂ ਤਖ਼ਤ ਦੇ ਹੀ
ਸੋਹਿਲੇ ਗਾਉਣ।
ਫੜ ਹੱਥ
ਬੁਝੀਆਂ ਮਸ਼ਾਲਾਂ,
ਬੋਧ ਦੀਆਂ,
ਹਨੇਰੇ ਮਨ-ਮੰਦਿਰਾਂ
ਦੀਆਂ ਜੋਤਾਂ ਜਗਾਉਣ।
ਕਾਇਮ ਕਰਨ ਲਈ
ਜੁਗਨੂੰਆਂ ਦੀ ਸਲਤਨਤ
ਬਲਦੇ ਦੀਵਿਆਂ
ਦੀਆਂ ਕਤਾਰਾਂ
ਨਿੱਤ ਬੁਝਾਉਣ
ਰੋਜ ਸੀਣ
ਮਿਥਿਹਾਸ ਲਈ
ਕੋਈ ਰੰਗੀਨ ਚੋਲਾ
ਇਤਿਹਾਸ ਦੀ
ਸੁਨਹਿਰੀ ਪੁਸ਼ਾਕ ਨੂੰ
ਬਦਨੁਮਾਂ
ਟਾਕੀਆਂ ਲਗਾਉਣ।
ਨਿਚੋੜ, ਅਰਥਾਂ ਦੀ
ਇੱਕ-ਇੱਕ ਬੂੰਦ
ਮਸੀਹੀ ਲਫ਼ਜ਼ਾਂ ਦੇ
ਸਿਰਫ਼ ਫੋਕਲੇ ਛਿੱਲੜ ਖਾਣ
‘ਲਾਲੋ’ ਦੇ ਸੰਦਾਂ ਨਾਲ
‘ਭਾਗੋ’ ਦੀਆਂ
ਮੂਰਤੀਆਂ ਬਣਾਉਣ
ਪਤਾਲ ਦੇ ਪਾਣੀਆਂ ’ਚੋਂ
ਸੂਹੇ ਅੰਬਰ ਦਿਖਾਉਣ।
ਸੂਰਜੀ ਪਾਤਰਾਂ ਦੇ
ਮਖੌਟਿਆਂ ਹੇਠਾਂ
ਦਰਅਸਲ
ਗਿਠ-ਮੁਠੀਏ
ਸ਼ਾਹ ਸੁਲਤਾਨ।

## ਗ਼ਜ਼ਲ / ਡਾ. ਅਮਰਜੀਤ ਪੰਛੀ

ਰੱਬ ਦੀ ਸੂਰਤ ਵਰਗੇ ਲੋਕ।
ਸਾਦੇ ਕਿੰਨੇ ਫੱਬਦੇ ਲੋਕ।

ਭੁੱਖ ਲਹਿ ਜਾਂਦੀ ਤੱਕਦੇ ਸਾਰ,
ਤ੍ਰਿਹ ਦੇ ਵਰਗੇ ਲੱਗਦੇ ਲੋਕ।

ਬਿਨ ਪੁੱਛਿਓਂ ਦਿਲ ਲੈ ਜਾਂਦੇ,
ਰੁੱਤਾਂ ਵਾਂਗੂੰ ਠੱਗਦੇ ਲੋਕ।

ਕੁਝ ਮੁੱਦਈ ਮੁਹੱਬਤ ਦੇ,
ਕੁੱਝ ਨਫ਼ਰਤ ਵਿੱਚ ਮਘਦੇ ਲੋਕ।

ਵਕਤ ਦੀ ਰੇਤ ਤੇ ਨਕਸ਼ੇ ਹਨ,
ਦਰਿਆ ਵਾਂਗੂੰ ਵਗਦੇ ਲੋਕ।

ਜ਼ੁਲਮ ਦੇ ਘੋਰ ਹਨੇਰੇ ਵਿੱਚ,
ਜੁਗਨੂੰਆਂ ਵਾਂਗੂੰ ਜਗਦੇ ਲੋਕ।

ਕੁਝ ਖਾਂਦੇ ਨੇ ਸੂਰਤ ਦੀ,
ਕੁਝ ਸੀਰਤ ਤੇ ਮਰਦੇ ਲੋਕ।

ਝੂਠਾ ਜੀਵਨ ਜੀਣ ਦੀ ਖ਼ਾਤਰ
ਧੋਖੇ ਠੱਗੀਆਂ ਕਰਦੇ ਲੋਕ ।

ਇਕ ਦਿਨ ਮੰਜ਼ਿਲ ਅੱਪੜਨਗੇ,
‘ਪੰਛੀ’ ਬੇੜੀ ਠੱਲਦੇ ਲੋਕ।





ਮਾਂ ਬਹੁਤ ਸਹਿਣਸ਼ੀਲ ਹੈ। ਕਿਸੇ ਦੀ ਕੋਈ ਗੱਲ ਬੁਰੀ ਵੀ ਲੱਗੇ ਤਾਂ ਜ਼ਹਿਰ ਪੀਣ ਵਾਂਗ ਪਚਾ ਲੈਂਦੀ ਹੈ। ਇਸ ਸੁਭਾਅ ਦੇ ਚਲਦੇ ਦੋਹਾਂ ਬਹੂਆਂ ਦੇ ਨਾਲ ਕਦੇ ਉਸ ਦਾ ਕਦੇ ਕੋਈ ਰੋਸਾ ਗਿਲਾ ਨਹੀਂ ਹੋਇਆ। ਬੇਟੇ ਤੱਕ ਨਹੀਂ ਜਾਣ ਸਕੇ ਕਿ ਉਨ੍ਹਾਂ ਦੀ ਪਤਨੀਆਂ ਦੇ ਕਿਸ ਚਾਲਚਲਣ ਨਾਲ ਮਾਂ ਕਦੋਂ-ਕਦੋਂ ਆਹਤ ਹੋਈ ਅਤੇ ਰਾਤ ਦੀ ਖਾਮੋਸ਼ੀ ਵਿਚ ਚੁਪਚਾਪ ਰੋਂਦੀ ਰਹੀ ਹੈ। ਇਹੀ ਸਹਿਣਸ਼ੀਲਤਾ ਆਪਣੇ ਹਰ ਦੁਖ-ਦਰਦ ਨੂੰ ਲੈ ਕੇ ਉਸ ਨੇ ਵਿਖਾਈ ਹੈ। ਅੰਦਰਲੇ ਭੂਚਾਲ ਦੇ ਬਾਵਜੂਦ ਉੱਪਰੋਂ ਇੱਕਦਮ ਸ਼ਾਂਤ-ਸਥਿਰ ਬਣੇ ਰਹਿਣਾ। ਇਹ ਕੋਈ ਛੋਟੀ ਖੂਬੀ ਨਹੀਂ ਹੈ।

ਹਫਤੇ ਭਰ ਤੋਂ ਅੱਖਾਂ ਵਿੱਚ ਅਸਿਹ ਦਰਦ ਅਤੇ ਲਾਲੀ ਹੁੰਦੇ ਹੋਏ ਵੀ ਚੁੱਪ ਧਾਰੀ ਹੋਈ ਹੈ ਮਾਂ ਨੇ। ਜਾਣਦੀ ਹੈ, ਪੰਦਰਾਂ ਦਿਨ ਬਾਅਦ ਪੋਤਰੇ ਪਵਨ ਦਾ ਵਿਆਹ ਹੈ। ਧੂਮਧਾਮ ਨਾਲ ਬਰਾਤ ਜਾਵੇਗੀ। ਕੁੜੀ ਵਾਲਿਆਂ ਦੇ ਮਨਮਾਫ਼ਿਕ ਚੜ੍ਹਾਵੇ ਦੇ ਇੰਤਜ਼ਾਮ ਵਿੱਚ ਪੁੱਤਰ-ਬਹੂ ਭੰਬੀਰੀ ਬਣੇ ਹੋਏ ਹਨ। ਅਜਿਹੇ ਵਿੱਚ ਆਪਣੀ ਅੱਖਾਂ ਦੀ ਤਕਲੀਫ ਨੂੰ ਦੱਸ ਕੇ ਉਹ ਉਨ੍ਹਾਂ ਦੀਆਂ ਸਮਸਿਆਵਾਂ ਵਿੱਚ ਵਾਧਾ ਕਿਉਂ ਕਰੇ? ਦੱਬੀ ਜ਼ੁਬਾਨ ਨਾਲ ਇੱਕ ਦੋ ਵਾਰ ਗੱਲ ਛੇੜੀ ਸੀ ਪਰ ਪ੍ਰਮੋਦ ਅਤੇ ਰਮਾ ਨੇ ਅਣਸੁਣੀ ਕਰ ਦਿੱਤੀ। ਬਸ, ਮਾਂ ਨੇ ਵੀ ਬੁੱਲ੍ਹ ਸਿਉਂ ਲਏ। ਪਰ ਅੱਜ ਤਕਲੀਫ ਬਰਦਾਸ਼ਤ ਤੋਂ ਬਾਹਰ ਹੋ ਗਈ, ਤਾਂ ਉਹ ਇਕੱਲੀ ਪਿੰਡ ਦੇ ਡਾਕਟਰ ਦੇ ਕੋਲ ਦਵਾਈ ਲੈਣ ਚਲੀ ਗਈ।

ਪਹਿਲੀ ਨਜ਼ਰ ਵਿੱਚ ਹੀ ਅੱਖਾਂ ਦੀ ਹਾਲਤ ਵੇਖ ਕੇ ਡਾਕਟਰ ਬਾਬੂ ਗੰਭੀਰ ਹੋ ਗਏ, "ਅੰਮਾ, ਇਹ ਤਾਂ ਕਾਲ਼ਾ ਮੋਤੀਆ ਹੈ। ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ। ਤੁਰੰਤ ਸ਼ਹਿਰ ਜਾਓ ਅਤੇ ਅੱਖਾਂ ਦੇ ਕਿਸੇ ਚੰਗੇ ਹਸਪਤਾਲ ਵਿੱਚ ਇਲਾਜ ਕਰਾਓ। ਜ਼ਰਾ ਵੀ ਲਾਪਰਵਾਹੀ ਕੀਤੀ, ਤਾਂ ਅੱਖਾਂ ਦੀ ਰੋਸ਼ਨੀ ਗੁਆ ਬੈਠੇਂਗੀ।"

ਸੁਣਦੇ ਹੀ ਮਾਂ ਦਾ ਸਿਰ ਘੁੰਮ ਗਿਆ। ਕਾਲ਼ਾ ਮੋਤੀਆ ਤਾਂ ਅੱਖਾਂ ਦਾ ਵੱਡਾ ਖਤਰਨਾਕ ਰੋਗ ਹੈ। ਜੇਕਰ ਰੋਸ਼ਨੀ ਚਲੀ ਗਈ, ਤਾਂ ਉਹ ਸਾਧਾਰਣ ਕੰਮਾਂ ਤੱਕ ਲਈ ਲਾਚਾਰ ਹੋ ਜਾਏਗੀ। ਨਹੀਂ, ਝੱਟਪੱਟ ਸ਼ਹਿਰ ਜਾ ਕੇ ਇਲਾਜ ਕਰਵਾਉਣਾ ਬਹੁਤ ਜਰੂਰੀ ਹੈ।

ਘਰ ਮੁੜ ਕੇ ਮਾਂ ਨੇ ਬਹੂ ਨੂੰ ਸਾਰੀ ਗੱਲ ਦੱਸੀ ਅਤੇ ਝਿਜਕਦੇ ਹੋਏ ਕਿਹਾ, "ਅਜੇ ਤਾਂ ਪ੍ਰਮੋਦ ਪੈਸਿਆਂ ਦੇ ਇੰਤਜਾਮ ਦੇ ਸਿਲਸਿਲੇ ਵਿੱਚ ਪਿੰਡ ਤੋਂ ਬਾਹਰ ਹੈ। ਉਹ ਪਰਤ ਆਏ ਤਾਂ ਜਿਵੇਂ ਮੁਨਾਸਿਬ ਸਮਝੇਗਾ, ਕਰ ਲਏਗਾ।"

ਰਮਾ ਤਾਂ ਇਹ ਸੁਣਦੇ ਹੀ ਤਿਲਮਿਲਾ ਉੱਠੀ, "ਤੇਰੀਆਂ ਅੱਖਾਂ ਵਿੱਚ ਗਲੋਕੋਮਾ ਹੈ, ਮਾਂ। ਇਸਦਾ ਤੁਰੰਤ ਇਲਾਜ ਜਰੂਰੀ ਹੈ। ਉਨ੍ਹਾਂ ਨੂੰ ਮੁੜਨ ਵਿੱਚ ਹਫਤਾ ਵੀ ਲੱਗ ਸਕਦਾ ਹੈ। ਆ ਕੇ ਬਰਾਤ ਲੈ ਜਾਣ ਦੀ ਤਿਆਰੀ ਕਰਣਗੇ ਕਿ ਤੇਰੀਆਂ ਅੱਖਾਂ ਦੇ ਬਾਰੇ ਵਿੱਚ ਸੋਚਣਗੇ? .....ਵੇਖੋ, ਮੈਂ ਹੁਣੇ ਵਿਨੋਦ ਨੂੰ ਫੋਨ ਕਰ ਦਿੰਦੀ ਹਾਂ। ਉਹ ਸ਼ਹਿਰ ਤੋਂ ਆਕੇ ਤੈਨੂੰ ਲੈ ਜਾਵੇ ਅਤੇ ਢੰਗ ਨਾਲ ਅੱਖਾਂ ਦਾ ਇਲਾਜ ਕਰਾਏ।"

"ਉਸਨੂੰ ਫੋਨ ਨਾ ਕਰੀਂ" ਮਾਂ ਗਿੜਗਿੜਾ ਉਠੀ।

"ਕਿਉਂ?" ਰਮਾ ਨੇ ਪੁੱਛਿਆ।

"ਉਹ ਖੁਦ ਆਪ ਸਵੇਰੇ ਤੋਂ ਸ਼ਾਮ ਤੱਕ ਮਸ਼ੀਨੀ ਜਿੰਦਗੀ ਜਿਉਂਦਾ ਹੈ। ਉਸਦੇ ਕੋਲ ਵਿਹਲ ਕਿੱਥੇ ਹੈ, ਜੋ ਮੈਨੂੰ ਆ ਕੇ ਲੈ ਜਾਵੇਗਾ।"

"ਠੀਕ ਹੈ। ਮੈਂ ਹੀ ਕੱਲ ਸਵੇਰੇ ਚੌਕ ਵਿਚ ਜਾ ਕੇ ਤੈਨੂੰ ਪਹਿਲੀ ਬੱਸ ਵਿੱਚ ਬਿਠਾ ਦਵਾਂਗੀ। ਫੋਨ ਤਾਂ ਵਿਨੋਦ ਨੂੰ ਕਰਨਾ ਹੀ ਪਵੇਗਾ। ਉਹ ਤੈਨੂੰ ਬੱਸ ਤੋਂ ਉਤਾਰ ਲਵੇਗਾ।"

"ਨਾ ਬਹੂ।" ਮਾਂ ਨੇ ਬੇਚੈਨੀ ਨਾਲ ਖੰਡਨ ਕੀਤਾ, "ਫੋਨ ਸੁਣਕੇ ਉਹ ਭੜਕ ਉੱਠੇਗਾ। ਵੀਹ ਵਾਰੀ ਮੈਂ ਉਸਦੇ ਘਰ ਜਾ ਚੁੱਕੀ ਹਾਂ। ਰਸਤਾ, ਗਲੀ, ਮਕਾਨ ਸਭ ਸਿਆਣਦੀ ਹਾਂ। ਇੱਕਦਮ ਸਾਹਮਣੇ ਪਹੁੰਚ ਜਾਣ ਤੇ, ਅੱਖਾਂ ਦੀ ਹਾਲਤ ਵੇਖ ਕੇ ਉਹ ਆਪਣੇ ਗੁੱਸੇ ਨੂੰ ਕਾਬੂ ਵਿੱਚ ਕਰ ਲਵੇਗਾ।"

"ਹੱਦ ਹੈ!" ਰਮਾ ਨੇ ਮੂੰਹ ਚਿੜ੍ਹਾਇਆ, "ਏਨਾ ਡਰਦੀ ਹੈਂ ਤੂੰ ਉਸਤੋਂ? ਇੱਥੇ ਏਨੇ ਸਾਲਾਂ ਤੋਂ ਰਹਿਕੇ ਆਪਣੀ ਸੇਵਾ ਕਰਾ ਰਹੀ ਹੈਂ, ਇਸ ਤਰ੍ਹਾਂ ਪੱਤੇ ਵਾਂਗ ਕੰਬਦੇ ਤਾਂ ਤੈਨੂੰ ਅਸੀਂ ਕਦੇ ਨਹੀਂ ਵੇਖਿਆ। ਠੀਕ ਹੈ ਜੋ ਚਾਹੁੰਦੀ ਹੈਂ, ਉਹੀ ਠੀਕ। ਪਰ ਵਾਪਸ ਮੁੜਨ ਦੀ ਕਾਹਲੀ ਨਾ ਕਰਨਾ। ਸਬਰ ਨਾਲ ਅੱਖਾਂ ਦਾ ਇਲਾਜ ਕਰਵਾਉਣਾ। ਪੰਦਰਾਂ ਦਿਨ ਬਾਅਦ ਵਿਆਹ ਦੇ ਮੌਕੇ ਉੱਤੇ ਸਾਰੇ ਲੋਕ ਆਣਗੇ ਹੀ। ਉਦੋਂ ਉਨ੍ਹਾਂ ਦੇ ਨਾਲ ਆ ਜਾਣਾ।"

"ਠੀਕ ਹੈ।" ਮਾਂ ਨੇ ਸਿਰ ਹਿਲਾ ਦਿੱਤਾ।

ਅਗਲੇ ਦਿਨ ਦਰਦ ਨਾਲ ਬੁਰੀ ਤਰਾਂ ਦੁਖਦੀਆਂ ਆਪਣੀਆਂ ਅੱਖਾਂ ਨੂੰ ਲੈ ਕੇ ਉਹ ਛੋਟੇ ਬੇਟੇ ਵਿਨੋਦ ਦੇ ਦਰਵਾਜੇ ਪਹੁੰਚ ਤਾਂ ਗਈ ਪਰ ਸਵਾਗਤ ਦੀ ਵਿਲੱਖਣ ਸ਼ੈਲੀ ਵੇਖਕੇ ਹੈਰਾਨ ਹੋਏ ਬਿਨਾ ਨਹੀਂ ਰਹਿ ਸਕੀ।



ਦਰਵਾਜੇ ਉੱਤੇ ਦਸਤਕ ਸੁਣਕੇ ਛੋਟੀ ਬਹੂ ਸੀਮਾ ਨੇ ਦਰਵਾਜਾ ਤਾਂ ਜਰੂਰ ਖੋਲ੍ਹਿਆ, ਪਰ ਉਸ ਦੀ ਸੂਰਤ ਵੇਖਦੇ ਹੀ ਕੌੜੇ ਕਸੈਲੇ ਗਲੇ ਨਾਲ ਸਾਰੀ ਜ਼ਹਿਰ

ਉਗਲ ਦਿੱਤੀ, "ਅਰੇ ਮਾਂ, ਤੂੰ?"

ਆਪਣੀ ਸਮਝ ਮੁਤਾਬਿਕ ਉਸਦੀ ਨਾਰਾਜ਼ਗੀ ਠੀਕ ਸੀ। ਪਿਛਲੇ ਤਿੰਨ ਦਿਨ ਤੋਂ ਟੂਟੀ ਵਿੱਚ ਪਾਣੀ ਨਹੀਂ ਆ ਰਿਹਾ ਸੀ। ਸੜਕ ਦੇ ਹੈਂਡਪੰਪ ਨਾਲ ਪਾਣੀ ਢੋ ਕੇ ਉਸਨੇ ਜਰੂਰੀ ਕੰਮ ਨਿਪਟਾਏ ਹਨ। ਜਿਵੇਂ ਤਿਵੇਂ ਦੋਨਾਂ ਹੋਣਹਾਰ ਸਪੂਤਾਂ ਨੂੰ ਕੋਚਿੰਗ ਸੈਂਟਰ ਅਤੇ ਉਨ੍ਹਾਂ ਦੇ ਲਾਇਕ ਬਾਪ ਨੂੰ ਖਾਣੇ ਦਾ ਡੱਬਾ ਦੇ ਕੇ ਦਫਤਰ ਭੇਜਿਆ ਹੈ। ਸੈਲਫ਼ ਉੱਤੇ ਪਿਆ ਜੂਠੇ ਭਾਂਡਿਆਂ ਦਾ ਢੇਰ ਅਜੇ ਨਿੱਬੜਿਆ ਵੀ ਨਹੀਂ ਹੈ ਕਿ.....

ਮੂੰਹ ਵਿਚੋਂ ਨਿਕਲੀ ਗਾਲ੍ਹ, "ਇਸ ਵਕਤ ਕੌਣ ਮੋਇਆ ਆ ਟਪਕਿਆ?" ਜੇਕਰ ਦਰਵਾਜੇ ਉੱਤੇ ਖੜੀ ਬੁੜ੍ਹੀ ਨੇ ਸੁਣ ਵੀ ਲਈ ਹੋਵੇ, ਤਾਂ ਵੀ ਉਸਨੂੰ ਆਪਣੇ ਮੂੰਹਫਟ ਲਹਿਜੇ ਦੀ ਕੋਈ ਸ਼ਰਮ ਵੀ ਨਹੀਂ ਹੈ।

ਬਹੂ ਦੀ ਅਵਾਜ਼ ਵਿੱਚ ਲੁਕਿਆ ਹਿਕਾਰਤ ਦਾ ਭਾਵ ਵੇਖਕੇ ਮਾਂ ਦੀ ਬੂਟੇ ਵਰਗੀ ਦੇਹ ਅਪਰਾਧ ਬੋਧ ਨਾਲ ਹੋਰ ਵੀ ਬੌਣੀ ਹੋ ਗਈ। ਹਕਲਾਉਂਦੇ ਹੋਏ ਬੋਲੀ, "ਅੰਦਰ ਆਉਣ ਦੇ, ਬਹੂ। ਬੈਠ ਕੇ ਆਰਾਮ ਨਾਲ ਹਾਲਚਾਲ ਦੱਸਾਂਗੀ।"

ਮਜਬੂਰੀ ਵਿਚ ਸੀਮਾ ਨੂੰ ਜਗ੍ਹਾ ਦੇਣੀ ਪਈ।

ਉਸ ਦੇ ਹਟਦੇ ਹੀ ਖੁੱਲ੍ਹੇ ਦਰਵਾਜੇ ਵਿਚੋਂ ਮਾਂ ਅੰਦਰ ਜਾ ਵੜੀ। ਕਮਰੇ ਵਿੱਚ ਏਧਰ-ਉੱਧਰ ਨਜ਼ਰ ਮਾਰਨ ਦੇ ਬਾਅਦ ਕੋਨੇ ਵਿੱਚ ਪਏ ਤਖਤਪੋਸ਼ ਵੱਲ ਵਧੀ। ਉਸ ਉੱਤੇ ਪਏ ਕਪੜਿਆਂ ਦੇ ਢੇਰ ਨੂੰ ਪਰੇ ਧੱਕਦੇ ਹੋਏ ਆਪਣੇ ਬੈਠਣ ਲਈ ਜਗ੍ਹਾ ਬਣਾਈ। ਗੱਲ ਕਿਵੇਂ ਸ਼ੁਰੂ ਕਰੇ, ਇਸ ਦੁਵਿਧਾ ਵਿੱਚ ਹੀ ਸੀ ਕਿ ਬਹੂ ਬਿਫਰ ਉੱਠੀ, "ਘੱਟ ਤੋਂ ਘੱਟ ਆਉਣੋਂ ਪਹਿਲਾਂ ਇੱਕ ਫੋਨ ਤਾਂ ਕਰਵਾ ਦਿੰਦੀ, ਮਾਂ। ਅਸੀ ਉਦੋਂ ਹੀ ਮਨ੍ਹਾ ਕਰ ਦਿੰਦੇ ਕਿ ਹੁਣੇ ਆ ਕੇ ਸਾਨੂੰ ਨਿਹਾਲ ਕਰਨ ਦੀ ਜ਼ਰੂਰਤ ਨਹੀਂ ਹੈ। ਅੱਠ ਦਿਨ ਬਾਅਦ ਬੱਚਿਆਂ ਦੇ ਇਮਤਿਹਾਨ ਹਨ। ਉਨ੍ਹਾਂ ਦੀ ਸਾਲ ਭਰ ਦੀ ਮਿਹਨਤ ਉੱਤੇ ਪਾਣੀ ਫੇਰਨ ਲਈ ਤੂੰ ਵੀ ਇਸ ਵਕਤ ਏਧਰ ਮੂੰਹ ਕਰਨਾ ਸੀ?"

ਮਾਂ ਪਛਤਾਵੇ ਨਾਲ ਧਰਤੀ ਵਿੱਚ ਗੱਡੀ ਗਈ।

ਇੰਨਾ ਤਾਂ ਜਾਣਦੀ ਹੀ ਸੀ ਉਹ, ਕਿ ਸਿਰ ਉੱਤੇ ਪੱਲਾ ਲੈ ਕੇ ਬਹੂ ਪੈਰ ਛੂਹਣ ਲਈ ਨਹੀਂ ਝੁਕੇਗੀ। ਪਰ ਸ਼ਿਸ਼ਟਾਚਾਰ ਦੀ ਇਹੋ ਜਿਹੀ ਮਰਿਆਦਾ ਵੀ ਛੱਡ ਦੇਵੇਗੀ, ਕਦੋਂ ਸੋਚਿਆ ਸੀ? ਇਸ ਬਦਹਵਾਸੀ ਵਿੱਚ ਇੱਕ ਗਲਾਸ ਪਾਣੀ ਕੀ ਮੰਗ ਬੈਠੀ, ਸੀਮਾ ਹੋਰ ਜ਼ਿਆਦਾ ਤੈਸ਼ ਵਿੱਚ ਆ ਗਈ, "ਭੁੱਖੀ-ਤਿਹਾਈ ਹਾਲਤ ਵਿੱਚ ਇਕੱਲੀ ਕਿਉਂ ਤੁਰ ਆਈ ਤੂੰ? ਰਸਤੇ ਵਿੱਚ ਕੁੱਝ ਹੋ ਜਾਂਦਾ, ਤਾਂ ਸਾਡੇ ਹੀ ਸਿਰ ਉੱਤੇ ਠੀਕਰਾ ਭੱਜਣਾ ਸੀ। ਇਹ ਟਮਾਟਰ ਵਰਗੀਆਂ ਲਾਲ ਅੱਖਾਂ ਵੇਖਕੇ ਵੀ ਤੇਰੇ ਲਾਡਲੇ ਬੇਟੇ-ਬਹੂ ਅੰਨ੍ਹੇ ਹੋ ਗਏ ਸਨ। ਇਸ ਤਰ੍ਹਾਂ ਬੀਮਾਰ ਹਾਲਤ ਵਿੱਚ ਤੈਨੂੰ ਘਰ ਤੋਂ ਧੱਕ ਦੇਣਾ ਕੋਈ ਇਨਸਾਨੀਅਤ ਹੈ ਕੀ?"

"ਅਸਲ ਵਿੱਚ ਮੇਰੀਆਂ ਅੱਖਾਂ ਹੀ ਕੁਵੇਲੇ ਖ਼ਰਾਬ ਹੋਈਆਂ। ਉਹ ਦੋਨੋ ਜਣੇ ਇਸ ਵਕਤ ਪਵਨ ਦੇ ਵਿਆਹ ਦੇ ਸਿਲਸਿਲੇ ਵਿੱਚ ਖ਼ੁਦ ਪਾਗਲ ਹੋਏ ਪਏ ਹਨ।" ਮਾਂ ਨੇ ਗਿੜਗਿੜਾ ਕੇ ਸਫਾਈ ਦਿੱਤੀ।

"ਤੇ ਇੱਥੇ ਜਿਵੇਂ ਤੈਨੂੰ ਸਲਾਮੀ ਦੇਣ ਲਈ ਨਿਕੰਮੇ-ਨਾਕਾਰਾ ਲੋਕਾਂ ਦੀ ਫੌਜ ਖੜ੍ਹੀ ਹੈ।" ਸੀਮਾ ਹੋਰ ਜ਼ਿਆਦਾ ਭੜਕ ਉੱਠੀ, "ਬੁਰਾ ਨਾ ਮੰਨਣਾ ਮਾਂ, ਹੱਕ ਅਤੇ ਫਰਜ਼ ਨਾਲ ਨਾਲ ਚਲਦੇ ਹਨ। ਜਿਸ ਹੱਕ ਨਾਲ ਤੈਨੂੰ ਵਰ੍ਹਿਆਂ ਤੱਕ ਉਹਨਾਂ ਲੋਕਾਂ ਨੇ ਆਪਣੀ ਮਲਕੀਅਤ ਬਣਾਈ ਰੱਖਿਆ, ਉਸੇ ਨਾਤੇ ਬਿਮਾਰੀ ਵਿੱਚ ਉਨ੍ਹਾਂ ਨੂੰ ਹੀ ਤੇਰੀ ਦੇਖਭਾਲ ਕਰਣੀ ਚਾਹੀਦੀ ਹੈ। ਸੋਚ ਜਰਾ, ਕੀ ਸਾਨੂੰ ਤੇਰੀ ਮਦਦ ਦੀ ਜ਼ਰੂਰਤ ਨਹੀਂ ਸੀ? ਇੱਥੇ ਵੀ ਤੇਰੇ ਦੋ ਛੋਟੇ ਪੋਤਰੇ ਰੋਂਦੇ ਕੁਰਲਾਉਂਦੇ ਪਲ ਰਹੇ ਹਨ, ਕਦੇ ਸੋਚਿਆ ਤੂੰ? ਉਸ ਵਕਤ ਤਾਂ ਤੈਨੂੰ ਵੀ ਪਿੰਡ ਦਾ ਖੁੱਲ੍ਹਾ ਵਿਹੜਾ ਛੱਡਣਾ ਔਖਾ ਲੱਗਦਾ ਸੀ, ਉੱਥੇ ਚੁੱਲ੍ਹੇ ਦੀ ਧੁਆਂਖੀ ਰਸੋਈ ਵਿੱਚ ਵਰ੍ਹਿਆਂ ਤੱਕ ਰੋਟੀਆਂ ਪਕਾਉਂਦੇ ਆਪਣੀਆਂ ਅੱਖਾਂ ਦਾ ਖੁਸ਼ੀ ਖੁਸ਼ੀ ਸਤਿਆਨਾਸ ਕਰਾਉਂਦੀ ਰਹੀ। ਹੁਣ ਇੱਥੇ ਆਉਣ ਦੀ ਹਿੰਮਤ ਕਿਵੇਂ ਪੈ ਗਈ।"

ਇੱਕ ਗਲਾਸ ਪਾਣੀ ਮਿਲਣ ਦੀ ਉਮੀਦ ਉੱਤੇ ਵੀ ਪਾਣੀ ਪੈ ਚੁੱਕਿਆ ਸੀ।

ਅੰਮਾ ਭਰੇ ਗਲੇ ਨਾਲ ਸਿਰਫ਼ ਇਹੀ ਕਹਿ ਸਕੀ, "ਬੇਟਾ, ਤੁਸੀਂ ਲੋਕ ਰਾਜੀ-ਖੁਸ਼ੀ ਰਹੋ। ਆਪਣੀ ਵਜ੍ਹਾ ਨਾਲ ਮੈਂ ਬੱਚਿਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਹੀਂ ਹੋਣ ਦਵਾਂਗੀ। ਤੂੰ ਦਰਵਾਜਾ ਲਗਾ ਲੈ। ਮੈਂ ਜ਼ਰਾ ਅੱਖਾਂ ਦੇ ਹਸਪਤਾਲ ਦਾ ਇੱਕ ਚੱਕਰ ਲਗਾ ਆਵਾਂ।"

ਉਸਨੂੰ ਵਿਦਾ ਕਰਕੇ, ਦਰਵਾਜਾ ਬੰਦ ਕਰਨ ਤੋਂ ਬਾਅਦ ਸੀਮਾ ਜ਼ਰਾ ਡਰੀ-ਭਵਾਨੀ ਕਿਤੇ ਸ਼ਾਮ ਨੂੰ ਬੇਟੇ ਦੇ ਸਾਹਮਣੇ ਲਾਈ ਬੁਝਾਈ ਤਾਂ ਨਹੀਂ ਕਰੇਗੀ?

ਪਰ ਫਿਰ ਇਕਦਮ ਹੀ ਗਰਦਨ ਝਟਕ ਕੇ ਆਪਣੇ ਆਪ ਨੂੰ ਦਿਲਾਸਾ ਦਿੱਤਾ ਉਸਨੇ-ਊਂਹ, ਜੋ ਹੋਵੇਗਾ ਵੇਖਿਆ ਜਾਵੇਗਾ।

ਇਹ ਵੇਖਕੇ ਉਸਨੂੰ ਵੱਡੀ ਰਾਹਤ ਮਿਲੀ ਕਿ ਮਾਂ ਫਿਰ ਹਸਪਤਾਲ ਤੋਂ ਮੁੜੀ ਹੀ ਨਹੀਂ। ਦੁਪਹਿਰ ਵਿੱਚ ਉਨ੍ਹਾਂ ਦੇ ਆਉਣ ਅਤੇ ਇਕੱਲੇ ਹਸਪਤਾਲ ਜਾਣ ਦੀ ਗੱਲ ਸੁਣਕੇ ਸ਼ਾਮ ਨੂੰ ਦਫਤਰ ਤੋਂ ਮੁੜਿਆ ਵਿਨੋਦ ਜਰੂਰ ਹੈਰਾਨ ਹੋਇਆ, "ਤੂੰ ਉਨ੍ਹਾਂ ਨੂੰ ਜਾਣ ਹੀ ਕਿਉਂ ਦਿੱਤਾ? ਕੱਲ੍ਹ ਮੈਂ ਆਪਣੇ ਨਾਲ ਲੈ ਜਾ ਕੇ ਢੰਗ ਨਾਲ ਦਵਾ ਦਾਰੂ ਦੁਆ ਦਿੰਦਾ।"

"ਉਨ੍ਹਾਂ ਦੀ ਮਰਜ਼ੀ!" ਸੀਮਾ ਨੇ ਮੋਢੇ ਝਟਕ ਦਿੱਤੇ, "ਪਿੰਡ ਵਿੱਚ ਪੋਤਰੇ ਦੇ ਵਿਆਹ ਦੀਆਂ ਤਿਆਰੀਆਂ ਵਿੱਚ ਉਨ੍ਹਾਂ ਦਾ ਮਨ ਫਸਿਆ ਹੋਵੇਗਾ। ਕੱਲ੍ਹ ਦਾ ਇੰਤਜ਼ਾਰ ਕਰਨਾ ਉਸ ਨੂੰ ਜਚਿਆ ਨਹੀਂ। ਤਾਂ ਹੀ ਤਾਂ ਮੁੜ ਕੇ ਇੱਥੇ ਨਹੀਂ ਆਈ। ਸਿੱਧੇ ਪਿੰਡ ਚਲੀ ਗਈ।"

ਵਿਨੋਦ ਨੂੰ ਅਜੀਬ ਤਾਂ ਜਰੂਰ ਲਗਾ, ਪਰ ਚੁੱਪ ਰਿਹਾ। ਹਾਂ, ਹਫ਼ਤੇ ਭਰ ਬਾਅਦ ਦਫ਼ਤਰ ਤੋਂ ਮੁੜਨ ਤੇ ਉੱਤੇ ਉਸਨੇ ਚਿੰਤਤ ਆਵਾਜ਼ ਵਿਚ ਦੱਸਿਆ, "ਸੁਣਦੀ ਹੈਂ, ਮਾਂ ਪਿੰਡ ਨਹੀਂ ਪਹੁੰਚੀ।"

"ਕੀ ਕਹਿੰਦੇ ਹੋ?" ਸੀਮਾ ਹੈਰਾਨ ਰਹਿ ਗਈ, "ਪਿੰਡ ਨਹੀਂ ਪਹੁੰਚੀ, ਤਾਂ ਕਿੱਥੇ ਗਈ? ਹਸਪਤਾਲ ਜਾਣ ਦੀ ਗੱਲ ਕਹਿਕੇ ਸਾਡੇ ਘਰ ਤੋਂ ਨਿਕਲੀ ਸੀ। ਇੱਥੇ ਮੁੜੀ ਨਹੀਂ। ਉੱਥੇ ਪਹੁੰਚੀ ਨਹੀਂ। ਤਾਂ ਫਿਰ ਕਿੱਥੇ ਗਈ ਮਾਂ?"

ਵਿਨੋਦ ਨੇ ਸਿਫ਼ਰ ਵਿੱਚ ਅੱਖਾਂ ਫੇਰ ਦਿੱਤੀਆਂ।

ਘਬਰਾਈ ਹੋਈ ਸੀਮਾ ਨੇ ਉਸਨੂੰ ਝੰਜੋੜ ਦਿੱਤਾ, "ਦੱਸਦੇ ਕਿਉਂ ਨਹੀਂ, ਕਿੱਥੇ ਗਈ ਮਾਂ?"



"ਕੀ ਪਤਾ।" ਵਿਨੋਦ ਨੇ ਇੱਕ ਠੰਡੀ ਸਾਹ ਭਰੀ, "ਅੱਜ ਦੁਪਹਿਰੇ ਭਰਾ ਦਾ ਫੋਨ ਆਇਆ ਸੀ। ਮਾਂ ਦੀਆਂ ਅੱਖਾਂ ਦੇ ਇਲਾਜ ਦੇ ਬਾਰੇ ਵਿੱਚ ਜਾਨਣਾ ਚਾਹੁੰਦੇ ਸਨ। ਕਹਿ ਰਹੇ ਸਨ ਕਿ ਵਿਆਹ ਦਾ ਸੱਦਾ ਪੱਤਰ ਭੇਜ ਦਿੱਤਾ ਹੈ। ਮਾਂ ਨੂੰ ਨਾਲ ਲੈ ਕੇ ਸਾਰੇ ਹੀ ਆਉਣਾ, ਮੌਕੇ ਦੀ ਸ਼ੋਭਾ ਵਧਾਣਾ।"

"ਤੁਸੀਂ ਕੀ ਕਿਹਾ?"

"ਉਹੀ, ਜੋ ਜਾਣਦਾ ਸੀ। ਹਸਪਤਾਲ ਉਹ ਇਕੱਲੀ ਗਈ ਸੀ। ਮੁੜ ਕੇ ਇੱਥੇ ਨਾ ਆਉਣ ਤੇ ਅਸੀਂ ਅੰਦਾਜਾ ਲਗਾ ਲਿਆ ਕਿ ਦਵਾਈ ਲੈ ਕੇ ਪਿੰਡ ਚੱਲੀ ਗਈ ਹੋਵੇਗੀ।"

"ਹੁਣ ਕੀ ਹੋਵੇਗਾ?" ਸੀਮਾ ਮੁੜ੍ਹਕਾ-ਮੁੜ੍ਹਕਾ ਹੋ ਗਈ।

"ਮੈਂ ਭਰਾ ਨੂੰ ਤੁਰੰਤ ਇੱਥੇ ਬੁਲਾਇਆ ਹੈ। ਜਾਣਦਾ ਹਾਂ, ਇਸ ਵਕਤ ਉਨ੍ਹਾਂ ਦੇ ਲਈ ਘਰ ਛੱਡਣਾ ਔਖਾ ਹੈ, ਪਰ ਇਕੱਲਾ ਮੈਂ ਵੀ ਕੀ ਕਰਾਂਗਾ? ਉਨ੍ਹਾਂ ਦਾ ਫੋਨ ਸੁਣਨ ਦੇ ਬਾਅਦ ਹੀ ਮੇਰੇ ਹੱਥ-ਪੈਰ ਸੁੰਨ ਹੋ ਰਹੇ ਨੇ।"

"ਏਨਾ ਬੇਚੈਨ ਨਾ ਹੋਵੋ ਹਾਲਾਂਕਿ ਸਮੱਸਿਆ ਸਚਮੁਚ ਵਿੱਚ ਉਲਝੀ ਹੋਈ ਹੈ, ਪਰ ਹਿੰਮਤ ਹਾਰਨ ਨਾਲ ਕਿਵੇਂ ਚੱਲੇਗਾ?"

"ਠੀਕ ਕਹਿੰਦੀ ਹੈਂ। ਜਾਹ, ਚਾਹ ਲੈ ਆ। ਭਰਾ ਜੀ ਪਿੰਡੋਂ ਤੁਰ ਪਏ ਹੋਣਗੇ। ਉਨ੍ਹਾਂ ਦੇ ਆਉਣ ਉੱਤੇ ਹੀ ਇਸ ਸਬੰਧ ਵਿੱਚ ਸੋਚਿਆ ਜਾਵੇਗਾ।" ਵਿਨੋਦ ਉਦਾਸ ਅਵਾਜ਼ ਵਿੱਚ ਬੋਲਿਆ।

ਰਸੋਈ ਵਿੱਚ ਜਾ ਕੇ ਸੀਮਾ ਨੇ ਗੈਸ ਦੇ ਚੁੱਲ੍ਹੇ ਤੇ ਚਾਹ ਦਾ ਪਾਣੀ ਤਾਂ ਚੜ੍ਹਾ ਦਿੱਤਾ, ਪਰ ਆਪਣੀ ਲਾਹਨਤ-ਮਲਾਮਤ ਕਰਨ ਤੋਂ ਨਹੀਂ ਰੁਕੀ। ਸਚਮੁੱਚ ਗਲਤੀ ਤਾਂ ਉਸਤੋਂ ਹੋ ਹੀ ਗਈ। ਇਸ ਤਰ੍ਹਾਂ ਸਿੱਧੇ ਹਥੀਂ ਨਾ ਲਿਆ ਹੁੰਦਾ, ਤਾਂ ਉਹ ਅੰਨ੍ਹੀ ਬੁੱਢੀ ਨਿਪਟ ਇਕੱਲੀ ਹਾਲਤ ਵਿੱਚ ਹਸਪਤਾਲ ਦੇ ਵੱਲ ਕਿਉਂ ਖਿਸਕਦੀ? ਸੱਚ, ਕੋਈ ਹੋਰ ਭਲਾ ਨਾ ਜਾਣੇ, ਪਰ ਉਸਦੀ ਜੀਵਾਤਮਾ ਜਾਣਦੀ ਹੈ ਕਿ ਸਾਸੂ ਮਾਂ ਨੇ ਉਸਦੀ ਗ੍ਰਹਿਸਤੀ ਸੰਵਾਰਨ ਲਈ ਰੁਪਏ-ਪੈਸੇ ਤੋਂ ਲੈ ਕੇ ਹੱਥ-ਪੈਰ ਦੀ ਮਿਹਨਤ ਤੱਕ ਦਾ ਭਰਪੂਰ ਸਹਿਯੋਗ ਦਿੱਤਾ। ਪਰ ਇੱਕ ਗਲਾਸ ਪਾਣੀ ਤੱਕ ਦਿੱਤੇ ਬਿਨਾਂ ਉਸਨੇ ਉਸ ਨੂੰ ਜਬਰਨ ਘਰ ਤੋਂ ਧੱਕ ਦਿੱਤਾ। ਜਦੋਂ ਕਿ ਸੱਚਾਈ ਇਹ ਹੈ ਕਿ ਗਧੇ ਦੀ ਮੁਸੀਬਤ ਉਸਨੇ ਤਬੇਲੇ ਦੇ ਸਿਰ ਉਤਾਰੀ ਸੀ। ਦੋਨਾਂ ਨਿਕੰਮੇ ਪੜ੍ਹਾਈ ਚੋਰ-ਕੰਮਚੋਰ ਬੱਚਿਆਂ ਦੀ ਵਜ੍ਹਾ ਨਾਲ ਹੀ ਤਾਂ ਉਸਦੇ ਦਿਮਾਗ ਦੀਆਂ ਨਾੜਾਂ ਝਨਝਨਾਈਆਂ ਹੋਈਆਂ ਸਨ। ਡੰਡਾ ਲੈ ਕੇ ਸਿਰ ਉੱਤੇ ਖੜ੍ਹੇ ਰਹਿਣ ਦੇ ਬਾਵਜੂਦ ਦੋਨੋ ਮੁੰਡੇ ਕਦੋਂ ਪੜ੍ਹਾਈ ਦੇ ਪ੍ਰਤੀ ਆਪਣੀ ਜ਼ਿੰਮੇਦਾਰੀ ਸਮਝਦੇ ਹਨ? ਛੋਟੇ ਸਨ, ਤਾਂ ਟੈਲੀਵਿਜਨ ਦਾ ਚਸਕਾ ਸੀ। ਵੱਡੇ ਹੋਏ, ਤਾਂ ਲੈਪਟਾਪ ਨਾਲ ਚਿਪਕ ਗਏ ਹੈ। ਇਨ੍ਹਾਂ ਦੇ ਭਵਿੱਖ ਦੇ ਵਿਗੜਨ-ਸੰਵਰਨ ਦੀ ਚਿੰਤਾ ਨਾ ਹੁੰਦੀ, ਤਾਂ ਬੁੜ੍ਹੀ ਸੱਸ ਦੇ ਨਾਲ ਕਿਉਂ ਇੰਨੀ ਬੇਅਦਬੀ ਨਾਲ ਪੇਸ਼ ਆਉਂਦੀ ਉਹ? ਕਿਉਂ ਝੂਠ ਤੇ ਝੂਠ ਜੜਦੀ ਚਲੀ ਜਾਂਦੀ?........ਖੈਰ ਜੋ ਵੀ ਹੈ, ਹੁਣ ਰੱਬ ਹੀ ਇਸ ਮੁਸੀਬਤ ਤੋਂ ਬਾਹਰ ਕੱਢੇਗਾ। ਉਸਨੇ ਤਾਂ ਆਪਣੇ ਵੱਲੋਂ ਨੀਚਤਾ ਵਿਖਾਉਣ ਵਿੱਚ ਕੋਈ ਕਸਰ ਛੱਡੀ ਨਹੀਂ।

ਪਰ ਮੁਸੀਬਤ ਤੋਂ ਬਾਹਰ ਨਿਕਲਣਾ ਕਿਹੜਾ ਇੰਨਾ ਆਸਾਨ ਸੀ? ਉਸ ਸ਼ਾਮ ਪ੍ਰਮੋਦ ਦੇ ਪਿੰਡ ਤੋਂ ਆ ਜਾਣ ਉੱਤੇ ਦੋਨਾਂ ਭਰਾਵਾਂ ਨੇ ਨੇੜੇ ਅਤੇ ਦੂਰਦਰਾਜ ਦੀ ਸਾਰੀ ਰਿਸ਼ਤੇਦਾਰੀ ਵਿੱਚ ਫੋਨ ਕੀਤਾ ਜ਼ਰੂਰ ਪਰ ਸਿਰਫ਼ ਨਿਰਾਸ਼ਾ ਹੀ ਹੱਥ ਲੱਗੀ। ਮਾਂ ਦਾ ਕਿਤੇ ਸੁਰਾਗ ਨਹੀਂ ਮਿਲਿਆ। ਹਾਰ ਕੇ ਉਨ੍ਹਾਂ ਨੇ ਸੋਚਿਆ, ਹੁਣ ਕੱਲ ਪੁਲਿਸ ਚੌਕੀ ਉੱਤੇ ਜਾਕੇ ਗੁੰਮਸ਼ੁਦਗੀ ਦੀ ਰਿਪੋਰਟ ਲਿਖਾਉਣੀ ਪਵੇਗੀ। ਇਸਦੇ ਇਲਾਵਾ ਹੋਰ ਚਾਰਾ ਵੀ ਕੀ ਸੀ?

ਅਗਲੇ ਦਿਨ ਪੁਲਿਸ ਚੌਕੀ ਉੱਤੇ ਰਿਪੋਰਟ ਲਿਖਦਾ ਹੋਇਆ ਕਾਂਸਟੇਬਲ ਅਚਾਨਕ ਤ੍ਰਭਕ ਪਿਆ, "ਕਰੀਬ ਹਫਤਾ ਭਰ ਪਹਿਲਾਂ ਇੱਕ ਬੁੱਢੀ ਸੜਕ ਕੰਢੇ ਜਖ਼ਮੀ ਹਾਲਤ ਵਿੱਚ ਪਈ ਮਿਲੀ ਸੀ। ਕੋਈ ਵਾਹਨ ਉਸਨੂੰ ਟੱਕਰ ਮਾਰਕੇ ਭੱਜ ਗਿਆ ਸੀ। ਬੇਹੋਸ਼ੀ ਦੀ ਹਾਲਤ ਵਿੱਚ ਸਰਕਾਰੀ ਹਸਪਤਾਲ ਵਿੱਚ ਭਰਤੀ ਜਰੂਰ ਕਰ ਦਿੱਤੀ ਗਈ, ਪਰ ਲਾਵਾਰਸ ਬੁੱਢੀ ਦੀ ਕਿਵੇਂ ਦੀ ਦਵਾ ਦਾਰੂ ਹੋਈ, ਇਹ ਰਾਮ ਹੀ ਜਾਣੇ।"

"ਕਿਸ ਹਸਪਤਾਲ ਵਿੱਚ ਭਰਤੀ ਹੈ ਉਹ?" ਪ੍ਰਮੋਦ ਨੇ ਸੁੱਕਦੇ ਗਲੇ ਨਾਲ ਪੁੱਛਿਆ।

"ਅੱਜ ਸਵੇਰੇ ਉਸਨੇ ਦਮ ਤੋੜ ਦਿੱਤਾ ਹੈ। ਲਾਸ਼ ਹੁਣ ਸ਼ਾਇਦ ਮੁਰਦਾਘਰ ਵਿੱਚ ਪਈ ਹੋਵੇਗੀ।"

"ਅਰੇ!" ਵਿਨੋਦ ਦੇ ਚਿਹਰੇ ਦਾ ਵੀ ਰੰਗ ਇੱਕਦਮ ਉੱਡ ਗਿਆ।

"ਦੇਖੋ, ਉੱਥੇ ਜਾ ਕੇ ਸ਼ਿਨਾਖਤ ਕਰ ਲਓ। ਕਿਤੇ ਉਹੀ ਤਾਂ ਤੁਹਾਡੀ ਮਾਂ ਨਹੀ ਹੈ।" ਕਾਂਸਟੇਬਲ ਨੇ ਕਿਹਾ।

ਪ੍ਰਮੋਦ ਅਤੇ ਵਿਨੋਦ ਉੱਠ ਕੇ ਜਦੋਂ ਉਥੋਂ ਚੱਲੇ, ਤਾਂ ਉਨ੍ਹਾਂ ਦੇ ਪੈਰ ਮਣ ਮਣ ਭਾਰੇ ਹੋ ਚੁੱਕੇ ਸਨ।

ਪ੍ਰਮੋਦ ਨੇ ਦੋਨਾਂ ਹੱਥਾਂ ਨਾਲ ਆਪਣੀ ਪੁੜਪੁੜੀ ਦੀਆਂ ਨਸਾਂ ਦੱਬੀਆਂ, "ਇਹ ਕਿਵੇਂ ਦੀ ਮਨਹੂਸ ਖਬਰ ਸੁਣਨ ਨੂੰ ਮਿਲੀ। ਭਗਵਾਨ ਰਹਿਮ ਕਰੇ, ਉਹ ਮਰਨ ਵਾਲੀ ਬੁੜ੍ਹੀ ਸਾਡੀ ਮਾਂ ਨਾ ਹੋਵੇ।"

"ਹੂੰ......।" ਇੱਕ ਡੂੰਘੇ ਹੁੰਗਾਰੇ ਦੇ ਨਾਲ ਵਿਨੋਦ ਨੇ ਸਮਰਥਨ ਕੀਤਾ।

ਉੱਥੇ ਸੜਕ ਦੇ ਕੰਢੇ ਰੁਕ ਕੇ ਪ੍ਰਮੋਦ ਨੇ ਛੋਟੇ ਭਰਾ ਦੇ ਦੋਵੇਂ ਹੱਥ ਫੜ ਲਏ, "ਪੰਜ ਬੇਟੀਆਂ ਦੇ ਵਿਆਹ ਕਰਦੇ ਕਰਦੇ ਸਾਡੇ ਸਾਰੇ ਕਰਮ ਹੋ ਗਏ ਨੇ। ਜਿਵੇਂ ਤਿਵੇਂ ਬੇਟੇ ਦੇ ਵਿਆਹ ਦਾ ਨੰਬਰ ਆਇਆ ਸੀ। ਉਤੋਂ ਬੇਰੋਜ਼ਗਾਰ ਮੁੰਡੇ ਨੂੰ ਕੋਈ ਆਪਣੀ ਕੁੜੀ ਦੇਣ ਲਈ ਤਿਆਰ ਨਹੀਂ ਸੀ। ਉੱਧਰ ਉਸਦੇ ਵਿਆਹ ਦੀ ਉਮਰ ਨਿਕਲਦੀ ਵੇਖਕੇ ਤੇਰੀ ਭਰਜਾਈ ਨੇ ਮੇਰਾ ਜਿਉਣਾ ਮੁਸ਼ਕਲ ਕਰ ਦਿੱਤਾ ਸੀ। ਜਿਵੇਂ-ਤਿਵੇਂ ਤਾਂ ਇੱਕ ਜਗ੍ਹਾ ਗੱਲ ਬਣੀ ਹੈ। ਉੱਤੇ ਕਹਾਵਤ ਹੈ ਨਾ, ਕਾਣੀ ਦੇ ਵਿਆਹ ਵਿੱਚ ਸੌ ਅੜੰਗੇ। ਇੱਥੇ ਵੀ ਵਿਆਹ ਤੋਂ ਹਫ਼ਤਾ ਭਰ ਪਹਿਲਾਂ ਮਾਂ ਦੀ ਗੁੰਮਸ਼ੁਦਗੀ ਨੇ ਮੇਰਾ ਤਾਂ ਦਿਮਾਗ ਹੀ ਖ਼ਰਾਬ ਕਰ ਦਿੱਤਾ ਹੈ।"

"ਜਾਣਦਾ ਹਾਂ।" ਵਿਨੋਦ ਨੇ ਹਾਮੀ ਭਰੀ।

"ਕੁਝ ਵੀ ਹੋਵੇ, ਵਿਆਹ ਦੇ ਕਾਰਡ ਵੰਡੇ ਜਾ ਚੁੱਕੇ ਹਨ, ਵਿਆਹ ਨੂੰ ਮੈਂ ਕਿਸੇ ਵੀ ਕੀਮਤ ਉੱਤੇ ਨਹੀਂ ਟਾਲ ਸਕਦਾ। ਰੱਬ ਨਾ ਕਰੇ, ਪਰ ਜੇਕਰ ਮੁਰਦਾਘਰ ਵਿੱਚ ਪਈ ਬੁੱਢੀ ਸਾਡੀ ਮਾਂ ਹੀ ਹੋਈ ਤਾਂ.....।"

"ਐਨਾ ਬੁਰਾ ਨਾ ਸੋਚੋ ਅਤੇ ਨਾ ਹੀ ਮੂੰਹੋਂ ਕੱਢੋ।" ਵਿਨੋਦ ਕੰਬ ਉੱਠਿਆ, "ਉਹ ਲਾਵਾਰਸ ਬੁੱਢੀ ਸਾਡੀ ਮਾਂ ਕਿਉਂ ਹੋਣ ਲੱਗੀ?"

"ਪਰ ਮਾਂ ਦਾ ਤਾਂ ਕੋਈ ਸੁਰਾਗ ਵੀ ਤਾਂ ਨਹੀਂ ਮਿਲਿਆ। ਨਾ ਹੀ ਪਿੰਡ ਪਹੁੰਚੀ, ਨਾ ਹੀ ਤੁਹਾਡੇ ਇੱਥੇ ਪਰਤੀ ਅਤੇ ਨਾ ਹੀ ਕਿਤੇ ਰਿਸ਼ਤੇਦਾਰੀ ਵਿੱਚ ਗਈ, ਤਾਂ ਫਿਰ ਅਖੀਰ ਹੈ ਕਿੱਥੇ?.......ਪਰ ਤੈਨੂੰ ਸਾਫ਼ ਸਾਫ਼ ਦੱਸ ਦਿੰਦਾ ਹਾਂ ਵਿਨੋਦ, ਅਗਲੀ ਲਗਨ ਦਾ ਇੰਤਜ਼ਾਰ ਕਰਨਾ ਸਾਡੇ ਲਈ ਸੰਭਵ ਨਹੀਂ ਹੈ।" ਪ੍ਰਮੋਦ ਦੇ ਬੁੱਲ੍ਹ ਘੁੱਟੇ ਗਏ ਸਨ।

"ਮਾਂ ਕਿਤੇ ਵੀ ਹੋਵੇ, ਪਰ ਰੱਬ ਕਰੇ ਜਿੰਦਾ ਹਾਲ ਵਿੱਚ ਹੋਵੇ।" ਵਿਨੋਦ ਨੇ ਦੋਵੇਂ ਹੱਥ ਜੋੜਕੇ ਕਿਸੇ ਅਨੰਤ ਸੱਤਾ ਨੂੰ ਅਰਦਾਸ ਕੀਤੀ, "ਇਸ ਵਕਤ ਸਾਡੇ ਵੀ ਬੱਚਿਆਂ ਦੀ ਸਾਲ ਭਰ ਦੀ ਮਿਹਨਤ ਦਾਅ ਉੱਤੇ ਲੱਗੀ ਹੈ। ਅੱਜ ਕੱਲ੍ਹ ਉਂਜ ਵੀ ਇੰਨਾ ਤਕੜਾ ਮੁਕਾਬਲਾ ਹੈ ਕਿ ਬੱਚਿਆਂ ਨੂੰ ਕੁੱਝ ਬਣਾਉਣਾ ਆਸਾਨ ਨਹੀਂ ਰਿਹਾ। ਏਨੀ ਮਹਿੰਗਾਈ ਦੇ ਚਲਦੇ ਉਨ੍ਹਾਂ ਦੀ ਕੋਚਿੰਗ ਸੈਂਟਰ ਦੀ ਤਗੜੀ ਫੀਸ ਭਰਨ ਵਿੱਚ ਸਾਡੇ ਸਾਰੇ ਕਰਮ ਹੋ ਗਏ ਹਨ। ਜੇਕਰ ਕਿਸੇ ਵਜ੍ਹਾ ਨਾਲ ਇੰਜੀਨਿਅਰਿੰਗ ਦੀਆਂ ਪਰਵੇਸ਼ ਪਰੀਖਿਆਵਾਂ ਵਿੱਚ ਨਹੀਂ ਬੈਠ ਸਕੇ ਤੇ ਐਨ ਵਕਤ ਉੱਤੇ ਕੋਈ ਵਿਘਨ ਪਿਆ, ਤਾਂ ਦੋਨੋ ਬੱਚੇ ਬੇਮੌਤ ਮਾਰੇ ਜਾਣਗੇ। ਉਨ੍ਹਾਂ ਨੂੰ ਹੋਰ ਇੱਕ ਸਾਲ ਘਰ ਵਿਚ ਝੱਲਣ ਲਈ ਸੀਮਾ ਕਿਸੇ ਹਾਲ ਵਿੱਚ ਤਿਆਰ ਨਹੀਂ ਹੋਵੇਗੀ।"

"ਸੱਚ ਕਹਿੰਦਾ ਹੈਂ।" ਪ੍ਰਮੋਦ ਨੇ ਸਮਰਥਨ ਕੀਤਾ।

"ਮਾਂ ਭਾਵੇਂ ਦੁਨੀਆਂ ਦੇ ਕਿਸੇ ਕੋਨੇ ਵਿੱਚ ਹੋਵੇ, ਪਰ ਮੁਰਦਾ ਘਰ ਵਿੱਚ ਨਹੀਂ ਹੋਣੀ ਚਾਹੀਦੀ।" ਵਿਨੋਦ ਬੁੜਬੁੜਾਇਆ।

ਪ੍ਰਮੋਦ ਨੇ ਹੌਂਸਲਾ ਦੇਣ ਲਈ ਉਸਦੇ ਮੋਢੇ ਤੇ ਹੱਥ ਰੱਖ ਦਿੱਤਾ।

ਤੇ ਹੁਣ ਉਹ ਦੋਵੇਂ ਮੁਰਦਾਘਰ ਦੇ ਨੇੜੇ ਪਹੁੰਚ ਚੁੱਕੇ ਸਨ। ਸਰਕਾਰੀ ਹਸਪਤਾਲ ਦੇ ਇਸ ਹਿੱਸੇ ਵਿੱਚ ਉਹ ਮੁਰਦਾਰ ਮਨੁੱਖ ਸਰੀਰ ਪਏ ਹੋਏ ਸਨ, ਜਿਨ੍ਹਾਂ ਨੂੰ ਪੋਸਟਮਾਰਟਮ ਲਈ ਆਪਣੀ ਵਾਰੀ ਦਾ ਇੰਤਜ਼ਾਰ ਸੀ। ਇਸ ਮੁਰਦਾ ਘਰ ਦੀ ਸੀਮਾ ਵਿੱਚ ਪਹੁੰਚ ਕੇ ਦੋਵੇਂ ਭਰਾ ਇੱਕ ਗਹਿਰੇ ਮਾਨਸਿਕ ਦਰਦ ਨਾਲ ਰੂਬਰੂ ਹੋ ਰਹੇ ਸਨ। ਹਸਪਤਾਲ ਦਾ ਇਕ ਕਰਮਚਾਰੀ ਉਨ੍ਹਾਂ ਦੇ ਨਾਲ ਸੀ।

ਅੱਜ਼ ਸਵੇਰੇ ਉੱਥੇ ਆਈ ਇੱਕ ਬੁੜ੍ਹੀ ਦੀ ਲਾਵਾਰਸ ਲਾਸ਼ ਦੇ ਚਿਹਰੇ ਤੋਂ ਜਿਵੇਂ ਹੀ ਕਰਮਚਾਰੀ ਨੇ ਕੱਪੜਾ ਹਟਾਇਆ, ਦੋਵੇਂ ਭਰਾ ਪਾਟੀਆਂ ਪਾਟੀਆਂ ਅੱਖਾਂ ਨਾਲ ਮੁਰਦੇ ਦਾ ਚਿਹਰਾ ਵੇਖਦੇ ਹੋਏ ਜਿਵੇਂ ਦੋ ਪੱਥਰਾਂ ਵਿੱਚ ਤਬਦੀਲ ਹੋ ਗਏ। ਪਲ ਭਰ ਬਾਅਦ ਉਨ੍ਹਾਂ ਨੇ ਇੱਕ ਦੂਜੇ ਵੱਲ ਵੇਖਿਆ, ਚਹੁੰ ਅੱਖਾਂ ਵਿੱਚ ਗੱਲ-ਬਾਤ ਹੋਈ ਅਤੇ ਫਿਰ ਵੱਡੇ ਭਰਾ ਦੇ ਮੂੰਹ ਵਿਚੋਂ ਇੱਕ ਡਰਾਉਣੀ ਜਿਹੀ ਅਵਾਜ਼ ਨਿਕਲੀ, "ਨਹੀਂ, ਇਹ ਸਾਡੀ ਮਾਂ ਨਹੀਂ ਹੈ।"

ਛੋਟੇ ਭਰਾ ਨੇ ਵੀ ਕਿਸੇ ਪ੍ਰੇਤ ਦੇ ਸਪਾਟ ਭਾਵਹੀਨ ਅੰਦਾਜ਼ ਵਿੱਚ ਤਸਦੀਕ ਕੀਤੀ, "ਨਹੀਂ, ਇਹ ਸਾਡੀ ਮਾਂ ਨਹੀਂ ਹੈ।"

ਕੁਝ ਹੋਰ ਕਹਿਣ ਸੁਣਨ ਦਾ ਸਵਾਲ ਹੀ ਨਹੀਂ ਸੀ। ਉਹ ਦੋਵੇਂ ਸਿਰ ਝੁਕਾ ਕੇ ਉੱਥੋਂ ਅਤੇ ਫਿਰ ਹਸਪਤਾਲ ਦੇ ਅਹਾਤੇ ਵਿਚੋਂ ਵੀ ਬਾਹਰ ਨਿਕਲ ਗਏ।



ਮੁਸ਼ਕਿਲਾਂ ਦੇ ਨਾਲ ਜੇ ਸੰਵਾਦ ਨਾ ਹੁੰਦਾ।
ਜ਼ਿੰਦਗੀ ਵਿੱਚ ਮੈਂ ਕਦੇ ਆਬਾਦ ਨਾ ਹੁੰਦਾ।

ਘਿਰ ਗਿਆ ਹੁੰਦਾ ਕਦੋਂ ਦਾ ਮੈਂ ਸਲਾਖਾਂ ਵਿੱਚ,
ਜਿਸਮ ਇਹ ਮੇਰਾ ਅਗਰ ਫ਼ੌਲਾਦ ਨਾ ਹੁੰਦਾ।

ਭੁੱਲ ਗਿਆ ਹਾਂ ਮੈਂ, ਤੇਰਾ ਇਲਜ਼ਾਮ ਝੂਠਾ ਹੈ,
ਜ਼ੇ ਇਵੇਂ ਹੁੰਦਾ ਤੂੰ ਮੈਨੂੰ ਯਾਦ ਨਾ ਹੁੰਦਾ।

ਸਹਿਮ ਜੇ ਰਹਿੰਦਾ ਸ਼ਹੀਦਾਂ ਦੇ ਮਨਾ ਅੰਦਰ,
ਫਿਰ ਵਤਨ ਮੇਰਾ ਕਦੇ ਆਜ਼ਾਦ ਨਾ ਹੁੰਦਾ।

ਜਾਣਦਾ ਬਿਲਕੁਲ ਵੀ ਨਾ ਮੈਂ ਭੇਦ ਜੀਵਨ ਦਾ,
ਮੈਂ ਲਹੂ ਅਪਣੇ ਤੋਂ ਜੇ ਬਰਬਾਦ ਨਾ ਹੁੰਦਾ।

ਪੰਛੀਆਂ ਨੂੰ ਲੋਰੀਆਂ ਸੀ ਦੇਣੀਆਂ ਕਿਸਨੇ,
ਫ਼ੱਕਰਾਂ ਦੇ ਕੋਲ ਜੇਕਰ ਨਾਦ ਨਾ ਹੁੰਦਾ।

ਮੇਰਿਆਂ ਖ਼ਾਬਾਂ ਦਾ ਘਰ ਬਣਨਾ ਸੀ ਨਾ ਮੁਮਕਿਨ,
ਏਸ ਦੀ ਬਣਿਆ ਜੇ ਤੂੰ ਬੁਨਿਆਦ ਨਾ ਹੁੰਦਾ।

ਫਿਰ ਗ਼ਜ਼ਲਗੋ 'ਵਾਗਲੇ' ਬਣਨਾ ਸੀ ਤੂੰ ਕਿੱਥੇ,
ਜੇ ਕਿਤੇ 'ਰੌਸ਼ਨ' ਜਿਹਾ ਉਸਤਾਦ ਨਾ ਹੁੰਦਾ।

........

ਚੁਪ ਨਹੀਂ ਰਹਿਣਾ ਨਾ ਹੁਣ ਹੰਝੂ ਵਹਾਏ ਜਾਣਗੇ।
ਰਾਤ ਨੂੰ ਹੁਣ ਤਾਰਿਆਂ ਦੇ ਗੀਤ ਗਾਏ ਜਾਣਗੇ।

ਜਗ ਰਹੇ ਤਰਤੀਬ ਵਿਚ ਦੀਵੇ ਬੁਝਾਉਣੇ ਨੇ ਉਨ੍ਹਾਂ,
ਦੋਸ਼ ਫਿਰ ਸਾਰੇ ਹਵਾ ਉੱਤੇ ਲਗਾਏ ਜਾਣਗੇ।

ਮਰਨ ਵੇਲੇ ਲੈ ਕੇ ਜਾਵਾਂਗਾ ਮੈਂ ਅਪਣੇ ਨਾਲ ਹੀ,
ਖ਼ਤ ਨਦੀ ਵਿਚ ਨਾ ਤੇਰੇ ਮੈਥੋਂ ਵਹਾਏ ਜਾਣਗੇ।

ਇਹ ਨਜ਼ਾਰਾ ਜਲਦ ਦੇਖੇਂਗਾ ਤੂੰ ਅੱਖਾਂ ਸਾਹਮਣੇ,
ਵਿੱਛੜੇ ਪੰਜਾਬ ਜਦ ਫਿਰ ਤੋਂ ਮਿਲਾਏ ਜਾਣਗੇ।

ਦੇਣਗੇ ਇਕ ਹੋਣ ਦਾ ਉਪਦੇਸ਼ ਸਾਨੂੰ ਬਾਦ ਵਿਚ,
ਲੋਕ ਪਹਿਲਾਂ ਧਰਮ ਦੇ ਨਾਂ ਤੇ ਲੜਾਏ ਜਾਣਗੇ।

ਫਿਰ ਮਨਾਂਵਾਗਾ ਦੁਸਹਿਰਾ ਬੱਚਿਆਂ ਦੇ ਨਾਲ ਮੈਂ,
ਲੱਭ ਕੇ ਜਦ ਅੱਜ ਦੇ ਰਾਵਣ ਜਲਾਏ ਜਾਣਗੇ।

ਜਿਸਮ ਦੇ ਰੇਤੇ 'ਚ ਲਾ ਕੇ ਫੁੱਲ ਮੈਂ ਪਛਤਾ ਰਿਹਾਂ,
ਏਸਤੇ ਹੁਣ ਥੋਰ੍ਹ 'ਤੇ ਕੰਡੇ ਉਗਾਏ ਜਾਣਗੇ।

ਚੋਗ ਦੇਵਾਂਗਾ ਮੈਂ ਤਲੀਆਂ 'ਤੇ ਉਨ੍ਹਾਂ ਨੂੰ 'ਵਾਗਲੇ',
ਖੋਲ੍ਹਕੇ ਜਦ ਪਿੰਜਰੇ ਪੰਛੀ ਉਡਾਏ ਜਾਣਗੇ।

.......

ਐ ਬਿਰਖ ਤੇਰੀ ਛਾਂ ਨੂੰ, ਸੌ ਸੌ ਸਲਾਮ ਮੇਰਾ।
ਚੱਲਿਆਂ ਮੈਂ, ਹਾਲੇ ਰਹਿੰਦੈ, ਰਸਤਾ ਤਮਾਮ ਮੇਰਾ।

ਮੈਂ ਸੀ ਯਕੀਨ ਕੀਤਾ, ਹਦ ਤੋਂ ਜ਼ਿਆਦਾ ਜਿਸ 'ਤੇ,
ਉਹ ਸ਼ਖਸ ਕਰ ਗਿਆ ਹੈ, ਸਭ ਕੁਝ ਨਿਲਾਮ ਮੇਰਾ।

ਚਸ਼ਮਾ ਤੂੰ ਖ਼ੂਬਸੂਰਤ, ਧਾਰਾ ਮੈਂ ਮਾਰੂਥਲ ਦੀ,
ਤੇਰੀ ਅਦਾ ਦੇ ਸਾਵੇਂ, ਕੀ ਹੈ ਕਲਾਮ ਮੇਰਾ।

ਸੁੱਤਾ ਹੈ ਗੂੜ੍ਹੀ ਨੀਦੇਂ, ਇਉਂ ਜਾਪਦਾ ਏ ਮੈਨੂੰ,
ਜਦ ਵੀ ਬੁਲਾਵਾਂ ਉਸਨੂੰ, ਸੁਣਦਾ ਨਾ ਰਾਮ ਮੇਰਾ।

ਆਇਆ ਹੈ ਸਿਰ ਕਟਾ ਕੇ, ਅਜ ਓਸ ਦੇ ਨਗਰ 'ਚੋਂ,
ਮੈਂ ਮੋੜਿਆ, ਨਾ ਮੁੜਿਆ, ਦਿਲ ਬੇਲਗਾਮ ਮੇਰਾ।

ਮੈਂ ਉਮਰ ਕੱਟ ਲਵਾਂਗਾ, ਕਦਮਾਂ 'ਚ ਤੇਰੇ ਬਹਿ ਕੇ,
ਕਹਿ ਕੇ ਤਾਂ ਦੇਖ ਮੈਨੂੰ, ਬਣ ਜਾ ਗੁਲਾਮ ਮੇਰਾ।

ਉਸਨੂੰ ਖ਼ਬਰ ਨਾ ਕੋਈ, ਮਰ ਮਰ ਕੇ ਕੌਣ ਜੀਵੇ,
ਬਸ, ਗੋਪੀਆਂ 'ਚ ਰਹਿੰਦਾ, ਮਸਰੂਫ਼ ਸ਼ਾਮ ਮੇਰਾ।

## ਗਜ਼ਲਾਂ / ਹਰਸਿਮਰਤ ਕੌਰ



ਕਾਸਾ ਚੁੱਕ ਕੇ, ਤਸਬੀ ਫੜ੍ਹਕੇ ਕਿੰਨੇ ਜੰਗਲ ਗਾਹ ਦਿੱਤੇ ਨੇ
ਅੰਦਰ ਝਾਤੀ ਮਾਰ ਨਾ ਹੋਈ ਭਗਵੇਂ ਵਸਤਰ ਲਾਹ ਦਿੱਤੇ ਨੇ

ਦੱਸੋ ਉਸਨੂੰ ਲੱਭਾਂ ਕਿੱਥੇ, ਕਿੱਦਾਂ ਮੈਂ ਉਸਦੀ ਭਾਲ ਕਰਾਂ
ਮੈਂ ਤਾਂ ਸਾਰੇ ਮੰਦਿਰ ਮਸਜਿਦ ਗੁੱਸੇ ਦੇ ਵਿੱਚ ਢਾਹ ਦਿੱਤੇ ਨੇ

ਨਾ ਮੈਂ ਸੱਸੀ ਹੀਰ, ਨਾ ਸੋਹਣੀ, ਨਾ ਮੈਂ ਲੈਲਾ ਮਜਨੂੰ ਦੀ ਹਾਂ
ਐਪਰ ਤੇਰੇ ਨਾਵੇਂ ਕਰਤੇ ਜਿੰਨੇ ਉਸਨੇ ਸਾਹ ਦਿੱਤੇ ਨੇ

ਛੱਡੋ ਹੁਣ ਤਾਂ ਗੱਲ ਪੁਰਾਣੀ, ਹੁਣ ਕੀ ਉਸਦੀ ਗੱਲ ਕਰਨੀ ਏਂ
ਮੈਂ ਤਾਂ ਸਾਰੇ ਸੁਪਨੇ ਸਪਨੇ ਇੱਕੋ ਰੱਸੇ ਫਾਹ ਦਿੱਤੇ ਨੇ

ਪੈਰਾਂ ਵਿਚ ਬੇੜੀ ਪਾ ਕੇ, ਚਲਣੇ ਦਾ ਫ਼ਰਮਾਨ ਸੁਣਾਇਆ
ਚੁੰਮ ਕੇ ਰੱਸਾ, ਮੈਂ ਮੁਨਸਿਫ਼ ਦੇ ਸਾਰੇ ਖਦਸ਼ੇ ਲਾਹ ਦਿੱਤੇ ਨੇ

ਅਪਣੀ ਨਾਕਾਮੀ ਦਾ ਸਿਹਰਾ ਮੜ੍ਹ ਨਾ ਰੱਬ ਦੇ ਮੱਥੇ ’ਤੇ ਤੂੰ
ਜਿਸਨੇ ਮੰਜ਼ਿਲ ਤੱਕ ਪਹੁੰਚਣ ਲਈ, ਤੈਨੂੰ ਕਿੰਨੇ ਰਾਹ ਦਿੱਤੇ ਨੇ

ਰਾਹ ਸੁਖਾਵਾਂ ਹੋ ਜਾਣਾ ਸੀ, ਤੇਰਾ ਮੇਰਾ, ਮੇਰਾ ਤੇਰਾ
ਕਿੰਨੇ ਹੀ ਇਹ ਦਰਦ ਅਵੱਲੇ ਤੂੰ ਤਾਂ ਖਾਹ-ਮ-ਖਾਹ ਦਿੱਤੇ ਨੇ

.......

ਅਧਰਮੀ ਲੋਕ, ਲੋਕਾਂ ਨੂੰ ਬੜਾ ਬੁੱਧੂ ਬਣਾਉਂਦੇ ਨੇ
ਇਹ ਲੁੱਟ ਦੇ ਵੀ ਲੋਕਾਂ ਨੂੰ, ਤੇ ਆਪਸ ਵਿਚ ਲੜਾਉਂਦੇ ਨੇ

ਕਰਾਂ ਕਿੱਦਾ ਮੈਂ ਸਿਜਦਾ ਤੇ, ਕਰਾਂ ਕਿਉਂ ਕਰ ਇਬਾਦਤ ਮੈਂ
ਦੁਕਾਨਾਂ ’ਤੇ ਜੁ ਰੱਬ ਵਿੱਕਦੇ, ਨਾ ਉੱਕਾ ਦਿਲ ਨੂੰ ਭਾਉਂਦੇ ਨੇ

ਕਹਾਣੀ ਹੈ ਬੜੀ ਦਿਲਚਸਪ, ਉਸ ਦੇ ਰਾਜ ਵਿਚ ਅਕਸਰ
ਜੋ ਚੁਣਦਾ ਰਾਹ ਮੁਹੱਬਤ ਦਾ ਉਹਨੂੰ ਸੂਲੀ ਚੜਾਉਂਦੇ ਨੇ

ਬੜੇ ਪੱਥਰ, ਬੜੇ ਕੱਟੜ ਨੇ ਫਿਰਕੂ ਤਾਕਤਾਂ ਵਾਲੇ
ਜ਼ਬਰਦਸਤੀ ਮੇਰੇ ਤੋਂ, ਰਾਮ ਦੇ ਨਾਹਰੇ ਲਵਾਉਂਦੇ ਨੇ

ਕਹੋ ਕਿੱਦਾਂ ਮੈਂ ਕਹਿ ਦੇਵਾਂ, ਕਿ ਹੱਕ ਸਾਡੇ ਬਰਾਬਰ ਨੇ
ਮੈਂ ਭਾਵੇਂ ਨਾਗਰਿਕ ਹਾਂ, ਫਿਰ ਵੀ, ਹਮਲਾਵਰ ਬੁਲਾਉਂਦੇ ਨੇ

ਹੈ ਭਾਵੇਂ ਸੰਖਿਆ ਥੋੜੀ, ਲੜੇ ਹਾਂ ਦੇਸ਼ ਦੀ ਖਾਤਿਰ
ਅਸਾਡੀ ਦੇਸ਼ ਭਗਤੀ ਦੀ, ਬੜੀ ਖਿੱਲੀ ਉਡਾਉਂਦੇ ਨੇ

ਇਹ ਡਾਂਗਾਂ ਸੋਟਿਆਂ ਨਿੱਕਰਾਂ ਤੇ ਚਿੱਟੇ ਕੁੜਤਿਆਂ ਵਾਲੇ
ਜੋ ਪਾਏ ਪੂਰਨੇ ਕੇਸ਼ਵ ਨੇ ਉਹਨਾਂ ਨੂੰ ਮਿਟਾਉਂਦੇ ਨੇ ।

.......

ਮੌਤ ਤੋਂ ਨਾ ਡਰਾਂ ਕਾਸਤੋ ਮੈਂ ਡਰਾਂ,
ਜ਼ਿੰਦਗੀ ਜਾਪਦੀ ਮੌਤ ਤੋਂ ਵੀ ਪਰ੍ਹਾਂ

ਹਰ ਜਗ੍ਹਾ ’ਤੇ ਹੈਂ ਤੂੰ, ਹਰ ਜ਼ਰੇ ਵਿੱਚ ਹੈਂ ਤੂੰ
ਪਰ ਮੈਂ ਲੱਭਾਂ ਜਿਵੇਂ ਪਾਗਲਾਂ ਦੀ ਤਰ੍ਹਾਂ

ਜੇ ਤੂੰ ਤਾਰੇ ਲਿਆਵੇਂਗਾ ਮੇਰੇ ਲਈ,
ਮੈਂ ਮੁਹੱਬਤ ਦੇ ਰਾਹਾਂ ’ਤੇ ਤਾਂ ਹੀ ਤੁਰਾਂ

ਬੇਫਿਕਰ ਮੈਂ ਨਹੀਂ ਬੇਫਿਕਰ ਤੂੰ ਨਹੀਂ,
ਭਾਰ ਦੁੱਖਾਂ ਦਾ ਬਾਹਲਾ ਹੈ ਮੈਂ ਕੀ ਕਰਾਂ.

ਜਦ ਭੁਲਾਵੇਂਗਾ ਤੂੰ ਚੇਤਿਆਂ ਚੋਂ ਕਦੇ,
ਸਾਹ ਵੀ ਰੁੱਕ ਜਾਣਗੇ ਧੜਕਣਾਂ ਦੀ ਤਰ੍ਹਾਂ

ਮੌਸਮਾਂ ਦੀ ਤਰ੍ਹਾਂ ਤੂੰ ਬਦਲਦਾ ਪਿਆਂ,
ਵਾਂਗ ਧਰਤੀ ਦੇ ਚੁੱਪਚਾਪ ਸਭ ਕੁਝ ਜਰਾਂ

ਜੇ ਮੁਕਰਨਾ ਹੀ ਸੀ, ਤਾਂ ਮੁਹੱਬਤ ਦਾ ਕੀ
ਕਿਉਂ ਮੈਂ ਰਾਹਾਂ ਚ ਐਂਵੇ ਭਟਕਦੀ ਫਿਰਾਂ

ਮਿਹਰਬਾਨੀ ਬੜੀ ਹੈ ਤੁਹਾਡੀ ਕਿ ਹੁਣ
ਜਖ਼ਮ ਅਪਣੇ ਨੂੰ ਮਰਹਮ ਕਰਾਂ ਨਾ ਕਰਾਂ

ਕਹਾਣੀ

# ਮੌਤ ਤੋਂ ਪਰ੍ਹਾਂ / ਜੋਗੇ ਭੰਗਲ



ਆਖ਼ਿਰ ਆਪਣੇ ਪਤੀ ਵਰਿੰਦਰ ਦੇ ਵਲ ਕੱਢਣ ਲਈ ਰਾਣੀ ਨੂੰ ਅੱਕ ਚੱਬਣਾ ਹੀ ਪਿਆ। ਉਹਦੇ ਗੁਆਂਢ 'ਚ ਰਹਿੰਦਾ ਇਕ ਸੋਹਲ, ਸ਼ਰਮਾਕੁਲ, ਲੈਰਾ ਜਿਹਾ ਮੁੰਡਾ ਉਹਨੂੰ ਲਗਰ ਜਿਹਾ ਲੱਗਦਾ। ਉਂਝ ਵੀ ਲੰਮਾ, ਪਤਲਾ, ਗੋਰੇ ਰੰਗ ਦਾ। ਅਜੇ ਹਲਕੀ ਜਿਹੀ ਉਮਰ ਅਤੇ ਉਸੇ ਹਿਸਾਬ ਦੀਆਂ ਦਾਹੜੀ-ਮੁੱਛਾਂ। ਨਾਂ ਤਾਂ ਉਹਦਾ ਉਂਝ ਰਛਪਾਲ ਪਰ ਲੋਕੀਂ ਉਹਨੂੰ ਪਾਲਾ-ਪਾਲਾ ਕਹਿੰਦੇ। ਤੁਰਦਾ ਤਾਂ ਉੱਡੂੰ-ਉੱਡੂੰ ਕਰਦਾ। ਹੁਣੇ-ਹੁਣੇ ਡਰਾਇੰਗ ਟੀਚਰ ਦਾ ਕੋਰਸ ਕਰ ਕੇ ਆਇਆ। ਉੱਧਰ ਰਾਣੀ ਦਾ ਪਤੀ ਵਰਿੰਦਰ ਦੇਖਣ ਨੂੰ ਠੀਕ-ਠਾਕ ਜਿਹਾ ਪਰ ਸਮਝੇ ਖ਼ੁੱਦ ਨੂੰ ਉਹ ਰਾਜਾ ਰਸਾਲੂ।

ਪਾਲੇ ਨਾਲ ਪੀਂਘ ਚੜ੍ਹਾਉਣ ਲਈ ਰਾਣੀ ਨੇ ਪੀਰਾਂ ਦੀ ਜਗ੍ਹਾ ਦਾ ਸਹਾਰਾ ਲਿਆ। ਰੋਜ਼ ਸਵੇਰੇ-ਸ਼ਾਮ ਚਿਰਾਗ ਕਰਨ ਦੇ ਬਹਾਨੇ ਜਾਂਦੀ। ਘਰਦਿਆਂ, ਲੋਕਾਂ ਨੂੰ ਇਹ ਦੱਸਦੀ ਕਿ ਮੈਂ 'ਉਹਨਾਂ' ਨੂੰ ਸਿੱਧੇ ਰਾਹ ਪਾਉਣ ਲਈ ਚੌਂਕੀਆਂ ਭਰਦੀ ਆਂ। ਚੌਂਕੀਆਂ ਭਰਦੀ ਨੂੰ ਦੇਖਣ ਵਾਲੇ ਕਿਹੜਾ ਕਿਤੇ ਦੁੱਧ ਚੁੰਘਦੇ ਨੇ। ਇਹ ਤਾਂ ਉਦੋਂ ਪਤਾ ਲੱਗਾ ਜਦੋਂ ਉਹਦੇ ਜੇਠ-ਜਠਾਣੀ ਨੇ ਉਹਦਾ ਰਾਹ ਰੋਕ ਲਿਆ। ਪਰ ਉਹਨਾਂ ਦੇ ਰੋਕਿਆਂ ਉਹ ਕਦ ਰੁਕਦੀ ਸੀ। ਵਰਿੰਦਰ ਨੂੰ ਦੱਸਿਆ ਪਰ ਉਹ ਕਿਹੜੇ ਮੂੰਹ ਨਾਲ ਕਹਿੰਦਾ। ਉਂਝ ਉਹ ਆਪਣੇ-ਆਪ 'ਚ ਬੜੀ ਹੱਤਕ ਮਹਿਸੂਸ ਕਰੇ। ਉਹਦੇ ਕੋਲ ਤਾਂ ਉਹਨੂੰ ਮਨਾਉਣ ਲਈ ਬੱਸ ਤਰਲੇ-ਮਿੰਨਤਾਂ ਹੀ ਸਨ। ਤਰਲੇ-ਮਿੰਨਤਾਂ ਦੇ ਨਾਲ-ਨਾਲ ਉਹਨੇ ਕੰਨਾਂ ਨੂੰ ਹੱਥ ਲਾ-ਲਾ ਤੋਬਾ ਕੀਤੀ ਕਿ ਜੇ ਅੱਜ ਤੋਂ ਬਾਅਦ ਉਸ ਨੇ ਕੋਈ ਘਟੀਆ ਹਰਕਤ ਕੀਤੀ ਤਾਂ ਉਹ ਜੋ ਵੀ ਸਜਾ ਲਾਵੇ, ਉਹ ਭੁਗਤਣ ਲਈ ਤਿਆਰ ਏ। ਪਰ ਉਹਦੀ ਰਾਣੀ ਦਾ ਮਨ ਕਿੱਥੇ ਮੰਨੇ। ਉਹ ਕਹੇ ਕਿ ਕੁੱਤੇ ਦੀ ਪੂਛ ਸਿੱਧੀ ਹੋ ਸਕਦੀ ਏ ਪਰ ਤੂੰ ਵਿੰਗੇ ਦਾ ਵਿੰਗਾ ਰਹਿਣਾ। ਜੇ ਉਹਦੇ ਮਨ 'ਚ ਕਦੀ-ਕਦੀ ਆਉਂਦਾ ਵੀ ਕਿ ਇਹਨੂੰ ਬਖ਼ਸ਼ ਦਿਆਂ ਤਾਂ ਫਿਰ ਪਾਲੇ ਨੂੰ ਪਿੱਛੇ ਮੋੜਨ ਵਾਲ਼ਾ ਅਜੇ ਕੋਈ ਨਹੀਂ ਸੀ ਜੰਮਿਆਂ। ਉਹਨੂੰ ਖ਼ੁੱਦ ਨੂੰ ਸਮਝ ਨਹੀਂ ਸੀ ਆਉਂਦੀ ਕਿ ਕੀ ਕਰੇ, ਕਿਵੇਂ ਉਹਨੂੰ ਪਿਛਾਂ ਮੋੜੇ।

ਪੀਰਾਂ ਦੀ ਜਗ੍ਹਾ ਲਾਗੇ ਪਾਲੇ ਹੁਣਾਂ ਦੇ ਖੇਤ। ਖੇਤੀ ਦਾ ਕੰਮ-ਧੰਦਾ ਤਾਂ ਉਹਦਾ ਬਾਪ ਹੀ ਕਰਦਾ। ਪਾਲਾ ਤਾਂ ਬੱਸ ਮਾੜਾ-ਮੋਟਾ ਕਿਤੇ ਨੱਕਾ ਮੋੜ ਛੱਡਿਆ ਜਾਂ ਫਿਰ ਡੰਗਰਾਂ ਨੂੰ ਪਾਣੀ-ਧਾਣੀ ਪਿਲਾ ਦਿੰਦਾ। ਵੇਲੇ-ਕੁਵੇਲੇ ਪੱਠੇ ਵੀ ਪਾ ਆਉਂਦਾ। ਬਾਪ ਸੋਚਦਾ ਕਿ ਚਲੋ ਪਾੜ੍ਹਾ ਮੁੰਡਾ, ਆਪਣੀ ਕਿਤੇ ਨੌਕਰੀ-ਨੂਕਰੀ ਦੀ ਕੋਸ਼ਿਸ਼ ਕਰ ਲਏ। ਨਾਲੇ ਘੁੰਮ ਲਏ ਚਾਰ ਦਿਨ, ਫੇ ਕੰਮ ਈ ਕਰਨਾ ਸਾਰੀ ਉਮਰ। ਉਹਤੋਂ ਛੋਟਾ ਅਜੇ ਦਸਵੀਂ 'ਚ ਪੜ੍ਹਦਾ ਸੀ।

ਰਜਵਿੰਦਰ ਕੌਰ ਉਰਫ਼ ਰਾਣੀ, ਦੋ ਬੱਚਿਆਂ ਦੀ ਮਾਂ। ਉਮਰ ਮਸਾਂ ਪੱਚੀ ਕੁ ਦੀ। ਕੱਦ ਦਰਮਿਆਨਾ ਪਰ ਉਹਦਾ ਰੰਗ ਦੁੱਧ ਨੂੰ ਵੀ ਮਾਤ ਪਾਉਂਦਾ। ਸਰੀਰ ਦੀ ਉਹ ਨਾ ਪਤਲੀ ਨਾ ਭਾਰੀ। ਮਾਸੂਮੀਅਤ ਅਜੇ ਵੀ ਬੱਚਿਆਂ ਵਰਗੀ। ਖਿੱਚ ਐਸੀ ਕਿ ਸਿਰ ਝੁਕਾ ਕੇ ਤੁਰਨ ਵਾਲਾ, ਚੜ੍ਹਦੀ ਬਰੇਸ ਦਾ ਮੁੰਡਾ ਪੱਟ ਕੇ ਪਟਾਰੀ 'ਚ ਬੰਦ ਕਰ ਲਿਆ। ਪ੍ਰੇਮ-ਪੀਂਘ 'ਤੇ ਚੜ੍ਹੇ ਤਾਂ ਡਰਦਿਆਂ ਹੌਲੀ-ਹੌਲੀ ਝੂਟੇ ਲੈਣੇ ਸ਼ੁਰੂ ਕੀਤੇ। ਪੀਂਘ ਚੜ੍ਹਦੀ-ਚੜ੍ਹਦੀ ਉਤਾਂਹ ਚੜ੍ਹ ਗਈ। ਉਤਾਂਹ ਚੜ੍ਹੀ ਪੀਘ ਫਿਰ ਗੁੱਝੀ ਕਿਵੇਂ ਰਹਿੰਦੀ। ਚਰਚਾ ਸ਼ੁਰੂ ਹੋਈ ਤਾਂ ਰਾਣੀ, ਪਾਲੇ ਦੇ ਕਿੱਸੇ ਬਣਨੇ ਸ਼ੁਰੂ ਹੋ ਗਏ। ਕਿੱਸੇ ਮਜ਼ਨੂੰ-ਲੈਲਾ 'ਚ ਬਦਲ ਗਏ।

ਰਾਣੀ ਦਾ ਜਦੋਂ ਵਰਿੰਦਰ ਨਾਲ ਵਿਆਹ ਹੋਇਆ ਤਾਂ ਪਤੀ-ਪਰਮੇਸ਼ਵਰ ਨੇ ਬੜੇ-ਬੜੇ ਵਾਦ੍ਹੇ ਕੀਤੇ ਕਿ ਮੈਂ ਤੇਰਾ ਤੂੰ ਮੇਰੀ। ਸਿਰਫ਼ ਅਲਗ-ਅਲਗ ਤਸਵੀਰਾਂ, ਜਿਸਮ ਦੋਵੇਂ ਇਕ। ਸੱਤ ਜਨਮ ਇਕੱਠੇ ਰਹਿਣ ਦੀਆਂ ਕਸਮਾਂ। ਪਰ ਅਜੇ ਵਿਆਹ ਨੂੰ ਸੱਤ ਮਹੀਨੇ ਵੀ ਮਸਾਂ ਲੰਘੇ ਕਿ ਵਰਿੰਦਰ ਦੀ ਹੋਰ ਹੂਰਾਂ ਨਾਲ ਸਬੰਧਾਂ ਦੀ ਚਰਚਾ ਉਡਦੀ-ਉਡਦੀ ਰਾਣੀ ਦੇ ਵਿਹੜੇ ਤੱਕ ਵੀ ਆ ਪਹੁੰਚੀ। ਹੌਲੀ-ਹੌਲੀ ਧੀਮੀ ਹਵਾ ਬੁੱਲਿਆਂ 'ਚ ਬਦਲ ਗਈ। ਵਰਿੰਦਰ ਆਪਣੇ ਦਾਅ-ਪੇਚਾਂ ਨਾਲ ਕਿਸੇ ਨਾ ਕਿਸੇ ਤਰ੍ਹਾਂ ਰਾਣੀ ਨੂੰ ਸਮਝਾਉਂਦਾ-ਵਰਾਉਂਦਾ ਰਿਹਾ ਕਿ ਲੋਕੀਂ ਖੰਭਾਂ ਦੀਆਂ ਡਾਰਾਂ ਬਣਾ ਦਿੰਦੇ। ਜਿੱਥੇ ਔਰਤ-ਮਰਦ ਇਕੱਠੇ ਦਫ਼ਤਰ 'ਚ ਕੰਮ ਕਰਦੇ, ਉੱਥੇ ਆਪਸ ਵਿਚ ਗੱਲਾਂ ਕਰਨੀਆਂ ਪੈਂਦੀਆਂ। ਇਕੱਠੇ ਆਉਣਾ-ਜਾਣਾ ਵੀ ਪੈਂਦਾ। ਰਾਣੀ ਉਹਨੂੰ ਆਪਣਾ ਰੱਬ ਮੰਨ ਕੇ ਵਿਸ਼ਵਾਸ਼ ਕਰਦੀ ਚਲੇ ਗਈ। ਲੋਕਾਂ ਦੀਆਂ ਗੱਲਾਂ ਨੂੰ ਉਹ ਇਕ ਕੰਨ ਸੁਣਦੀ, ਦੂਜੇ ਕੰਨ ਕੱਢ ਦਿੰਦੀ। ਹੌਲੀ-ਹੌਲੀ ਬੁੱਲੇ ਹਨੇਰੀ 'ਚ ਬਦਲਣ ਲੱਗੇ। ਫੇਰ ਉਹ ਵਿਚਾਰੀ ਕੀ ਕਰਦੀ। ਅਜੇ ਇਕ ਗੱਲ ਕੰਨ 'ਚ ਆਈ ਨਿਕਲਦੀ ਨਾ, ਹੋਰ ਨਵੀਂ ਆ ਫਸਦੀ। ਗੱਲਾਂ ਆਖ਼ਿਰ ਇੰਨੀਆਂ ਇਕੱਠੀਆਂ ਹੋ ਗਈਆਂ ਕਿ ਨਿਕਲਣ ਦਾ ਨਾਂ ਨਾ ਲੈਣ। ਇਹਨਾਂ ਗੱਲਾਂ ਤੋਂ ਗੱਲ ਵਰਿੰਦਰ-ਰਾਣੀ 'ਚ 'ਤੂੰ-ਤੂੰ, ਮੈਂ-ਮੈਂ' ਤੱਕ ਪਹੁੰਚ ਗਈ। ਆਖ਼ਿਰ ਕਦ ਤੱਕ ਮਨਘੜਤ ਕਹਾਣੀਆਂ ਚਲਦੀਆਂ। ਉਹਦੀ ਜ਼ੁਬਾਨ ਥਿੜਕਣ ਲੱਗੀ। ਜਦੋਂ ਉਹ ਥਿੜਕਣ ਲੱਗਾ, ਰਾਣੀ ਦਾ ਵਿਸ਼ਵਾਸ਼ ਵੀ ਫਿਸਲਣ ਲੱਗਾ।

ਪਰ ਫੇਰ ਇਕ ਦਿਨ ਤਾਂ ਐਸਾ ਤੂਫ਼ਾਨ ਚੜ੍ਹਿਆ ਕਿ ਨੇਰ੍ਹਾ ਹੀ ਹੋ ਗਿਆ। ਵਰਿੰਦਰ ਕਿਤੇ ਇਕ ਨੌਵੀਂ 'ਚ ਪੜ੍ਹਦੀ ਪਿੰਡ ਦੀ ਹੀ ਨਬਾਲਗ ਕੁੜੀ ਨਾਲ ਰੰਗ-ਰਲੀਆਂ

ਮਨਾਉਂਦਾ ਰੰਗੇ ਹੱਥੀਂ ਦਬੋਚਿਆ ਗਿਆ। ਉਸ ਦਿਨ ਉਹਦੇ ਐਸੀ ਬਿੱਲਾ-ਕੁੱਟ ਪਈ ਕਿ ਬੱਸ ਐਂ ਸਮਝੋ ਕਿ ਜਾਨ ਬਚੀ ਤਾਂ ਲੱਖਾਂ ਪਾਏ। ਬਦਮਾਸ਼ ਤੋਂ ਬਦਮਾਸ਼ ਨੇ ਵੀ ਪਾਣੀ ਪਿਲਾ-ਪਿਲਾ ਕੁੱਟਿਆ। ਜਿਹੜੇ ਮਿੰਨਤਾਂ-ਤਰਲੇ ਕੀਤੇ, ਉਹ ਵਾਧੂ। ਐਸੀ ਹਾਲਤ ਕਰ ਦਿੱਤੀ ਕਿ ਰੋਟੀ ਛੱਡਿਆ, ਪਾਣੀ ਮਸੀਂ ਲੰਘੇ। ਸੁੱਜ ਕੇ ਮੂੰਹ-ਸਿਰ ਇਕ ਹੋਇਆ ਪਿਆ। ਕੱਪੜਿਆਂ ਤੋਂ ਬਾਹਰ ਹੋਈ ਰਾਣੀ ਨੂੰ ਵੀ ਇਕ ਵਾਰ ਤਾਂ ਉਹਦੀ ਹਾਲਤ ਦੇਖ ਕੇ ਰੋਣਾ ਆ ਗਿਆ।

ਵਰਿੰਦਰ ਇਕ ਬੀ.ਡੀ.ਪੀ.ਓ. ਦੇ ਲੋਕਲ ਦਫਤਰ 'ਚ ਜੂਨੀਅਰ ਸਹਾਇਕ ਸੀ। ਹੁਣ ਉਹ ਕਿਹੜੇ ਮੂੰਹ ਨਾਲ਼ ਉੱਥੇ ਕੰਮ ਕਰਦਾ। ਨੱਠ-ਭੱਜ, ਖ਼ੱਜਲ-ਖ਼ੁਆਰ ਹੁੰਦਿਆਂ, ਪੈਸੇ ਚਾੜ੍ਹ-ਚੂੜ੍ਹ ਕੇ, ਮਿੰਨਤਾਂ-ਤਰਲਿਆਂ ਨਾਲ ਕਿਤੇ ਡੇਢ ਮਹੀਨੇ ਬਾਅਦ ਜਾ ਕੇ ਬਦਲੀ ਹੋਈ। ਬਿਨਾਂ ਤਨਖਾਹ ਛੁੱਟੀ ਕਰਕੇ ਖਾਣ-ਪੀਣ ਦੇ ਵੀ ਲਾਲ਼ੇ ਪੈ ਗਏ। ਨਵੇਂ ਥਾਂ ਬਾਰਡਰ ਦੇ ਕਿਸੇ ਜਿਲ੍ਹੇ ਦੇ ਦਫ਼ਤਰ ਵਿਚ ਹਾਜਰ ਹੋ ਕੇ ਉਹਦੇ ਮਸੀਂ ਸਾਹ 'ਚ ਸਾਹ ਆਇਆ। ਫਿਰ ਵੀ ਸ਼ੁਕਰ ਏ, ਉਹਦੇ ਮਿੰਨਤਾਂ-ਤਰਲੇ ਐਫ਼.ਆਈ.ਆਰ. ਦਰਜ ਹੋਣ ਤੋਂ ਬਚਾਅ ਕਰ ਗਏ ਉਹਦਾ। ਨਹੀਂ ਤਾਂ ਨੌਕਰੀ ਤੋਂ ਵੀ ਹੱਥ ਧੋਣੇ ਪੈਂਦੇ।

ਉਹਦੀਆਂ ਕਰਤੂਤਾਂ ਦੀ ਇਤਲਾਹ ਅਗਾਂਹ ਵੀ ਪਹੁੰਚ ਗਈ। ਕਿੰਨੀ ਟੈਂਸ਼ਨ ! ਫਿਰ ਲੋਕਾਂ, ਰਿਸ਼ਤੇਦਾਰਾਂ ਸਾਹਮਣੇ ਸ਼ਰਮਿੰਦਗੀ। ਉੱਪਰੋਂ ਸਰੀਰਿਕ/ਮਾਨਸਿਕ ਸੱਟਾਂ ਦਾ ਬੋਝ, ਪਤਨੀ ਦੇ ਤਾਨ੍ਹੇ-ਮੇਨ੍ਹੇ। ਇੰਝ ਜੀਉਂਣਾ ਮਰਨ ਤੋਂ ਵੀ ਭੈੜਾ ਹੁੰਦਾ। ਸਿਰ ਥੱਲੇ, ਜੁਬਾਨ ਨੂੰ ਤਾਲਾ, ਹੱਥਾਂ 'ਚ ਹੱਥਕੜੀ, ਪੈਰਾਂ 'ਚ ਬੇੜੀਆਂ ਸਮਝ ਕੇ ਦਿਨ ਕਟੀ ਕਰਨਾ ਪਹਾੜ ਚੜ੍ਹਨ ਤੋਂ ਵੀ ਔਖਾ। ਫਿਰ ਇਸ ਹਾਲਤ ਵਿਚ ਨਾ ਭੁੱਖ ਨਾ ਥਿਆ, ਨਾ ਨੀਂਦ ਨਾ ਆਰਾਮ।

'ਲੈ ਫਿਰ, ਹੁਣ ਮੈਂ ਤੈਨੂੰ ਦਸਦੀ ਆਂ ਕਿ ਰਾਣੀ ਚੀਜ਼ ਕੀ ਏ।' ਦੂਜੇ ਪਾਸੇ ਰਾਣੀ ਨੇ ਆਪਣੇ ਹਥਿਆਰ ਚੁੱਕ ਲਏ। ਉਹਨੇ ਮਨ ਹੀ ਮਨ ਪਤਾ ਨਈਂ ਕਿਹੜੀ ਕਸਮ ਖਾ ਲਈ। ਬੱਸ, ਉਦੋਂ ਤੋਂ ਉਹਦੀ ਅੱਖ ਪਾਲੇ ਦੀ ਅੱਖ ਨਾਲ ਟਕਰਾਉਣ ਲੱਗ ਪਈ।

ਵਰਿੰਦਰ ਹੁਣ ਹਫ਼ਤੇ ਕੁ ਬਾਅਦ, ਉਹ ਵੀ ਰਾਤ-ਬਰਾਤੇ ਚੋਰਾਂ ਵਾਂਗ ਪਿੰਡ ਵੜਦਾ। ਚੋਰਾਂ ਵਾਂਗ ਨੇਰ੍ਹੇ ਹੀ ਨਿਕਲ ਜਾਂਦਾ। ਰਾਣੀ ਨੇ ਤਾਂ ਉਹਨੂੰ ਕਲਾਮ ਤੱਕ ਕਰਨਾ ਬੰਦ ਕਰ ਦਿੱਤਾ। ਉਹਨੂੰ ਖੁੱਲ੍ਹ ਦਿੱਤੀ ਜੋ ਮਰਜ਼ੀ ਕਰੇ। ਬੇਸ਼ਕ ਮੇਰੇ ਸਾਹਮਣੇ ਨਿੱਤ ਨਵੀਂ ਜ਼ਨਾਨੀ ਲੈ ਆਇਆ ਕਰੇ, ਮੈਨੂੰ ਨਈਂ ਹੁਣ ਕੋਈ ਫਰਕ ਪੈਣਾ। ਜੇ ਉਹ ਵਿਚਾਰਾ ਜਿਹਾ ਬਣਿਆਂ ਉਹਨੂੰ ਹੱਥ ਜੋੜ ਕੇ ਵੀ ਕੁਝ ਕਹਿੰਦਾ, ਉਹ ਉਹਦੇ ਬੋਲਣ ਤੋਂ ਪਹਿਲਾਂ ਹੀ ਕੰਨ ਬੰਦ ਕਰ ਲੈਂਦੀ ਕਿ ਹੁਣ ਨਈਂ। ਮੈਂਖਿਆ ਭੁੱਲ ਕੇ ਵੀ ਤੇਰੇ 'ਤੇ ਵਿਸ਼ਵਾਸ਼ ਨਾ ਕਰੂੰ। ਨਾਲੇ ਡਾਂਕੇ ਦੀ ਚੋਟ ਤੇ ਐਲਾਨ ਕਰਦੀ ਕਿ ਜੋ ਹੁਣ ਉਹ ਕਰੇਗੀ, ਉਹਤੋਂ ਪਿੱਛੇ ਨਈਂ ਹਟੇਗੀ। ਉਹ ਇੱਟ ਦਾ ਜੁਵਾਬ ਪੱਥਰ ਨਾਲ਼ ਦੇਣਾ ਜਾਣਦੀ। ਬੱਸ ਉਦੋਂ ਤੋਂ ਉਹ ਪਾਲੇ ਵੱਲ ਨੂੰ ਐਸਾ ਝੁਕੀ ਕਿ ਝੁਕਦੀ-ਝੁਕਦੀ ਉਹਦੇ ਉੱਪਰ ਹੀ ਪਲਟ ਗਈ। ਪਹਿਲਾਂ ਵੀ ਤਾਂ ਉਹੀ ਪਾਲਾ ਸੀ; ਉਹਨੇ ਕਦੇ ਅੱਖ ਚੁੱਕ ਕੇ ਵੀ ਨਹੀਂ ਸੀ ਦੇਖਿਆ। ਅੱਜ ਦੇਖਣ ਲੱਗੀ ਤਾਂ ਅੱਖਾਂ ਝਪਕਣੀਆਂ ਭੁੱਲ ਗਈ।

ਵਰਿੰਦਰ ਆਪਣੇ ਸਹੁਰਿਆਂ ਕੋਲ ਜਾ ਕੇ ਗਿੜਗਿੜਾਇਆ ਕਿ ਆਪਣੀ ਕੁੜੀ ਨੂੰ ਕੁਝ ਸਮਝਾਉ। ਧਾਹਾਂ ਮਾਰ-ਮਾਰ ਰੋਇਆ ਕਿ ਮੇਰੀ ਪਿੰਡ, ਇਲਾਕੇ 'ਚ ਕੂਰ-ਕੂਰ ਹੋ ਰਹੀ ਏ। ਕਹੇ ਕਿ ਮੈਨੂੰ ਇਕ ਮੌਕਾ ਦੇ ਕੇ ਤਾਂ ਦੇਖੋ। ਵਰਿੰਦਰ ਦੇ ਭਰਾਵਾਂ, ਸਹੁਰਿਆਂ, ਆਢੀਆਂ-ਗੁਆਢੀਆਂ, ਸਭ ਨੇ ਰਾਣੀ ਦੇ ਫਿੱਟ-ਲਾਹਨਤਾਂ ਪਾਈਆਂ ਕਿ ਹੁਣ ਇਕ ਵਾਰ ਉਹਨੂੰ ਬਖ਼ਸ਼ ਦੇਵੇ। ਨਾਲੇ ਜ਼ਨਾਨੀ ਦੇ ਆਚਰਣ ਨਾਲ ਹੀ ਘਰ ਦੀ ਸ਼ਾਨ ਹੁੰਦੀ ਏ। ਕਲ੍ਹ ਤੇਰੇ ਨਿਆਣੇ ਬੜੇ ਹੋਏ 'ਤੇ ਲੋਕੀਂ ਇਹਨਾਂ ਨੂੰ ਮੇਹ੍ਣੇ ਮਾਰੂਗੇ। ਆਖ਼ਿਰ ਆਪਣਾ ਮਨ-ਮੁਨ ਮਾਰ ਕੇ, ਸਾਰਿਆਂ ਦੇ ਦਬਾਅ ਅੱਗੇ ਉਹ ਝੁੱਕ ਗਈ। ਇੰਨੇ ਇਕੱਠ 'ਚ ਵਿਚਾਰੇ ਜਿਹੇ ਬਣੇ ਵਰਿੰਦਰ ਦੀ ਰੋਣੀ ਸੂਰਤ ਦੇਖ ਕੇ ਇਕ ਵਾਰ ਫੇਰ ਉਹਦਾ ਦਿਲ ਪਸੀਜ਼ ਗਿਆ। ਉਹਦਾ ਡਿਗਦਾ-ਢਹਿੰਦਾ ਮਨ ਪਾਲੇ ਦਾ ਪਿੱਛਾ ਛੱਡਣ ਲਈ ਸਹਿਮਤ ਹੋ ਗਿਆ। ਪਰ ਦੂਜੇ ਪਾਸੇ ਪਾਲੇ ਨੂੰ ਮਨਾਉਣਾ ਕੋਈ ਖ਼ਾਲ਼ਾ ਜੀ ਦਾ ਵਾੜਾ ਨਹੀਂ ਸੀ। ਰਾਣੀ ਨੇ ਮਸਾਂ ਸਬਰ ਦਾ ਘੁੱਟ ਅੰਦਰ ਲੰਘਾਇਆ ਅਤੇ ਖ਼ੁੱਦ ਨੂੰ ਸਮਝਾਇਆ।

ਇਕ ਦਿਨ ਰਾਤ ਨੂੰ ਪਾਲਾ ਰਾਣੀ ਦੇ ਘਰ ਅੱਗੇ ਗੇੜੇ ਕੱਢ ਰਿਹਾ ਸੀ। ਉਹਦੇ ਗੇੜਿਆਂ ਤੋਂ ਸਾਰਾ ਟੱਬਰ ਬੜਾ ਦੁਖੀ ਪਰ ਉਹਨਾਂ ਦੀ ਵਾਹ-ਪੇਸ਼ ਕੋਈ ਨਾ ਚੱਲੇ। ਰਾਤ ਨੂੰ ਹੋਏ-ਹੋਏ ਹੋਣ ਤੋਂ ਵੀ ਡਰਨ। ਉਹਨਾਂ ਨੂੰ ਪਤਾ ਸੀ ਕਿ ਲੋਕਾਂ ਨੂੰ ਦੇਖਣ ਲਈ ਮੁਫ਼ਤ ਦਾ ਡਰਾਮਾ ਮਿਲ਼ ਜਾਣਾ। ਉਹ ਤਾਂ ਉਦੋਂ ਪਤਾ ਲੱਗਾ ਜਦੋਂ ਰਾਣੀ ਨੇ ਅਚਾਨਕ ਇਕ ਦਮ ਦਰਵਾਜ਼ਾ ਖੋਲ੍ਹ ਕੇ ਪਾਲੇ ਦੇ ਤਾੜ-ਤਾੜ ਕਰਦੇ ਛਿੱਤਰ ਵਰਾਉਣੇ ਸ਼ੁਰੂ ਕਰ ਦਿੱਤੇ।

"ਖ਼ਬਰਦਾਰ! ਜੇ ਅੱਜ ਤੋਂ ਬਾਅਦ ਮੇਰਾ ਪਿੱਛਾ ਕੀਤਾ। ਅੱਗੇ ਲਈ ਸੱਟ-ਚੋਟ ਜਾਂ ਆਪਣੀ ਜਾਨ ਦਾ ਖ਼ੁੱਦ ਜੁੰਮੇਵਾਰ ਹੋਏਂਗਾ। ਮੈਨੂੰ ਭੁੱਲ ਜਾ; ਮੈਂ ਤੈਨੂੰ ਭੁਲਾ ਚੁੱਕੀ ਆਂ।" ਨਾਲ਼ ਹੀ ਕਹਿੰਦੀ-ਕਹਿੰਦੀ ਧਾਹਾਂ ਮਾਰਨ ਲੱਗ ਪਈ। ਇਹ ਕਾਰਾ ਕਰਕੇ ਰਾਣੀ ਨੇ ਤਾਂ ਜਿਵੇਂ ਸਭ ਦਾ ਦਿਲ ਜਿੱਤ ਲਿਆ। ਉਹਨਾਂ ਨੂੰ ਲੱਗਿਆ ਕਿ ਹੌਲ਼ੀ-ਹੌਲ਼ੀ ਗੱਡੀ ਸ਼ਾਇਦ ਲਾਈਨ ਉੱਤੇ ਆ ਹੀ ਜਾਏ।

ਕਈ ਦਿਨ ਨਮੋਸ਼ੀ ਦਾ ਮਾਰਿਆ ਪਾਲਾ ਘਰੋਂ ਬਾਹਰ ਨਾ ਨਿਕਲਿਆ। ਉਹਦੇ ਘਰਦਿਆਂ ਨੇ ਉਹਨੂੰ ਬੜਾ ਸਮਝਾਇਆ। ਉਹਨੇ ਨਾ ਮੋੜ੍ਹਿਉਂ ਹਾਂ ਨਾ ਨਾਹ ਕਹੀ। ਅੱਖਾਂ ਭਰੀ, ਨੀਵੀਂ ਪਾਈ ਬੈਠਾ ਰਿਹਾ। ਕਈ ਦਿਨਾਂ ਬਾਅਦ ਜਦ

ਬਾਹਰ ਨਿਕਲਿਆ ਤਾਂ ਰਾਣੀ-ਰਾਣੀ ਪੁਕਾਰਦਾ ਸਿੱਧਾ ਉਹਦੇ ਘਰ ਵੱਲ ਨੂੰ ਹੀ ਗਿਆ। ਅਖੇ ਦੋ ਪਈਆਂ ਕਿੱਧਰ ਗਈਆਂ,ਸਦਕੇ ਮੇਰੀ ਢੂਹੀ ਦੇ। ਇੰਝ ਪੁਕਾਰਦਾ ਉਹ ਆਪਣੇ ਘਰ ਤੋਂ ਉਹਦੇ ਘਰ ਤੱਕ ਫੇਰ ਗੇੜੇ ਉੱਤੇ ਗੇੜਾ ਦੇਣ ਲੱਗ ਪਿਆ। ਪਰ ਰਾਣੀ ਮਨ ਜਿਹਾ ਮਾਰ ਕੇ ਬੇਪਰਵਾਹ ਹੁੰਦੀ ਆਪਣੇ ਘਰ ਦੇ ਕੰਮ 'ਚ ਵਿਜ਼ੀ ਰਹਿੰਦੀ। ਉਹਨੇ ਨਈਂ ਉਹਨੂੰ 'ਹੂੰ-ਹਾਂ' ਕਰਕੇ ਵੀ ਹੁੰਗਾਰਾ ਦਿੱਤਾ ਪਰ ਉਹ ਗੇੜੇ ਕੱਢਣੋਂ ਬਾਜ਼ ਨਾ ਆਇਆ।



ਫਿਰ ਪਾਲੇ ਨੇ ਇਕ ਐਸੀ ਪੇਟਿੰਗ ਬਣਾਈ ਕਿ ਉਸ ਵਿਚ ਆਪਣੀ ਰੂਹ ਭਰ ਦਿੱਤੀ। ਪਾਲੇ ਦੀ ਬਣਾਈ ਪੇਟਿੰਗ ਵਿੱਚ ਮੁਸਕਰਾਉਂਦੀ ਰਾਣੀ ਨੂੰ ਦੇਖ ਕੇ ਕੋਈ ਕਹਿ ਨਹੀਂ ਸੀ ਸਕਦਾ ਕਿ ਇਹ ਤਸਵੀਰ ਏ ਜਾਂ ਸੱਚਮੁੱਚ ਉਹ ਉਹਦੇ ਕੋਲ ਬੈਠੀ ਏ। ਉਹ ਤਾਂ ਉਠਦਾ-ਬਹਿੰਦਾ, ਤੁਰਦਾ, ਨਹਾਉਂਦਾ, ਰਾਣੀ-ਰਾਣੀ ਦਾ ਹੀ ਜਾਪ ਕਰਦਾ।

ਘਰਦਿਆਂ ਨੇ ਉਹਦਾ ਮਨ ਮੋੜਨ ਲਈ ਪਾਲੇ ਦਾ ਜਬਰਦਸਤੀ ਵਿਆਹ ਕਰ ਦਿੱਤਾ। ਅਖੇ ਸ਼ਾਇਦ ਇਹਦਾ ਮਨ ਕਿਸੇ ਤਰ੍ਹਾਂ ਮੁੜ ਹੀ ਪਵੇ। ਪਰ ਉਹਦੀ ਟੇਕ 'ਉੱਥੇ' ਹੀ ਲੱਗੀ ਰਹੀ। ਪਤਾ ਨਹੀਂ ਉਹਨੂੰ ਰਾਣੀ 'ਚ ਅਜਿਹਾ ਕੀ ਨਜ਼ਰ ਆਉਂਦਾ ਜੋ ਉਹਨੂੰ ਆਪਣੀ ਸਜ-ਵਿਆਹੀ ਵਿੱਚ ਨਹੀਂ ਸੀ ਦਿਸਦਾ। ਉਹ ਉਹਦੇ ਨੇੜੇ ਤੱਕ ਨਾ ਗਿਆ। ਹਾਲਾਂਕਿ ਲੋਕਾਂ ਦੀਆਂ ਨਜ਼ਰਾਂ 'ਚ ਉਹ ਰਾਣੀ ਤੋਂ ਵੱਧ ਖੂਬਸੂਰਤ ਲਗਦੀ। ਪਰ ਲੋਕ ਕੀ ਜਾਨਣ ਮਜ਼ਨੂੰ ਦੇ ਅੰਦਰ ਵਸੀ ਤਸਵੀਰ ਨੂੰ। ਉਦੋਂ ਤੋਂ ਉਹ ਪਾਲੇ ਤੋਂ ਮਜ਼ਨੂੰ ਬਣ ਗਿਆ। ਉਹ ਇਲਾਕੇ ਦੀ ਉਦੋਂ ਮੇਨ ਸੁਰਖ਼ੀ ਸੀ। ਉਹਦੇ ਘਰਦਿਆਂ ਨੇ ਵੀ ਮਹਿਸੂਸ ਕਰ ਲਿਆ ਕਿ ਕਹੇ-ਸੁਣੇ ਦਾ ਇਸ ਪੱਥਰ 'ਤੇ ਕੋਈ ਅਸਰ ਨਈਂ ਹੋਣਾ। ਉਹਨਾਂ ਹਾਰ ਕੇ ਨਵੀਂ ਵਿਆਹੀ ਨੂੰ ਛੋਟੇ ਦੇ ਲੜ ਲਾ ਦਿੱਤਾ। ਪਾਲਾ ਵੀ ਖੁਸ਼ ਅਤੇ ਛੋਟਾ ਵੀ ਖੁਸ਼। ਪਾਲੇ ਨੂੰ ਇਸ ਨਾਲ ਕੋਈ ਫਰਕ ਨਾ ਪਿਆ। ਉਹ ਕਹੇ ਜੋ ਹੋ ਗਿਆ, ਵਧੀਆ ਹੋ ਗਿਆ। ਉਹ ਇੰਝ ਹੋਣ ਨਾਲ ਸਭ ਤੋਂ ਵੱਧ ਖੁਸ਼।

ਇਕ ਦਿਨ ਉਹਦੇ ਮਨ 'ਤੇ ਐਸਾ ਰਾਣੀ ਦਾ ਭੂਤ ਸਵਾਰ ਹੋਇਆ ਕਿ ਪਹਿਲਾਂ ਉਹ ਕਈ ਦਿਨ ਤਾੜ ਰੱਖਦਾ ਰਿਹਾ, ਕੌਣ ਕਦੋਂ ਆਉਂਦਾ, ਕਦੋਂ ਜਾਂਦਾ। ਬੱਸ, ਫਿਰ ਕੀ ਸੀ। ਉਹਨੂੰ ਲੱਗਿਆ ਕਿ ਹੁਣ ਉਹ 'ਕੱਲੀ ਏ। ਮੌਕਾ ਦੇਖ ਕੇ ਇਕ ਦਿਨ ਮਾਰ ਦਿੱਤੀ ਚਿੱਟੇ ਦਿਨ ਕੰਧ ਤੋਂ ਛਾਲ। ਰਾਣੀ ਨੂੰ ਤਾਂ ਉਦੋਂ ਪਤਾ ਲੱਗਾ ਜਦੋਂ ਪਾਲੇ ਨੇ ਉਹਨੂੰ ਆਪਣੀਆਂ ਮਜਬੂਤ ਬਾਹਾਂ ਵਿਚ ਜਕੜ ਲਿਆ। ਰਾਣੀ ਨੂੰ ਸੁੱਝੇ ਕੁਛ ਨਾ ਕਿ ਉਹ ਕਰੇ ਤਾਂ ਕਰੇ ਕੀ। ਮਨ 'ਚ ਜੋ ਗੁੱਸੇ ਦੇ ਭਾਵ ਉੱਠੇ, ਮੋਹ ਦੇ ਭਾਵਾਂ ਨੇ ਹਾਵੀ ਹੁੰਦਿਆਂ ਉਹਨਾਂ 'ਤੇ ਪਾਣੀ ਛਿੜਕ ਦਿੱਤਾ। ਉਹਨੇ ਸੋਚਿਆ ਕਿ ਮੇਰੇ ਮੋਹ 'ਚ ਭਿੱਜੇ ਨੇ ਇਹਨੇ ਪਤਾ ਨਈਂ ਕਿਹੜੇ ਮਨ ਨਾਲ ਮੈਨੂੰ ਦੁਖਆਰਨ ਨੂੰ ਕਾਗਜ਼ 'ਤੇ ਉਤਾਰ ਕੇ ਹੱਸਣ ਲਾ ਦਿੱਤਾ। ਮੈਨੂੰ ਆਪਣੇ ਦਿਲ 'ਚ ਵਸਾਉਂਦਿਆਂ ਆਪਣੀ ਚੂੜੇਵਾਲੀ ਨੂੰ ਅੱਖ ਭਰ ਕੇ ਨਾ ਵੇਖਿਆ। ਕਿਹੜੇ ਮੂੰਹ ਨਾਲ ਮੈਂ ਇਹਨੂੰ ਦੁਰਕਾਰ ਦਿਆਂ। ਉਹ ਉਹਦੇ ਮੋਹ 'ਚ ਵਹਿ ਗਈ। ਆਪਣੇ-ਆਪ ਨੂੰ ਛੁਡਾਉਣਾ ਭੁੱਲ ਗਈ।

"ਓ ਮੇਰੇ ਕਮਲਿਆ ਯਾਰਾ! ਮੈਨੂੰ ਮਾਫ਼ ਕਰ ਦੇਈਂ। ਮੈਨੂੰ ਨਈਂ ਸੀ ਪਤਾ ਕਿ ਤੂੰ ਮੇਰੇ ਪਿਆਰ ਵਿੱਚ ਸੁੱਧ-ਬੁੱਧ ਖੋਹ ਲਏਂਗਾ। ਕਿਉਂ ਤੂੰ ਮੇਰੀ ਖ਼ਾਤਿਰ.........!" ਉਹ ਭੁੱਬਾਂ ਮਾਰ ਕੇ ਰੋ ਪਈ।

"ਮੈਂ ਤੇਰੇ ਬਿਨਾਂ ਜੀ ਨਈਂ ਸਕਦਾ। ਚੱਲ ਭੱਜ ਚਲੀਏ।" ਉਹ ਤਾਂ ਜਿਵੇਂ ਮਿਰਜ਼ੇ ਵਾਂਗ ਬੱਕੀ ਤਿਆਰ ਕਰੀ ਖੜ੍ਹਾ ਸੀ।

"ਮੈਂ ਨਿਆਣਿਆਂ ਨੂੰ ਛੱਡ ਕੇ............।"

"ਕੋਈ ਨਈਂ, ਦੇਖੀ ਜਾਊ; ਨਿਆਣੇ ਵੀ ਭਜਾ ਲਾ ਨਾਲ।" ਪਾਲਾ ਉਹਦਾ ਹਰ ਬੋਝ ਚੁੱਕਣ ਨੂੰ ਤਿਆਰ।

"ਮੈਨੂੰ ਥੋੜ੍ਹਾ ਟਾਈਮ ਦੇ। ਮੈਂ ਚੱਕੀ ਦੇ ਦੋ ਪੁੜਾਂ 'ਚ ਫਸ ਗਈ ਆਂ। ਕਿਸੇ ਨਾ ਕਿਸੇ ਤਰ੍ਹਾਂ ਮੈਂ ਉਸ ਪੁੜ ਚੋਂ ਨਿਕਲ ਲਵਾਂ; ਫਿਰ ਮੈਂ ਤੇਰੇ ਪੁੜ 'ਚ ਹੀ.........।" ਕਹਿ ਕੇ ਅੱਖਾਂ ਪੂੰਝਦਿਆਂ, ਹੱਸ ਕੇ ਦਰਵਾਜ਼ਾ ਖੋਲ੍ਹਿਆ ਅਤੇ ਮੋਹ 'ਚ ਭਿੱਜੀ ਨੇ ਉਹਨੂੰ ਬਾਹਰ ਨੂੰ ਧੱਕਾ ਦਿੰਦਿਆਂ ਬੂਹਾ ਢੋਅ ਲਿਆ। ਮਜ਼ਨੂੰ ਬਾਗੋ-ਬਾਗ ਹੋਇਆ ਆਪਣੇ ਘਰ ਆ ਵੜਿਆ।

ਇਕ ਦਿਨ ਲੋਹੜੀ ਦੇ ਨੇੜੇ, ਰਾਣੀ ਨੇ ਆਪਣੇ ਪਤੀ ਵਰਿੰਦਰ ਨੂੰ ਭਰੋਸੇ 'ਚ ਲੈ ਕੇ ਸੁਲਾਹ ਮਾਰੀ ਕਿ ਉਹ ਪੇਕੇ ਆਪਣੇ ਭਤੀਜੇ ਦੀ ਲੋਹੜੀ 'ਤੇ ਜਾਣਾ ਚਾਹੁੰਦੀ ਏ। ਵਰਿੰਦਰ ਨੇ ਖੁਸ਼ੀ-ਖੁਸ਼ੀ ਉਹਨੂੰ ਜਾਣ ਦਿੱਤਾ। ਲੋਹੜੀ ਤੋਂ ਇਕ ਦਿਨ ਪਹਿਲਾਂ ਉਹ ਦੋਵੇਂ ਨਿਆਣਿਆਂ ਸਮੇਤ ਬੱਸੇ ਚੜ੍ਹ ਕੇ ਪੇਕੇ ਆ ਗਈ। ........ ਉਹ ਉਦੋਂ ਹੱਕੀ-ਬੱਕੀ ਰਹਿ ਗਈ ਜਦੋਂ ਮਜ਼ਨੂੰ ਉਹਦੇ ਪੇਕਿਆਂ ਦੀ ਕੰਧ ਟੱਪ ਕੇ ਉਹਦੇ ਮੋਰ੍ਹੇ ਆ ਡਿਗਿਆ।

"ਤੂੰ ਕੀ ਕਰਦਾਂ! ਕਿਉਂ ਮੇਰੀਆਂ ਬੇੜੀਆਂ 'ਚ ਵੱਟੇ ਪਾਉਣ ਆ ਗਿਆਂ ? ਮੈਂ ਤੇਰੇ ਅੱਗੇ ਹੱਥ ਜੋੜਦੀ ਆਂ, ਵਾਪਸ ਚਲੇ ਜਾ। ਕੁਦਰਤੀ ਭਰਾ-ਭਰਜਾਈ ਲੋਹੜੀ ਦਾ ਸਾਮਾਨ ਲੈਣ

ਸ਼ਹਿਰ ਗਏ ਹੋਏ ਅਤੇ ਮੰਮੀ-ਡੈਡੀ ਖੇਤਾਂ 'ਚ ਨੇ। ਤੂੰ ਮੇਰੀ ਇੱਥੇ ਵੀ ਦਫ਼ਾ ਪਟਾਏਂਗਾ?"

ਉਹ ਧਾਹਾਂ ਮਾਰਨ ਲੱਗ ਪਿਆ, "ਮੈਂ ਕੀ ਕਰਾਂ; ਮੈਥੋਂ ਤੈਥੋਂ ਬਿਨਾਂ ਰਹਿ ਨਈਂ ਹੁੰਦਾ।"

ਫਿਰ ਉਹਨੂੰ ਆਪਣੀਆਂ ਬਾਹਾਂ 'ਚ ਲੈ ਕੇ ਪਿਆਰ ਨਾਲ ਕਹਿੰਦੀ, " ਕਮਲਿਆ ਯਾਰਾ! ਆਪਣੇ-ਆਪ ਨੂੰ ਮੇਰੀ ਜਗ੍ਹਾ ਰੱਖ ਕੇ ਇਕ ਔਰਤ ਦੀ ਮਜ਼ਬੂਰੀ ਨੂੰ ਸਮਝ। ਤੈਨੂੰ ਮੇਰੀ ਸੌਂਹ ਜੇ ਤੂੰ ਨਾ ਜਾਵੇਂ।" ਇੰਨਾ ਕਹਿਣ ਦੀ ਦੇਰ, ਬੜਾ ਸੋਹਣਾ ਘਰੋਂ ਬਾਹਰ ਨਿਕਲ ਗਿਆ। ਪਿੱਛੇ ਮੁੜ ਕੇ ਵੀ ਨਾ ਵੇਖਿਆ। ਸਿੱਧਾ ਪਿੰਡ ਆ ਕੇ ਸਾਹ ਲਿਆ।

ਰਾਣੀ ਦਾ ਦਿਲ ਹੁਣ ਮੁੜ ਪਾਲੇ ਦਾ ਹੋ ਗਿਆ। ਉਹਦੀ ਦਿਲ ਦੀ ਧੜਕਣ ਪਾਲੇ 'ਚ ਧੜਕਣ ਲੱਗੀ। ਉਹ ਤਾਂ ਹੁਣ ਉਹਦਾ ਹੋਣ ਲਈ ਕੋਈ ਨਾ ਕੋਈ ਹੀਲਾ ਲੱਭ ਰਹੀ ਸੀ। ਰਾਣੀ ਦੇ ਘਰਦਿਆਂ ਨੂੰ ਵੀ ਕੁਝ ਕੁ ਹੁੜਕ ਗਈ ਕਿ ਗੱਡੀ ਫੇਰ ਲੀਹੋਂ ਲੱਥ ਰਹੀ ਲਗਦੀ। ਵਰਿੰਦਰ, ਉਹਦੇ ਭਰਾ ਪਾਲੇ ਦੀ ਤੌਂਣ੍ਹੀ ਲਾ ਕੇ ਉਹਨੂੰ ਆਪਣੇ ਘਰ ਅੱਗੇ ਗੇੜੇ ਕੱਢਣ ਤੋਂ ਹਟਾਉਣਾ ਲਈ ਉਹਨਾਂ ਨੇ ਅੰਦਰੋ-ਅੰਦਰੀ ਕਸਮ ਖਾ ਰੱਖੀ ਸੀ। ਉਹ ਉਹਨੂੰ ਇਰ ਵਾਰ ਸਿੱਧਾ ਕਰਨਾ ਚਾਹੁੰਦੇ ਸਨ। ਪਰ ਕੁੱਟ, ਮੌਤ ਤੋਂ ਪਾਲਾ ਕੋਹਾਂ ਦੂਰ ਜਾ ਚੁੱਕਾ ਸੀ। ਇਹ ਗੱਲਾਂ ਉਹਦੇ ਰਾਹ ਦਾ ਰੋੜਾ ਨਹੀਂ ਸੀ ਬਣ ਸਕਦੇ। ਉਹਨੂੰ ਸਾਹਮਣੇ ਕੁਝ ਨਈਂ ਸੀ ਦਿਸਦਾ, ਬੱਸ ਰਾਣੀ ਦਿਸਦੀ ਸੀ। ਪਾਲੇ ਦੇ ਪਿਉ, ਭਰਾ ਨੇ ਉਹਨੂੰ ਬੰਨ੍ਹ ਕੇ ਵੀ ਵੇਖ ਲਿਆ। ਉਹ ਸਗੋਂ ਹੋਰ ਕਮਲੀਆਂ ਮਾਰਨ ਲੱਗ ਪਿਆ। ਉਨ੍ਹੀਂ ਸੋਚਿਆ ਕਿ ਹੋਰ ਨਾ ਲੈਣੇ ਦੇ ਦੇਣੇ ਪੈ ਜਾਣ। ਉਹਨਾਂ ਨੇ ਉਹਨੂੰ ਉਹਦੇ ਹੀ ਰਹਿਮ 'ਤੇ ਛੱਡ ਦਿੱਤਾ ਕਿ ਜੋ ਹਊ ਦੇਖੀ ਜਾਏਗੀ।

ਇਕ ਦਿਨ ਤਾਂ ਹੱਦ ਤੋਂ ਵੀ ਵੱਧ ਹੋ ਗਈ। ਛੁੱਟੀ ਦਾ ਦਿਨ, ਸਿਖਰ ਦੁਪਹਿਰਾ। ਬੜਾ ਸੋਹਣਾ ਦਿਸਦਾ, ਸੁਣਦਾ ਕਿ ਸਭੇ ਘਰ ਨੇ। ਅੱਜ ਤਾਂ ਜਿਵੇਂ ਉਹ ਆਰ-ਪਾਰ ਦੀ ਲੜਾਈ ਲੜਨ ਹੀ ਨਿਕਲ਼ਿਆ ਸੀ। ਬੱਸ, ਜਿਵੇਂ ਮਨ ਨੇ ਕਿਹਾ, 'ਦੇਖੀ ਜਾਊ, ਜਾਂ ਇਸ ਪਾਰ ਜਾਂ ਉਸ ਪਾਰ। ਫ਼ੈਸਲਾ ਹੋ ਕੇ ਰਹੂ।' ਅਖੇ ਆ ਬੈਲ ਮੁਝੇ ਮਾਰ ਵਾਲੀ ਗੱਲ ਹੋ ਗਈ। ਅੱਜ ਤਾਂ ਮੋਰ੍ਹਲਿਆਂ ਦੇ ਵੀ ਯਾਦ-ਚਿੱਤ ਨਹੀਂ ਸੀ ਕਿ ਉਹ ਸਾਰੇ ਟੱਬਰ ਦੀ ਹਾਜਰੀ 'ਚ ਇੰਝ ਧਮਾਕਾ ਕਰ ਸਕਦਾ। ਕੰਧ ਟੱਪੀ, ਠਾਹ ਅੰਦਰ। ਇਸ ਤੋਂ ਪਹਿਲਾਂ ਕਿ ਉਹ ਰਾਣੀ ਨੂੰ ਕੁਛ ਕਹੇ ਜਾਂ ਕਰੇ, ਵਰਿੰਦਰ ਅਤੇ ਉਹਦੇ ਭਰਾਵਾਂ ਨੇ ਉਹਨੂੰ ਘੇਰ ਲਿਆ ਅਤੇ ਧੱਕਾ ਮਾਰ ਕੇ ਹੇਠਾਂ ਸੁੱਟ ਲਿਆ।

"ਰੱਸਾ ਲਿਆਉ; ਅੱਜ ਜਰਾ ਬੰਨ੍ਹ ਕੇ ਇਹਨੂੰ ਪੁੱਤ ਬਣਾਨੇ ਆਂ। ਇਹ ਕੀ ਯਾਦ ਕਰੂ ਕਿ ਪਾਲੇ ਦਾ ਕਿਸ ਨਾਲ ਪਾਲ਼ਾ ਪਿਆ ਏ। ਅੱਜ ਫ਼ੈਸਲਾ ਹੋ ਕੇ ਰਹੂ।" ਵਰਿੰਦਰ ਦਾ ਬੜਾ ਭਰਾ ਤਾਂ ਜਿਵੇਂ ਪਹਿਲੋਂ ਮੌਕਾ ਲੱਭਦਾ ਫਿਰਦਾ ਸੀ।

ਇਕ ਜਣਾ ਰੱਸਾ ਚੁੱਕ ਲਿਆਇਆ। ਹੋਰ ਦੋ ਜਣੇ ਆਉਂਦੇ ਹੀ ਡਾਂਗਾਂ ਵਰ੍ਹਾਉਣ ਲੱਗੇ। ਉਹ ਤਾਂ ਮਿੰਟਾਂ 'ਚ ਪਤਾ ਨਹੀਂ ਕੀ ਹੋ ਜਾਂਦਾ। ਵਰ੍ਹਦੀਆਂ ਡਾਂਗਾਂ 'ਚ ਪਤਾ ਹੀ ਨਾ ਲੱਗਾ ਕਿ ਕਦੋਂ ਲੈਲਾ ਪਿੱਛਿਉਂ ਨਿਕਲ ਕੇ ਮਜ਼ਨੂੰ ਉੱਪਰ ਆ ਡਿਗੀ। ਦੋ-ਤਿੰਨ ਡਾਂਗਾਂ ਉਹਦੇ ਵੀ ਲੱਗ ਗਈਆਂ। ਰਾਣੀ ਦੇ ਉੱਪਰ ਡਿਗਣ ਨਾਲ ਇਕ ਦਮ ਸੱਨਾਟਾ ਛਾ ਗਿਆ। ਪਾਲੇ ਦੇ ਪਿਉ ਅਤੇ ਭਰਾ ਨੂੰ ਪਤਾ ਨਹੀਂ ਕਿੱਥੋਂ ਸੂਹ ਮਿਲ ਗਈ ਜਾਂ ਪਹਿਲੋਂ ਹੀ ਉਹਨਾਂ ਨੂੰ ਇਹ ਹੋਣ ਦੀ ਹੁੜਕ ਗਈ। ਉਂਝ ਵੀ ਉਹਨਾਂ ਦਾ ਘਰ ਕੋਈ ਜਿਆਦਾ ਦੂਰ ਨਹੀਂ ਸੀ। ਰੌਲ਼ਾ ਸੁਣ ਕੇ ਉਹਨਾਂ ਨੇ ਵੀ ਡਾਂਗਾਂ ਆ ਖੜਕਾਈਆਂ। ਕੋਲ਼ੋਂ ਲੰਘਦਾ ਸਰਪੰਚ ਵੀ ਕੁਦਰਤੀਉ ਆ ਖੜ੍ਹਿਆ।

"ਆਹ ਦੇਖੋ ਸਰਪੰਚ ਸਾਬ੍ਹ ! ਅੱਜ ਨਿਬੇੜ ਕੇ ਜਾਇਉ। ਤਾੜੀ ਇਕ ਹੱਥ ਨਾਲ ਨਈਂ ਵੱਜ ਰਈ੍ਹ। ਥੁਆਡੇ ਸਾਹਮਣੇ ਏ ਸਭ।" ਪਾਲੇ ਦੇ ਪਿਉ ਨੇ ਉਹਨੂੰ ਨੂੰ ਮੌਕੇ ਦੀ ਸਥਿਤੀ 'ਤੇ ਝਾਤ ਪੁਵਾ ਦਿੱਤੀ।

"ਹਾਂ ਬਈ ਬਾਊ! ਹੁਣ ਦੱਸ ਕੀ ਹੋਣਾ ਚਾਹੀਦਾ?" ਸਰਪੰਚ ਨੇ ਸਾਰੀ ਗੱਲ ਵਰਿੰਦਰ 'ਤੇ ਹੀ ਸੁੱਟ ਦਿੱਤੀ।

"ਇਸ ਜ਼ਨਾਨੀ ਨੇ ਨਈਂ ਸੁਧਰਨਾ। ਜਾਵੇ ਜਿੱਥੇ ਜਾਣਾ। ਨਿਆਣੇ ਵੀ ਲੈ ਜਏ ਨਾਲੇ। ਖਰਚਾ ਮੈਂ ਦੇ ਦਊਂ।" ਵਰਿੰਦਰ ਨੇ ਰਾਣੀ ਦੇ ਸਾਹਮਣੇ ਹੱਥਿਆਰ ਹੀ ਸੁੱਟ ਦਿੱਤੇ। ਨਿਆਣੇ ਵੀ ਜਿਵੇਂ ਉਹਦੇ ਲਈ ਬੇਗਾਨੇ ਹੋ ਗਏ।

"ਹਾਂ ਬਈ, ਠੀਕ ਆ ਫੇ?" ਸਰਪੰਚ ਨੇ ਵਰਿੰਦਰ ਦੇ ਭਰਾਵਾਂ ਵੱਲ ਨਜ਼ਰ ਦੁੜਾਈ।

"ਠੀਕ ਨੂੰ ਠੀਕ ਈ ਆ। ਜੇ ਇਹਦੇ 'ਚ ਆਪਣੇ 'ਚ ਕੰਡ ਨਈਂ ਤਾਂ ਹੋਰ ਕੋਈ ਕਿਆ ਕਰ ਸਕਦਾ।" ਉਹਦੇ ਬੜੇ ਭਰਾ ਨੇ ਵਰਿੰਦਰ ਨੂੰ ਘੂਰਦਿਆਂ ਅਤੇ ਆਪਣੀ ਮਜ਼ਬੂਰੀ ਪ੍ਰਗਟਾਉਂਦਿਆਂ ਹਾਂ 'ਚ ਹਾਂ ਮਿਲਾਈ।

ਪਾਲੇ ਦੀ ਖ਼ਾਤਿਰ ਉਹਦੇ ਪਿਉ ਨੇ ਵੀ ਇਹ ਸੌਦਾ ਮਨਜ਼ੂਰ ਕਰ ਲਿਆ। "ਮੈਨੂੰ ਪਾਲੇ ਅਤੇ ਰਾਣੀ ਦੀ ਜ਼ਿੰਦਗੀ ਤੋਂ ਵਧ ਕੇ ਕੁਝ ਨਈਂ ............। ਨਿਆਣੇ ਵੀ ਸਾਂਭਾਂਗੇ। ਸਾਡੇ ਬੱਚਿਆਂ ਵਰਗੇ ਨੇ।"

"ਚਲੋ, ਮੁਕ ਗਈ ਫਿਰ। ਜਾਉ ਆਪਣੇ-ਆਪਣੇ ਘਰੀਂ। ਬਾਕੀ ਰਸਮਾਂ ਬਾਅਦ 'ਚ ਹੁੰਦੀਆਂ ਰਹਿਣਗੀਆਂ।" ਸਰਪੰਚ ਨੇ ਅੰਤਿਮ ਫ਼ੈਸਲਾ ਸੁਣਾ ਦਿੱਤਾ।

ਪਾਲੇ ਦੇ ਪਿਉ ਅਤੇ ਭਰਾ ਨੇ ਇਕ-ਇਕ ਨਿਆਣਾ ਚੁੱਕ ਲਿਆ। ਮਜ਼ਨੂੰ-ਲੈਲਾ ਖ਼ੂਨ ਨਾਲ ਲੱਥਪੱਥ ਇਕ ਦੂਜੇ ਦਾ ਹੱਥ ਫੜ ਕੇ ਮੁਸਕਰਾਉਂਦੇ ਜਦ ਇਕ ਘਰ ਤੋਂ ਚੱਲ ਕੇ ਆਪਣੇ ਦੂਜੇ ਘਰ ਵਿਚ ਪ੍ਰਵੇਸ਼ ਕਰਨ ਲੱਗੇ ਤਾਂ ਪਾਲੇ ਦੀ ਮਾਂ ਖੁਸ਼ੀ 'ਚ ਤੇਲ ਚੋਣ ਲੱਗ ਪਈ। ਪਾਲੇ ਦੇ ਯਾਰਾਂ ਦੇ ਆਪਣੇ-ਆਪ ਪੈਰ ਥਿਰਕ ਪਏ। ਬਾਕੀ ਸਭ ਨੇ ਵੀ ਸਾਥ ਦੇ ਕੇ ਭੰਗੜਾ ਪਾਉਂਦਿਆਂ ਵਿਹੜੇ ਨੂੰ ਕਾਂਬਾ ਛੇੜ ਦਿੱਤਾ।

**94659-52938**

## ਕਵਿਤਾਵਾਂ / ਰਜਨੀਸ਼ ਜੱਸ

### ਕਦੇ ਤਾਂ ਕੱਢੋ ਇੰਨੀ ਫੁਰਸਤ

ਕਦੇ ਤਾਂ ਕੱਢੋ ਇੰਨੀ ਫੁਰਸਤ
ਕਿ ਸੁਣ ਸਕੋ
ਕਬੂਤਰਾਂ ਦੀ ਗੁਟਰਗੂੰ
ਆਪਣੇ ਹੀ ਘਰ ਦੇ ਵਰਾਂਡੇ 'ਚ ਬਣੇ
ਉਹਨਾਂ ਦੇ ਆਲ੍ਹਣੇ ਚੋਂ

ਕਦੇ ਬਾਹਰ ਕੀੜੀਆਂ ਦੇ ਭੌਂਣ
ਤੇ ਦਿੱਤੇ ਆਂਡਿਆਂ ਨੂੰ ਗਹੁ ਨਾਲ ਤੱਕੋ
ਤੇ ਵੇਖੋ ਕਿਵੇਂ ਚੱਲਦੀਆਂ ਉਹ ਨੇ ਕਿਸੇ
ਅਨੁਸ਼ਾਸਿਤ ਫੌਜ ਵਾਂਙ

ਸੁੰਘ ਸਕੋ ਆਪਣੇ ਹੀ
ਘਰ ਦੇ ਗਮਲੇ 'ਚ ਲੱਗੇ
ਤੁਲਸੀ ਦੇ ਬੂਟੇ ਦੀ ਮਿੱਠੀ ਤੇ
ਕੜੀ ਪੱਤੇ ਦੀ
ਤੇਜ਼ ਜਿਹੀ ਮਹਿਕ ਨੂੰ

ਕਦੇ ਆਪਣੇ ਹੀ ਆਪ ਨੂੰ
ਸ਼ੀਸ਼ੇ 'ਚ ਤੱਕ ਕੇ ਅੱਖ ਮਾਰੋ
ਫਲਾਇੰਗ ਕਿੱਸ ਭੇਜੋ
ਕਦੇ ਆਪਣੇ ਹੀ ਆਪ ਨੂੰ ਇਸ਼ਕ ਕਰੋ
ਚੁੰਮੋ ਆਪਣਾ ਹੀ ਹੱਥ

ਕਦੇ ਬਰਸਾਤ 'ਚ ਆਪਣੇ
ਘਰ ਦੀ ਬਾਲਕੋਨੀ ਚ
ਖਲੋ ਕੇ ਤੱਕੋ, ਨਜ਼ਾਰਾ
ਬਾਰਿਸ਼ ਦਾ
ਕਿਵੇਂ ਇੱਕ ਇੱਕ ਕਣੀ ਮਿਲਕੇ
ਵਗਾ ਦਿੰਦੀਆਂ
ਪਾਣੀ ਦਾ ਪਰਨਾਲਾ

ਕਿੰਝ ਨਿੱਕੀਆਂ ਨਿੱਕੀਆਂ ਬੂੰਦਾਂ
ਕਰ ਦਿੰਦੀਆਂ ਨੇ ਕਲਾਕਾਰੀ
ਗੁਲਾਬ ਦੀਆਂ ਪੰਖੜੀਆਂ ਤੇ

ਕਦੇ ਆਪਣੀ ਹੀ ਘਰਵਾਲੀ ਨੂੰ
ਬਣਾ ਕੇ ਦਿਓ ਚਾਹ ਦਾ ਕੱਪ
ਜਦ ਕਿਤੇ ਉਹ ਮਾਰ ਰਹੀ ਹੋਵੇ ਗੱਪਾਂ



ਆਪਣੀਆਂ ਸਹੇਲੀਆਂ ਨਾਲ

ਕਦੇ ਆਪਣੀ ਜੀਵਨ ਸਾਥਣ ਨੂੰ ਕਹੋ
ਸਾਂਭਦਾ ਹਾਂ ਮੈਂ ਨਿਆਣਿਆਂ ਨੂੰ ਘਰ
ਤੂੰ ਵੀ ਕੱਟ ਆ ਮਨਾਲੀ ਦਾ ਟੂਰ
ਆਪਣੀਆਂ ਸਹੇਲੀਆਂ ਨਾਲ

ਕਦੇ ਬੱਦਲਾਂ 'ਚ ਪੂਰਾ ਚੰਨ
ਵੇਖਕੇ ਕਰੋ ਅੱਖਾਂ ਬੰਦ
ਮਹਿਸੂਸ ਕਰੋ
ਆਪਣੇ ਅੰਦਰ ਉਠਦੇ
ਜਵਾਰ ਭਾਟੇ ਨੂੰ

ਕਦੇ ਲੱਭੋ ਆਪਣੇ ਅੰਦਰ
ਉਹ ਬੱਚਾ ਜੋ ਹੱਸਦਾ ਸੀ
ਬਿਨਾਂ ਕਿਸੇ ਕਾਰਨ ਤੋਂ

ਕਦੇ ਬੁਲਾਓ ਆਪਣੇ ਦੋਸਤ ਨੂੰ
ਬਿਨਾਂ ਹੀ ਕਿਸੇ ਕੰਮ ਤੋਂ
ਪੀਓ ਚਾਹ ਦਾ ਕੱਪ ਉਸ ਨਾਲ
ਕਿਸੇ ਚਾਹ ਦੀ ਖੋਖੇ ਤੋਂ
ਤੇ ਮਾਰੋ ਉਸ ਨਾਲ
ਬੇਸਿਰ ਪੈਰ ਦੀਆਂ ਗੱਲਾਂ

ਕਦੇ ਨਿਕਲ ਜਾਓ ਇਕੱਲੇ
ਪਹਾੜ ਨੂੰ
ਮਿੱਤਰ ਬਣਾ ਲਓ ਸੜਕ,
ਦਰਖਤ, ਫੁੱਲ, ਪੱਤੀਆਂ
ਜੰਗਲ, ਅਣਜਾਣ ਲੋਕਾਂ ਨੂੰ

ਕਦੇ ਅਧਿਆਪਕ, ਕਿਸਾਨ,
ਮੋਚੀ ਦਾ ਸ਼ੁਕਰੀਆ ਕਰੋ
ਜੋ ਤੁਹਾਡੀ ਸ਼ਖਸ਼ੀਅਤ ਨੂੰ
ਬਣਾਉਣ 'ਚ ਸਹਾਈ ਹੋਏ ਨੇ

ਕਦੇ ਆਪਣੇ ਵਿਚਾਰਾਂ ਨੂੰ ਤੱਕੋ
ਚਲਦੇ ਚਲਦੇ ਰੁਕ ਜਾਓ
ਤੇ ਬਣ ਜਾਓ ਸਟੈਚੂ ਬੱਚਿਆਂ ਵਾਂਙ
ਫਿਰ ਤੱਕੋ ਰੁਕੇ ਹੋਏ ਮਨ ਨੂੰ

ਕਦੇ ਤੱਕੋ ਬੁੱਧ ਦੀ ਮੂਰਤੀ
ਤੇ ਮਨ ਨੂੰ ਵੈਰਾਗੀ ਹੋ ਜਾਣ ਦਿਓ,
ਕਦੇ ਮੀਰਾਂ ਦੇ ਭਜਨ
ਸੁਣ ਕੇ ਰੋ ਪਵੋ,
ਕਦੇ ਨੱਚ ਲਓ
ਨੁਸਰਤ ਦੀਆਂ ਕਵਾਲੀਆਂ ਲਾ ਕੇ,
ਕਦੇ ਤਾਂ ਛੱਡ ਦਿਓ ਸਮਝ ਦਾ ਪੱਲਾ,
ਤੇ ਬਣ ਜਾਓ ਕਮਲੇ
ਕਦੇ ਤੇ ਹੋ ਜਾਓ ਬੇਅਕਲ
ਕਦੇ ਤੇ ਹੋ ਜਾਓ ਬੇਅਕਲ

### ਕੋਸ਼ਿਸ਼

ਸਾਡੀ ਸਾਰੀ ਕੋਸ਼ਿਸ਼ ਬੱਚਿਆਂ ਨੂੰ
ਡਾਕਟਰ ਤੇ ਇੰਜੀਨੀਅਰ
ਬਣਾਉਣ 'ਤੇ ਲੱਗੀ ਹੈ
ਫਿਰ ਵੀ ਕਵੀ ਤੇ ਕਲਾਕਾਰ
ਪੈਦਾ ਹੋ ਜਾਂਦੇ
ਇਹ ਵਕਤ ਨਾਲ
ਕਿੰਨੀ ਵੱਡੀ ਠੱਗੀ ਹੈ?
ਸਿਰਫ ਟੈਕਨਾਲੋਜੀ ਨਾਲ ਨਹੀਂ
ਚਲਦੀ ਇਹ ਦੁਨੀਆ
ਜਦ ਵੀ ਦਿਲ ਉਦਾਸ ਹੋਇਆ
ਘਰ ਰਫੀ ਦੀ ਕੈਸੇਟ ਵੱਜੀ ਹੈ।

## ਮੋਬਾਇਲ ਟਾਵਰ

ਮੇਰੇ ਪਿੰਡ ਦੀ ਸੱਥ 'ਚ
ਉੱਗ ਆਇਆ ਹੈ ਮੋਬਾਇਲ ਟਾਵਰ
ਤਾਸ਼ ਖੇਡਦੇ ਬੇਲੀ
ਤਾਸ਼ ਦੇ ਪੱਤਿਆਂ ਵਾਂਗ
ਖਿੰਡ ਗਏ ਹਨ

ਸੱਥ ਸੁੰਨ ਹੈ

ਕਬੱਡੀ
ਗੁੱਲੀ ਡੰਡਾ
ਪੀਚੋ
ਬਾਂਦਰ ਕਿੱਲਾ
ਕਿੱਕਲੀ
ਤੀਆਂ
ਸਭ ਨੂੰ ਖਾ ਗਿਆ ਹੈ
ਮੋਬਾਇਲ ਟਾਵਰ

ਹੁਣ ਬੱਚੇ
ਮੰਜਿਆਂ 'ਤੇ ਬੈਠ ਕੇ ਖੇਡਦੇ ਨੇ
ਫ਼ੁੱਟਬਾਲ
ਦਾਰਾ ਸਿੰਘ
ਤੇ ਮਿਲਖਾ ਸਿੰਘ ਨੂੰ ਨਿਗਲ਼ ਗਿਆ ਹੈ
ਛੋਟਾ ਭੀਮ ਅਤੇ ਡੋਰੇਮੋਨ

ਰਾਮਾ ਫ਼ੌਜੀ
ਅੱਜਕਲ੍ਹ ਰੇਡੀਓ ਨਹੀਂ ਸੁਣਦਾ
ਰੇਡੀਓ ਦੇਖਦਾ ਹੈ
ਮੱਟੂ ਹਲਵਾਈ
ਪੀਜ਼ਾ ਬਣਾਉਣ ਦੇ ਗੁਰ ਸਿੱਖਦਾ ਹੈ
ਸੁੱਖਾ ਨੰਬਰਦਾਰ
ਘਰ 'ਚ ਹੀ ਕਰ ਲੈਂਦਾ ਹੈ
ਯੋਗਾ

ਬਸੰਤੀ ਬੁੜ੍ਹੀ
ਪੋਤੀ ਦੇ ਮੋਬਾਇਲ 'ਤੇ
ਲਾਈਵ ਸੁਣਦੀ ਹੈ ਗੁਰਬਾਣੀ
ਲੱਸੀ
ਸੱਤੂ



ਠੰਡਿਆਈ ਨੂੰ
ਕੋਕ ਤੇ ਪੈਪਸੀ ਪੀ ਗਏ ਹਨ
ਖੀਰ
ਕੜਾਹ
ਤੇ ਪੂੜਿਆਂ ਨੂੰ
ਖਾ ਗਏ ਹਨ
ਕੇਕ ਤੇ ਪੇਸਟਰੀ

ਅਰੋੜਿਆਂ ਦੀ ਨੂੰਹ ਨੇ
ਜੁਆਇਨ ਕਰ ਲਈ ਹੈ
ਆਨਲਾਈਨ ਮੇਕਅੱਪ ਕਲਾਸ
ਗਿੰਦਰ ਕਾ ਅਮਨਾ
ਵਟਸਐਪ ਕਾਲ 'ਤੇ
ਮੰਗਾਅ ਲੈਂਦਾ ਹੈ
ਚਿੱਟਾ

ਗੁਲਜ਼ਾਰੀ ਨੇ ਵੀ
ਸਿੱਖ ਲਿਆ ਹੈ
ਫ਼ੇਸਬੁੱਕ 'ਤੇ ਲਾਈਵ ਹੋਣਾ
ਹੁਣ ਢਾਣੀ ਵਾਲ਼ਿਆਂ ਦਾ ਨਿਰਮਲ
ਇੰਸਟਾ ਦੀ ਰੀਲ
ਬਣਾਉਣਾ ਜਾਣਦੈ

ਕਈ ਵਟਸਐਪ ਗਰੁੱਪਾਂ ਦਾ ਮੈਂਬਰ ਹੈ
ਪ੍ਰਿਤਪਾਲ ਮਾਸਟਰ
ਅਜੇ ਕੱਲ੍ਹ ਹੀ
ਆਨਲਾਈਨ ਖ਼ਰੀਦੀ ਹੈ
ਲੱਖੇ ਕੰਡਕਟਰ ਦੇ ਮੁੰਡੇ ਟੋਨੀ ਨੇ
ਗੋਡਿਆਂ ਤੋਂ ਪਾਟੀ ਜੀਨ

ਜੱਗੇ ਮੈਂਬਰ ਦੀ ਕੁੜੀ
ਗੂਗਲ 'ਤੇ ਸਰਚ ਕਰ ਰਹੀ ਹੈ
ਸ਼ਹਿਰ ਦਾ ਸਭ ਤੋਂ ਘੈਂਟ
ਆਈਲੈਟਸ ਕੇਂਦਰ

ਛਿੰਦਰ ਕੁਰ ਹੁਣ
ਮੁੰਡੇ ਦੇ ਜਨਮ ਦਿਨ 'ਤੇ
ਗੁਰਦੁਆਰੇ ਰਸਦਾਂ ਨਹੀਂ ਚੜ੍ਹਾਉਂਦੀ
ਮੋਬਾਇਲ 'ਤੇ ਹੀ ਚੱਲ ਜਾਂਦਾ ਹੈ
ਹੈਪੀ ਬਰ'ਡੇ ਟੂ ਯੂ ਵਾਲ਼ਾ ਸੌਂਗ
ਬੈਠਕ ਦੀਆਂ ਕੰਧਾਂ 'ਤੇ ਚਿਪਕੇ
ਰੰਗੀਨ ਗ਼ੁਬਾਰੇ
ਕਿੰਨੇ ਸੋਹਣੇ ਲੱਗਦੇ ਹਨ

ਸੱਚਮੁੱਚ
ਮੋਬਾਇਲ ਟਾਵਰ ਨੇ
ਬਦਲ ਦਿੱਤਾ ਹੈ
ਮੇਰਾ ਪਿੰਡ
ਆਪਣੇ ਆਪ ਤੋਂ ਬੇਖ਼ਬਰ
ਮੇਰਾ ਪਿੰਡ
ਹੁਣ ਪੂਰੀ ਦੁਨੀਆ ਦੀ ਖ਼ਬਰ ਰੱਖਦੈ

## ਰੋਟੀ

ਤੁਸੀਂ ਮੈਨੂੰ
ਆਸਤਿਕ ਕਹੋ ਜਾਂ ਨਾਸਤਿਕ
ਪਰ ਮੈਂ
ਪੰਜ ਰੁਪਏ ਦਾ ਸਿੱਕਾ
ਸ਼ਨੀਦੇਵ ਲਈ ਨਹੀਂ
ਤੇਲ ਦੀ ਬਾਲਟੀ ਫੜੀ
ਉਸ ਮੁਰਦੜੇ ਜਿਹੇ ਬੰਦੇ ਦੇ
ਬੱਚਿਆਂ ਲਈ ਚੜ੍ਹਾਇਆ ਹੈ
ਜੋ ਘਰ ਬੈਠੇ
ਰੋਟੀ ਦੀ ਉਡੀਕ ਕਰ ਰਹੇ ਹੋਣੇ

ਰੋਟੀ
ਜਿਸ ਦਾ ਰਸਤਾ
ਉਸ ਤੇਲ ਵਾਲ਼ੀ ਬਾਲਟੀ
ਵਿਚਦੀ ਹੋ ਕੇ ਲੰਘਦਾ ਹੈ।

## ਕਵਿਤਾਵਾਂ / ਹਰਪ੍ਰੀਤ ਕੌਰ ਸੰਧੂ



### ਔਰਤ ਤੇ ਜ਼ਮੀਨ

ਔਰਤ ਦਰਅਸਲ ਜ਼ਮੀਨ
ਵਾਂਗ ਹੁੰਦੀ

ਆਪਣੀ ਹੋਵੇ ਤਾਂ ਸਾਂਭੀ ਜਾਂਦੀ
ਬੇਗਾਨੀ ਹੋਵੇ ਤਾਂ ਲਲਚਾਉਂਦੀ

ਠੇਕੇ ਤੇ ਹੋਵੇ ਤਾਂ ਦੱਬ ਲੈਣਾ ਚਾਹੁੰਦੇ
ਸਾਂਝੀ ਹੋਵੇ ਤਾਂ ਵੰਡ
ਲਈ ਜਾਂਦੀ

ਔਰਤ ਨੇ ਵਾਹੀ ਦਾ ਮੁੱਲ ਮੋੜਨਾ
ਧਰਮ ਤੋਂ ਪਿੱਛੇ ਨਾ ਹੱਟਦੀ

ਬੀਜ ਨੂੰ ਬੂਟਾ ਬਣਾ ਮੋੜਦੀ
ਸ਼ਾਹ ਸਵਾਰ ਤਾਂ ਲੰਘ ਜਾਂਦੇ
ਕਰ ਸਵਾਰੀ

ਇਲਜ਼ਾਮ ਤੇ ਫਲ ਔਰਤ
ਭੁਗਤਦੀ ਪੱਲੇ ਪੈਂਦੇ
ਹਜ਼ਾਰਾਂ ਇਲਜ਼ਾਮ

ਆਪਣਾ ਲਾਲਚ ਤੇ ਹਵਸ
ਬਣਾ ਦਿੱਤਾ ਜਾਂਦਾ
ਔਰਤ ਦਾ ਕਸੂਰ

ਔਰਤਾਂ ਦੇ ਸਰੀਰ ਦੀ ਉਚਾਈ
ਤੇ ਗਹਿਰਾਈ ਨੂੰ
ਦਿੱਤੇ ਜਾਂਦੇ ਇਲਜ਼ਾਮ

ਆਪਣੇ ਮਨ ਦੇ
ਬੇਕਾਬੂ ਹੋਣ ਦਾ ਕਾਰਣ
ਔਰਤ ਦੇ ਬਦਨ ਦੇ ਕਪੜਿਆਂ
ਤੇ ਲਾਇਆ ਜਾਂਦਾ

ਚੁੱਪ ਰਹਿੰਦੀ ਸਭ ਸਹਿ ਲੈਂਦੀ
ਪਾਲਦੀ ਮਰਦ ਦੀ ਔਲਾਦ
ਜੋ ਜਾਂਦਾ ਵਾਹੁਣਾ ਤੇ ਬੀਜ ਪਾਉਣਾ

ਪਾਲਣਾ ਬਸ ਔਰਤ ਦੇ ਜ਼ਿੰਮੇ ਆਉਂਦਾ
ਮਾਂ ਹੋਣ ਦੀ ਦੇ ਦੁਹਾਈ
ਵਾਹ ਰੇ ਖੁਦਾ!!! ਤੇਰੀ ਖੁਦਾਈ

### ਮੈਂ ਲੜਾਂਗੀ

ਨਹੀਂ ਕਹਾਂਗੀ ਵਾਰਿਸ ਸ਼ਾਹ ਨੂੰ
ਕਬਰਾਂ ਵਿੱਚੋ ਬੋਲੇ
ਕਿਉਂ ਬੋਲੇ ਉਹ
ਕੀ ਮੇਰੀ ਆਵਾਜ਼ ਤੇ
ਯਕੀਨ ਨਹੀਂ ਮੈਨੂੰ
ਮੇਰੀ ਹਯਾਤੀ
ਦੂਜਿਆਂ ਤੇ ਨਿਰਭਰ ਕਿਉਂ ਹੋਵੇ
ਮੈਂ ਕਿਉਂ ਤੱਕਾਂ ਰਾਹ
ਕਿਸੇ ਰਹਿਬਰ ਦਾ
ਬਲ ਬਖਸ਼ਿਆ
ਮੈਨੂੰ ਮੇਰੇ ਪਾਤਸ਼ਾਹ

ਬੁਲੰਦ ਕਰਾਂਗੀ ਆਪਣੀ ਆਵਾਜ਼
ਆਪਣੇ ਹੱਕ ਲਈ
ਨਹੀਂ ਰਹਾਂਗੀ ਮੁਥਾਜ ਤਾਉਮਰ
ਬਣ ਚੰਡੀ ਟੱਕਰਾਂਗੀ
ਹਰ ਮਹਿਸਾਸੁਰ ਨੂੰ
ਆਪਣੇ ਹੱਕ ਲਵਾਂਗੀ
ਖੋਹ ਹੱਵਾ ਦੀ ਜਾਈ
ਕੋਮਲ ਹਾਂ ਕਮਜ਼ੋਰ ਨਹੀਂ ਹਾਂ!!

## ਪਰਦੇਸੀ / ਤਰਿੰਦਰ ਕੌਰ

ਮਨ ਪਰਦੇਸੀ
ਘਰ ਨਾ ਆਵੇ
ਵਾਂਗ ਖਾਨਾ-ਬਦੋਸ਼ਾਂ

ਭਟਕੀ ਜਾਵੇ
ਬਹੁਤ ਭਟਕਿਆ
ਦਰ ਬ ਦਰ
ਬੜਾ ਹੋਇਆ
ਬੁਰਾ ਹਸ਼ਰ
ਲੰਬਾ ਅਜੇ
ਬਹੁਤ ਪਰ
ਇਸ ਕੁਰਾਹੇ ਦਾ ਸਫ਼ਰ


ਹੋਵੇ ਜੇ
ਜਜ਼ਬੇ ਵਿੱਚ ਅਸਰ
ਤਾਂ ਪਵੇ
ਓਸ ਦੀ ਨਜਰ
'ਤੇ ਤੁਰੇ
ਸੱਚੀ ਡਗਰ
ਫਿਰ ਹੀ ਪਹੁੰਚੇਗਾ
ਇਸ ਘਰ ਦੇ
ਓਸ ਦਰ

ਮੁੱਕ ਜਾਣ ਜਿੱਥੇ
ਸਭ ਫ਼ਿਕਰ
ਪੈਂਦੀ ਹੈ
ਪਿਆਰ ਦੀ ਕਦਰ

ਐਨਾ ਖ਼ੂਬਸੂਰਤ
ਉਹ ਸ਼ਹਿਰ
ਉਹ ਨਗਰ।

## ਸ਼ਬਦ ਚਿੱਤਰ ਸਾਹਿਤ ਦਾ ਸਪਤਰਿਸ਼ੀ – ਰਜਿੰਦਰ ਸਿੰਘ ਬੇਦੀ / ਡਾ. ਕੇ ਜਗਜੀਤ

ਰਾਜਿੰਦਰ ਸਿੰਘ ਬੇਦੀ (1915–84) ਉਰਦੂ ਜ਼ੁਬਾਨ ਦੇ ਮਸ਼ਹੂਰ ਕਹਾਣੀਕਾਰ ਤਾਂ ਸਨ ਹੀ ਪਰ ਨਾਲ ਹੀ ਨਾਲ ਉਨ੍ਹਾਂ ਕਈ ਫ਼ਿਲਮਾਂ ਦੇ ਡਾਇਲਾਗ ਤੇ ਸਕ੍ਰੀਨਪਲੇਅ ਵੀ ਲਿਖੇ ਤੇ ਇਹ ਸਭ ਕੁਝ ਕਰਦਿਆਂ ਉਹ ਆਪ ਫ਼ਿਲਮਾਂ ਦੇ ਪ੍ਰੋਡਿਊਸਰ ਤੇ ਨਿਰਦੇਸ਼ਕ ਵੀ ਬਣ ਗਏ। ਉਨ੍ਹਾਂ ਦੀ ਜ਼ਿੰਦਗੀ ਦਾ ਸੰਘਰਸ਼ 69 ਸਾਲਾਂ ਤੱਕ ਚੱਲਦਾ ਰਿਹਾ। ਇਸ ਲੰਮੇ ਸਫ਼ਰ 'ਚ ਕਈ ਮੋੜਾਂ 'ਤੇ ਮੈਨੂੰ ਬੇਦੀ ਸਾਹਿਬ ਦੇ ਰੂ–ਬ–ਰੂ ਵੀ ਹੋਣਾ ਪਿਆ ਤੇ ਕਈ ਵਾਰੀ ਕਦਮ ਨਾਲ ਕਦਮ ਮਿਲਾ ਕੇ ਵੀ ਚੱਲਣਾ ਪਿਆ। ਉਹ ਖ਼ਾਲਸਾ ਕਾਲਜ ਦੇ ਪਿਛਵਾੜੇ ਆਰ.ਪੀ. ਮਸਾਣੀ ਰੋਡ 'ਤੇ ਰਹਿੰਦੇ ਸਨ ਤੇ ਬਾਅਦ 'ਚ ਉਹ ਡਾਨ ਬਾਸਕੋ ਦੇ ਪਿਛਵਾੜੇ ਸੇਠੀਆਂ ਸਦਨ ਨਾਂ ਦੀ ਬਿਲਡਿੰਗ ਵਿੱਚ ਰਹਿਣ ਚਲੇ ਗਏ। ਮੈਂ ਸੰਨ 1951 'ਚ ਖਾਲਸਾ ਕਾਲਜ 'ਚ ਦਾਖਲਾ ਲੈ ਕੇ ਪੜ੍ਹਾਈ ਸ਼ੁਰੂ ਕੀਤੀ ਤੇ 1993 'ਚ ਉਸੇ ਕਾਲਜ ਤੋਂ ਬਤੌਰ ਪ੍ਰਿੰਸੀਪਲ ਰਿਟਾਇਰ ਹੋਇਆ। ਆਪਣੇ ਵਿਦਿਆਰਥੀ ਜੀਵਨ ਤੋਂ ਲੈ ਕੇ ਸੰਨ 1984 ਤੱਕ ਮੈਂ ਉਨ੍ਹਾਂ ਦੇ ਸੰਪਰਕ 'ਚ ਰਿਹਾ। ਬੇਦੀ ਸਾਹਿਬ ਦਾ ਵੱਡਾ ਪੁੱਤਰ ਨਰਿੰਦਰ ਬੇਦੀ ਤੇ ਵੱਡੀ ਬੇਟੀ ਸੁਰਿੰਦਰ ਖ਼ਾਲਸਾ ਕਾਲਜ 'ਚ ਮੇਰੇ ਕੋਲੋਂ ਪੜ੍ਹਦੇ ਰਹੇ ਤੇ ਮੇਰੀਆਂ ਅੱਖਾਂ ਸਾਹਮਣੇ ਵੱਡੇ ਹੋਏ। ਸ਼ੁਰੂ–ਸ਼ੁਰੂ 'ਚ ਤਾਂ ਕੋਈ ਬਹੁਤੀ ਗੱਲਬਾਤ ਨਹੀਂ ਸੀ ਹੁੰਦੀ ਪਰ ਸਮਾਂ ਪਾ ਕੇ ਸਾਡਾ ਆਪਸੀ ਤਾਲਮੇਲ ਵਧਣ ਲੱਗ ਪਿਆ ਤੇ ਸਾਡੀ ਪਰਿਵਾਰਕ ਨੇੜਤਾ ਵਧਦੀ ਗਈ ਤੇ ਅਸੀਂ ਇਕ–ਦੂਜੇ ਦੇ ਦੁੱਖ–ਸੁੱਖ ਦੇ ਸਾਥੀ ਵੀ ਬਣ ਗਏ। ਸੰਨ 1965 'ਚ ਜਦੋਂ ਮੈਂ ਹਿੰਦੀ ਭਾਸ਼ਾ 'ਚ ਆਪਣਾ ਪਹਿਲਾ ਕਹਾਣੀ ਸੰਗ੍ਰਹਿ ਛਪਾਉਣ ਲੱਗਾ ਤਾਂ ਬੇਦੀ ਹੁਰਾਂ ਨੂੰ ਉਸ ਦੀ ਭੂਮਿਕਾ ਲਿਖਣ ਲਈ ਕਿਹਾ। ਬਹੁਤ ਜ਼ਿਆਦਾ ਮਸਰੂਫ਼ ਰਹਿਣ ਦੇ ਬਾਵਜੂਦ ਉਨ੍ਹਾਂ ਨੇ ਮੇਰਾ ਇਹ ਕੰਮ ਕੁਝ ਦਿਨਾਂ 'ਚ ਹੀ ਸਿਰੇ ਚਾੜ੍ਹ ਦਿੱਤਾ। ਭਾਵੇਂ ਬੇਦੀ ਹੁਰਾਂ ਮੇਰੀਆਂ ਕਹਾਣੀਆਂ ਦੀ ਪ੍ਰਸ਼ੰਸਾ ਹੀ ਕੀਤੀ ਪਰ ਇਹ ਉਨ੍ਹਾਂ ਦਾ ਮੇਰੇ ਉੱਤੇ ਬਹੁਤ ਵੱਡਾ ਅਹਿਸਾਨ ਸੀ। ਇਹ ਦੂਜੀ ਗੱਲ ਹੈ ਕਿ ਮੈਂ ਪੰਜਾਬੀ ਭਾਸ਼ਾ 'ਚ ਕੇਵਲ ਇਸ ਲਈ ਲਿਖਦਾ ਹਾਂ ਕਿ ਇਹ ਮੇਰੀ ਮਾਤ–ਭਾਸ਼ਾ ਹੈ। ਬੇਦੀ ਸਾਹਿਬ ਉਰਦੂ ਜ਼ਬਾਨ 'ਚ ਲਿਖਦੇ ਸਨ ਇਸ ਲਈ ਹੀ ਉਨ੍ਹਾਂ ਦੇ 'ਨਾਵਲ–ਏਕ ਚਾਦਰ ਮੈਲੀ ਸੀ' ਨੂੰ ਸਾਹਿਤ ਅਕੈਡਮੀ ਐਵਾਰਡ ਮਿਲ ਗਿਆ। ਰਾਜਿੰਦਰ ਸਿੰਘ ਬੇਦੀ ਇੱਕ ਚੰਗੇ ਮਹਿਮਾਨ ਨਿਵਾਜ਼ ਸਨ। ਜਦੋਂ ਵੀ ਪੰਜਾਬ ਜਾਂ ਮੁੰਬਈ ਮਹਾਂਨਗਰ ਦਾ ਕੋਈ ਅਦੀਬ ਜਾਂ ਲਿਖਾਰੀ ਉਨ੍ਹਾਂ ਦੇ ਘਰ ਬਹੁੜਦਾ ਤਾਂ ਮਹਿਫਲਾਂ ਲੱਗ ਪੈਂਦੀਆਂ। ਵਿਚਾਰ–ਵਟਾਂਦਰੇ ਹੁੰਦੇ। ਲਤੀਫਿਆਂ 'ਚ ਹਾਸਿਆਂ ਦੀਆਂ ਆਬਸ਼ਾਰਾਂ ਡਿੱਗਣ ਲੱਗ ਪੈਂਦੀਆਂ। ਉਨ੍ਹਾਂ ਦੇ ਘਰ ਹੀ ਮੈਨੂੰ ਅੰਮ੍ਰਿਤਾ ਪ੍ਰੀਤਮ, ਇਮਰੋਜ਼, ਸੰਤ ਸਿੰਘ ਸੇਖੋਂ ਕਮਲੇਸ਼ਵਰ ਤੇ ਮਜਰੂਹ ਸੁਲਤਾਨਪੁਰੀ ਹੁਰਾਂ ਨਾਲ ਮਿਲਣ ਦਾ ਮੌਕਾ ਮਿਲਿਆ। ਜਦੋਂ ਵੀ ਪ੍ਰਿੰਸੀਪਲ ਗੁਰਬਚਨ ਸਿੰਘ ਤਾਲਿਬ ਮੁੰਬਈ ਆਉਂਦੇ ਉਹ ਬੇਦੀ ਸਾਹਿਬ ਦੇ ਘਰ ਜ਼ਰੂਰ ਜਾਂਦੇ ਕਿਉਂਕਿ ਉਨ੍ਹਾਂ ਦਾ ਘਰ ਆਪਣੇ ਆਪ 'ਚ ਹੀ ਇਕ ਤੀਰਥ ਅਸਥਾਨ ਮੰਨਿਆ ਜਾਂਦਾ ਸੀ। ਮੇਰੀ ਬੇਦੀ ਹੁਰਾਂ ਨਾਲ ਸਾਂਝ ਦੀ ਗੰਢ ਇਸ ਲਈ ਪੀਡੀ ਹੁੰਦੀ ਚਲੀ ਗਈ ਕਿਉਂਕਿ ਮੇਰਾ ਵੱਡਾ ਭਰਾ ਪ੍ਰੀਤਮ ਬੇਲੀ ਤੇ ਛੋਟੀ ਭੈਣ ਰਾਜਿੰਦਰ ਕੌਰ ਵੀ ਸਾਹਿਤਕ ਗਤੀਵਿਧੀਆਂ 'ਚ ਆਪਣੀ ਵਿਤ ਅਨੁਸਾਰ ਸਮੇਂ–ਸਮੇਂ ਯੋਗਦਾਨ ਪਾਉਂਦੇ ਰਹਿੰਦੇ ਸਨ। ਮੈਂ ਲਿਖਣ ਦੀ ਪ੍ਰਕਿਰਿਆ ਨੂੰ ਬਹੁਤ ਸੰਜੀਦਗੀ ਨਾਲ ਨਹੀਂ ਸੀ ਲਿਆ। ਮੈਨੂੰ ਇਕ ਦਿਨ ਬੇਦੀ ਹੁਰਾਂ ਦਾ ਫੋਨ ਆਇਆ, ਕਹਿਣ ਲੱਗੇ, ''ਕੀ ਕਰ ਰਹੇ ਹੋ...? ਮੈਂ ਜ਼ਰੂਰੀ ਮਿਲਣਾ ਚਾਹੁੰਦਾ ਹਾਂ... ਬੇਲੀ ਤੇ ਰਾਜਿੰਦਰ ਹੁਰਾਂ ਨੂੰ ....ਤੇ ਤੁਹਾਨੂੰ ਵੀ... ਬੜਾ ਜ਼ਰੂਰੀ ਕੰਮ ਪੈ ਗਿਆ ਹੈ।'' ਉਸ ਦਿਨ ਉਨ੍ਹਾਂ ਆਪਣੇ ਨਾਵਲ 'ਏਕ ਚਾਦਰ ਮੈਲੀ ਸੀ' ਮੁਕੰਮਲ ਕੀਤਾ ਸੀ ਤੇ ਉਹ ਸਭ ਤੋਂ ਪਹਿਲਾਂ ਸਾਨੂੰ ਹੀ ਸੁਣਾਉਣਾ ਚਾਹੁੰਦੇ ਸਨ। ਬਸ ਫਿਰ ਕੀ ਸੀ। ਮੈਂ ਆਪਣੇ ਕੁਆਰਟਰ 'ਚੋਂ ਨਿਕਲ ਕੇ ਕਾਲਜ ਦੇ ਸਟਾਫ ਰੂਮ ਦਾ ਬੂਹਾ ਖੁੱਲ੍ਹਵਾਇਆ ਤੇ ਉੱਥੇ ਜਾਂਦਿਆਂ ਹੀ ਬੇਦੀ ਸਾਹਿਬ ਨੇ ਨਾਵਲ ਦਾ ਪਾਠ ਸ਼ੁਰੂ ਕਰ ਦਿੱਤਾ ਜੋ ਕਈ ਘੰਟੇ ਚੱਲਦਾ ਰਿਹਾ। ਬੇਦੀ ਸਾਹਿਬ ਪੜ੍ਹਦਿਆਂ–ਪੜ੍ਹਦਿਆਂ ਕਈ ਵਾਰੀ ਰੋਣ ਵੀ ਲੱਗ ਪੈਂਦੇ। ਬੇਦੀ ਸਾਹਿਬ ਜਿਸ ਪਾਤਰ ਬਾਰੇ ਵੀ ਲਿਖਦੇ ਸਨ– ਉਹ ਉਸ ਦੀ ਨਬਜ਼ ਹੀ ਨਹੀਂ ਟੋਂਹਦੇ ਸਨ, ਬਸ ਉਸ ਦੇ ਸਾਹਾਂ ਨਾਲ ਸਾਂਝ ਪਾ ਲੈਂਦੇ ਸਨ, ਰੂਹ 'ਚ ਵੜ ਬਹਿੰਦੇ ਸਨ ਤੇ ਉਸ ਦੇ ਦਿਲ ਦੀਆਂ ਧੜਕਣਾਂ ਨਾਲ ਇਕਸੁਰਤਾ ਪੈਦਾ ਕਰ ਲੈਂਦੇ ਸਨ। ਸ਼ਾਇਦ ਇਸ ਮੁਹਾਰਤ ਦਾ ਰਾਜ਼ ਇਹ ਹੈ ਕਿ ਉਹ ਫ਼ਿਲਮਾਂ 'ਚ ਕੰਮ ਕਰਦਿਆਂ ਜਦੋਂ ਪਾਤਰਾਂ ਦੀ ਉਸਾਰੀ ਕਰਦਿਆਂ ਆਪਣੀ ਕਲਮ ਦੀ ਵਰਤੋਂ ਕਰਦੇ ਸਨ, ਉਨ੍ਹਾਂ ਨੂੰ ਹਰ ਪਾਤਰ ਨਾਲ ਪੂਰੀ ਤਰ੍ਹਾਂ ਨਿਭਣਾ ਪੈਂਦਾ ਸੀ।



ਰਾਜਿੰਦਰ ਸਿੰਘ ਬੇਦੀ ਦਾ ਜਨਮ ਲਾਹੌਰ 'ਚ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਂ ਸੀ ਸੇਵਾ ਦੇਵੀ ਜੋ ਇਕ ਹਿੰਦੂ ਬ੍ਰਾਹਮਣ ਪਰਿਵਾਰ 'ਚੋਂ ਸ੍ਰੀ ਰਲਾ ਰਾਮ ਦੀ ਧੀ ਸੀ। ਉਨ੍ਹਾਂ ਦੇ ਪਿਤਾ ਬਾਬਾ ਹੀਰਾ ਸਿੰਘ ਸਨ ਜੋ ਸ. ਗਨਪਤ ਸਿੰਘ ਖੱਤਰੀ ਦੇ ਬੇਟੇ ਸਨ। ਘਰ ਵਿੱਚ ਉਨ੍ਹਾਂ ਦੀ ਮਾਤਾ ਗੁਰੂ ਗ੍ਰੰਥ ਸਾਹਿਬ ਤੇ ਗੀਤਾ ਦਾ ਪਾਠ ਬੜੇ ਹੀ ਨੇਮ ਨਾਲ ਕਰਦੇ ਸਨ। ਬਚਪਨ 'ਚ ਬੇਦੀ ਸਾਹਿਬ ਸਰੀਰਕ ਤੌਰ 'ਤੇ ਕਾਫ਼ੀ ਕਮਜ਼ੋਰ ਰਹਿੰਦੇ, ਉਨ੍ਹਾਂ

ਦੀਆਂ ਅੰਤੜੀਆਂ ਆਪਸ 'ਚ ਉਲਝੀਆਂ ਰਹਿੰਦੀਆਂ। ਮਾਂ ਬਿਮਾਰ ਰਹਿੰਦੀ। ਇੱਕ ਪੈਸਾ ਪ੍ਰਤੀ ਦਿਨ ਦੇ ਹਿਸਾਬ ਨਾਲ ਉਹ ਕਿਰਾਏ 'ਤੇ ਕਿਤਾਬਾਂ ਲਿਆਉਂਦੇ ਤੇ ਪੜ੍ਹ ਕੇ ਵਾਪਸ ਕਰ ਦਿੰਦੇ। ਚਾਚਾ ਜੀ ਦੀ ਲਾਹੌਰ 'ਚ ਇਕ ਸਟੀਮ ਪ੍ਰੈਸ ਸੀ ਜਿਸ ਵਿੱਚ ਪੰਜ ਛੇ ਹਜ਼ਾਰ ਕਿਤਾਬਾਂ ਪਈਆਂ ਹੁੰਦੀਆਂ ਸਨ। ਬੇਦੀ ਸਾਹਿਬ ਆਪਣੀ ਪੜ੍ਹਾਈ ਬਾਰੇ ਲਿਖਦੇ ਹਨ। ''ਪ੍ਰਾਇਮਰੀ ਤੋਂ ਮਿਡਲ ਤੱਕ ਇਲਮ ਤੇ ਅਮਲ 'ਚ ਫਾਸਲਾ ਹੋਣ ਕਰ ਕੇ ਜੋ ਵੀ ਤਬਾਹੀ ਹੋ ਸਕਦੀ ਸੀ ਉਹ ਹੋ ਗਈ।'' ਆਪਣੀ ਪੈਦਾਇਸ਼ ਦਾ ਜ਼ਿਕਰ ਕਰਦਿਆਂ ਬੇਦੀ ਸਾਹਿਬ ਲਿਖਦੇ ਹਨ: ਟੈਗੋਰ ਦਾ ਕਥਨ ਹੈ ਕਿ ਦੁਨੀਆਂ 'ਚ ਹਰ ਰੋਜ਼ ਇੰਨੇ ਇਨਸਾਨ ਪੈਦਾ ਹੁੰਦੇ ਹਨ, ਇਹ ਗੱਲ ਇਸ ਹਕੀਕਤ ਦਾ ਸਬੂਤ ਹੈ ਕਿ ਅਜੇ ਭਗਵਾਨ ਇਨਸਾਨ ਬਣਾਉਣ ਦੀ ਕਿਰਿਆ ਤੋਂ ਮਾਯੂਸ ਨਹੀਂ ਹੋਇਆ।

ਉਨ੍ਹਾਂ ਦੇ ਕਈ ਕਹਾਣੀ ਸੰਗ੍ਰਹਿ ਛਪੇ ਜਿਨ੍ਹਾਂ 'ਚ ਕੋਖ ਜਲੀ (1949), ਅਪਨੇ ਦੁੱਖ ਮੁਝੇ ਦੇ ਦੋ (1965, 1979), ਹਾਥ ਹਮਾਰੇ ਕਲਮ ਹੂਏ (1974), ਮੁਕਤੀ ਬੋਧ (1982), ਗਰਮ ਕੋਟ, ਲੰਬੀ ਲੜਕੀ, ਜੋਗੀਆ, ਮਹਿਮਾਨ ਤੇ ਕੁੰਦਨ ਸ਼ਾਮਲ ਹਨ। ਬੇਦੀ ਹੁਰਾਂ ਦੇ ਸੀਨੇ 'ਚ ਹਮੇਸ਼ਾਂ ਇੱਕ ਚਿੰਗਾਰੀ ਸੁਲਗਦੀ ਰਹਿੰਦੀ ਸੀ। ਉਨ੍ਹਾਂ ਦੀਆਂ ਅੱਖਾਂ 'ਚ ਇਕੋ ਵੇਲੇ ਇਕ ਪਾਸੇ ਅਸਮਾਨੀ ਨੂਰ ਝਲਕਦਾ ਨਜ਼ਰੀਂ ਪੈਂਦਾ ਤੇ ਦੂਜੇ ਪਾਸੇ ਭਰਪੂਰ ਉਦਾਸੀ। ਉਨ੍ਹਾਂ ਨੂੰ ਵੇਖ ਕੇ ਕਿਸੇ ਭੋਲੇ-ਭਾਲੇ ਬੱਚੇ ਦੀ ਯਾਦ ਆ ਜਾਂਦੀ ਜੋ ਇਕੋ ਵੇਲੇ ਹੱਸਦਾ ਵੀ ਰਹਿੰਦਾ ਹੈ ਤੇ ਉਸੇ ਵੇਲੇ ਰੋਣ ਵੀ ਲੱਗ ਪੈਂਦਾ ਹੈ। ਉਹ ਬੜੇ ਹੀ ਮਜ਼ਾਕੀਆ ਸੁਭਾਅ ਦੇ ਸਨ। ਔਰਤ ਤੇ ਮਰਦ ਦੇ ਸਬੰਧਾਂ ਬਾਰੇ ਉਨ੍ਹਾਂ ਦੇ ਸਪਸ਼ਟ ਵਿਚਾਰ ਸਨ। ਸਪਸ਼ਟਤਾ ਦੇ ਨਾਲ ਇਨ੍ਹਾਂ ਸਬੰਧਾਂ ਬਾਰੇ ਉਹ ਜੋ ਕੁਝ ਵੀ ਲਿਖਦੇ ਸਨ ਉਸ ਵਿੱਚ ਸਰਲਤਾ, ਸਾਦਗੀ, ਸੁਹਜ, ਸੁੰਦਰਤਾ ਤੇ ਸੁਚੱਜਤਾ ਸੀ। ਉਹ ਲਿਖਦੇ ਹਨ ਕਿ ਔਰਤ ਤੇ ਮਰਦ ਦੋਵੇਂ ਅੱਜ ਤੋਂ ਹੀ ਨਹੀਂ, ਲੱਖਾਂ ਕਰੋੜਾਂ ਸਾਲਾਂ ਤੋਂ ਇਸ ਧਰਤੀ 'ਤੇ ਬੜੀ ਮੁਸ਼ੱਕਤ ਵਾਲੀ ਜ਼ਿੰਦਗੀ ਝੱਲ ਰਹੇ ਹਨ। ਪਿਆਰ ਤੇ ਨਫ਼ਰਤ, ਖੁਸ਼ੀ ਤੇ ਗ਼ਮ, ਦੁਖ ਤੇ ਸੁਖ, ਮਾਯੂਸੀਆਂ ਤੇ ਮਹਿਰੂਮੀਆਂ ਉਨ੍ਹਾਂ ਦੀਆਂ ਮੂਲ ਭਾਵਨਾਵਾਂ ਦੇ ਪਰਛਾਵੇਂ ਹੁੰਦੇ ਹਨ। ਬੇਦੀ ਸਾਹਿਬ ਆਪਣੇ ਬਾਰੇ ਕਹਿੰਦੇ ਹਨ, ਮੈਂ ਹਰੇ-ਹਰੇ ਪੱਤਿਆਂ ਤੇ ਚੰਬੇਲੀ ਦੇ ਫੁੱਲਾਂ ਨਾਲ ਗੱਲਾਂ ਕੀਤੀਆਂ ਹਨ ਅਤੇ ਉਨ੍ਹਾਂ ਕੋਲੋਂ ਜਵਾਬ ਵੀ ਲਿਆ ਹੈ। ਮੈਂ ਕਈ ਭਾਸ਼ਾਵਾਂ ਜਾਣਦਾ ਹਾਂ। ਡੀ.ਏ.ਵੀ. ਕਾਲਜ 'ਚ ਪੜ੍ਹਦਿਆਂ ਉਨ੍ਹਾਂ ਦੇ ਇਕ ਪ੍ਰੋਫੈਸਰ ਨੇ ਉਨ੍ਹਾਂ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ। ਉਹ ਕਹਿੰਦਾ ਹੁੰਦਾ ਸੀ ਕਿ ਇਕ ਸਾਧਾਰਨ ਕਿਸਮ ਦੇ ਵਿਅਕਤੀ ਦੀ ਸਾਡੇ ਸਮਾਜ 'ਚ ਕੋਈ ਜਗ੍ਹਾ ਨਹੀਂ ਹੁੰਦੀ। ਜੇ ਚੋਰ ਵੀ ਬਣੋ ਤਾਂ ਉੱਚ-ਪਾਏ ਦੇ ਬਣੋ।'' ਬੇਦੀ ਸਾਹਿਬ ਨੂੰ ਆਪਣੇ ਵਿਦਿਆਰਥੀ ਜੀਵਨ 'ਚ ਸੰਗੀਤ ਦਾ ਬਹੁਤ ਸ਼ੌਕ ਸੀ। ਨਾਲ ਹੀ ਪੇਂਟਿੰਗ ਦੀ ਵੀ ਲਤ ਸੀ। ਕਹਿੰਦੇ ਹਨ, ''ਇਕ ਬੜੀ ਹੀ ਸੋਹਣੀ ਔਰਤ ਦੀ ਤਸਵੀਰ ਬਣਾ ਤਾਂ ਲਈ ਪਰ ਮੈਂ ਖੁਦ ਹੀ ਉਸ ਦੇ ਨਾਲ ਇਸ਼ਕ ਕਰਨ ਲੱਗ ਪਿਆ ਤੇ ਉਸ ਨੂੰ ਢੂੰਡਣ ਨਿਕਲ ਪਿਆ ਤੇ ਜਦ ਉਹ ਕਿਧਰੇ ਵੀ ਨਾ ਮਿਲੀ, ਮੈਂ ਉਸ ਕਾਗ਼ਜ਼ ਨੂੰ ਪਾਣੀ 'ਚ ਪਾ ਕੇ ਗਾਲ ਦਿੱਤਾ ਪਰ ਅੱਜ ਵੀ ਮੈਂ ਉਸ ਨੂੰ ਢੂੰਡ ਰਿਹਾ ਹਾਂ। ਮੈਨੂੰ ਤਲਾਸ਼ ਹੈ ਉਸ ਔਰਤ ਦੀ ਜੋ ਮੇਰੇ ਦਿਮਾਗ 'ਚ ਬੇਪਨਾਹ ਫਤੂਰ ਪੈਦਾ ਕਰ ਦੇਵੇ।'' ਉਹ ਜੰਗੇ ਆਜ਼ਾਦੀ ਲਈ ਆਪਣੀ ਜਵਾਨੀ ਦੇ ਦਿਨਾਂ 'ਚ ਕੁਝ ਦਿਨਾਂ ਲਈ ਇਨਕਲਾਬੀ ਵੀ ਬਣੇ ਰਹੇ। ਬਾਲ ਸਭਾ ਦੇ ਮੈਂਬਰ ਵੀ ਰਹੇ। ਬੇਦੀ ਸਾਹਿਬ ਦਾ 19 ਸਾਲ ਦੀ ਉਮਰ 'ਚ ਹੀ ਵਿਆਹ ਹੋ ਗਿਆ। ਪਤਨੀ ਦਾ ਨਾਂ ਸੋਮਾ ਸੀ ਜੋ ਬਦਲ ਕੇ ਸਤਵੰਤ ਕੌਰ ਬਣ ਗਿਆ। ਉਸ ਵਕਤ ਬੇਦੀ ਹੁਰੀਂ ਪੋਸਟ ਆਫਿਸ 'ਚ ਕੰਮ ਕਰਦੇ ਸਨ। ਤਨਖ਼ਾਹ 46 ਰੁਪਏ ਸੀ। ਉਨ੍ਹਾਂ ਨੇ ਭਾਵੇਂ ਆਪਣੀ ਜ਼ਿੰਦਗੀ ਦਾ ਸਫ਼ਰ ਡਾਕਖਾਨੇ 'ਚ ਨੌਕਰੀ ਤੋਂ ਸ਼ੁਰੂ ਕੀਤਾ ਪਰ ਡਾਕਖਾਨੇ ਨੌਕਰੀ ਕਰਦਿਆਂ ਉਹ ਆਲ ਇੰਡੀਆ ਰੇਡੀਓ ਲਈ ਡਰਾਮੇ ਵੀ ਲਿਖਣ ਲੱਗ ਪਏ। ਭਾਵੇਂ ਕ੍ਰਿਸ਼ਨ ਚੰਦਰ ਮਸ਼ਹੂਰ ਕਹਾਣੀਕਾਰ ਨੇ ਉਨ੍ਹਾਂ 'ਤੇ ਤਰਸ ਖਾ ਕੇ ਕਿਹਾ ਸੀ, ''ਇਤਨਾ ਅੱਛਾ ਅਫ਼ਸਾਨਾ ਨਿਗਾਰ ਡਾਕਖਾਨੇ 'ਚ ਨੌਕਰੀ ਕਰਕੇ ਆਪਣੀ ਜ਼ਿੰਦਗੀ ਬਰਬਾਦ ਕਰ ਰਿਹਾ ਨਜ਼ਰੀਂ ਪੈਂਦਾ ਹੈ।'' ਪਰ ਬੇਦੀ ਸਾਹਿਬ ਕੋਲ ਹੋਰ ਕੋਈ ਚਾਰਾ ਵੀ ਨਹੀਂ ਸੀ।

1944 'ਚ ਉਨ੍ਹਾਂ ਨੂੰ ਲਾਹੌਰ ਰੇਡੀਓ ਸਟੇਸ਼ਨ 'ਤੇ ਬਤੌਰ ਸਕ੍ਰਿਪਟ ਰਾਈਟਰ ਨੌਕਰੀ ਮਿਲ ਤਾਂ ਗਈ ਪਰ ਉਹ ਰੇਡੀਓ ਕਾਰਜਕਾਰੀ ਨਹੀਂ ਸਨ ਬਣ ਸਕਦੇ ਕਿਉਂਕਿ ਉਨ੍ਹਾਂ ਨੇ ਗਰੈਜੂਏਸ਼ਨ ਨਹੀਂ ਸੀ ਕੀਤੀ ਹੋਈ। ਰੇਡੀਓ ਸਟੇਸ਼ਨ 'ਤੇ ਕੰਮ ਕਰਦੇ ਉਹ ਸਾਅਦਤ ਹਸਨ ਮੰਟੋ, ਅਸ਼ਕ, ਕ੍ਰਿਸ਼ਨ ਚੰਦਰ ਤੇ ਫੈਜ਼ ਅਹਿਮਦ ਫੈਜ਼ ਹੁਰਾਂ ਦੇ ਸੰਪਰਕ 'ਚ ਆ ਗਏ। ਜਦੋਂ ਸੂਬਾ ਸਰਹੱਦ 'ਚ ਰੇਡੀਓ ਸਟੇਸ਼ਨ ਸ਼ੁਰੂ ਕੀਤਾ ਗਿਆ ਤਾਂ ਬੇਦੀ ਹੁਰਾਂ ਨੂੰ ਉਸ ਸਟੇਸ਼ਨ ਦਾ ਨਵਾਂ ਇੰਚਾਰਜ ਨਿਯੁਕਤ ਕੀਤਾ ਗਿਆ, ਤਨਖਾਹ 500 ਰੁਪਏ ਸੀ। ਉੱਥੋਂ ਵਾਪਸ ਆ ਕੇ ਬੇਦੀ ਹੁਰਾਂ ਮਹੇਸ਼ਵਰੀ ਫ਼ਿਲਮ ਨਾਂ ਦੀ ਕੰਪਨੀ 'ਚ ਨੌਕਰੀ ਸ਼ੁਰੂ ਕਰ ਦਿੱਤੀ। ਮਹੇਸ਼ਵਰੀ ਹੁਰੀਂ 'ਕਹਾਂ ਗਏ' ਨਾਂ ਦੀ ਫ਼ਿਲਮ ਬਣਾ ਰਹੇ ਸਨ। ਸਾਲ 1946 'ਚ ਬੇਦੀ ਹੁਰਾਂ ਆਪਣਾ ਸੰਗਮ ਪਬਲਿਸ਼ਿੰਗ ਹਾਊਸ ਸ਼ੁਰੂ ਕੀਤਾ। ਪਰ ਜਦੋਂ 1947 'ਚ ਦੇਸ਼ ਦੀ ਵੰਡ ਹੋ ਗਈ ਤਾਂ ਬੇਦੀ ਹੁਰੀਂ ਲਾਹੌਰੋਂ ਦਿੱਲੀ ਆ ਗਏ ਤੇ ਦਿੱਲੀ ਤੋਂ ਸ਼ਿਮਲੇ ਦੇ ਰੇਡੀਓ ਸਟੇਸ਼ਨ 'ਤੇ ਕੰਮ ਕਰਦੇ ਰਹੇ। ਬੇਦੀ ਹੁਰਾਂ ਦੀ ਸ਼ੋਹਰਤ ਦਾ ਹੀ ਅਸਰ ਸੀ ਕਿ ਜਦੋਂ ਜੰਮੂ-ਕਸ਼ਮੀਰ 'ਚ ਰੇਡੀਓ ਸਟੇਸ਼ਨ ਬਣਾਏ ਗਏ ਤਾਂ ਉਨ੍ਹਾਂ ਨੂੰ ਪਹਿਲਾਂ ਜੰਮੂ ਤੇ ਫਿਰ ਸ੍ਰੀਨਗਰ ਰੇਡੀਓ ਸਟੇਸ਼ਨ ਦਾ ਡਾਇਰੈਕਟਰ ਥਾਪਿਆ ਗਿਆ। ਫਿਰ ਬੇਦੀ ਸਾਹਿਬ ਦੀ ਜ਼ਿੰਦਗੀ 'ਚ ਨਵਾਂ ਮੋੜ ਆਇਆ ਜਦੋਂ ਉਨ੍ਹਾਂ ਦੇ ਇਕ ਦੋਸਤ ਅਮਰ ਕੁਮਾਰ ਸੂਦ ਨੇ ਬੇਦੀ ਹੁਰਾਂ ਨੂੰ ਫ਼ਿਲਮ ਪ੍ਰੋਡਿਊਸਰ

ਡੀ.ਡੀ. ਕੇਸ਼ਪ ਨਾਲ ਮਿਲਾਇਆ ਤੇ ਬੇਦੀ ਹੁਰਾਂ ਫੇਮਸ ਪਿਕਚਰਜ਼ ਦੇ ਇਸ ਪ੍ਰੋਡਿਊਸਰ ਕੋਲ ਨੌਕਰੀ ਕਰ ਲਈ। ਜਦੋਂ 'ਬੜੀ ਬਹਿਨ' ਨਾਂ ਦੀ ਫ਼ਿਲਮ ਸੰਨ 1949 'ਚ ਰਿਲੀਜ਼ ਹੋਈ ਤਾਂ ਬੇਦੀ ਸਾਹਿਬ ਦੇ ਨਾਂ ਦਾ ਸਿੱਕਾ ਬਤੌਰ ਫ਼ਿਲਮੀ ਡਾਇਲਾਗ ਰਾਈਟਰ ਪੂਰੇ ਫ਼ਿਲਮ ਜਗਤ 'ਚ ਚੱਲਣ ਲੱਗ ਪਿਆ। ਇਸ ਫ਼ਿਲਮ ਤੋਂ ਇਲਾਵਾ ਬੇਦੀ ਸਾਹਿਬ ਨੇ ਦਾਗ਼ (1952), ਮਿਰਜ਼ਾ ਗ਼ਾਲਿਬ (1955), ਦੇਵਦਾਸ (1955), ਗਰਮ ਕੋਟ (1955), ਬਸੰਤ ਬਹਾਰ, ਮੁਸਾਫ਼ਿਰ, ਮਧੂਮਤੀ, ਬੰਬਈ ਕਾ ਬਾਬੂ, ਅਨੁਰਾਧਾ (1960), ਰੰਗੋਲੀ, ਮੇਰੇ ਸਨਮ, ਅਨੁਪਮਾ, ਸਤਿਆਕਾਮ, ਦਸਤਕ, ਅਭਿਮਾਨ (1976) ਵਰਗੀਆਂ ਫ਼ਿਲਮਾਂ ਦੇ ਡਾਇਲਾਗ ਲਿਖੇ। ਬੇਦੀ ਸਾਹਿਬ ਨੂੰ 1959 'ਚ ਮਧੂਮਤੀ ਤੇ 1971 'ਚ ਸਤਿਆਕਾਮ ਫ਼ਿਲਮਾਂ ਦੇ ਡਾਇਲਾਗ ਲਿਖਣ ਲਈ ਮਿਲੇ। ਬਤੌਰ ਡਾਇਲਾਗ ਲੇਖਕ ਬੇਦੀ ਹੁਰਾਂ ਦੇ ਅਭਿਮਾਨ ਤੇ ਅਨੁਪਮਾ ਫ਼ਿਲਮਾਂ ਦੇ ਲਿਖੇ ਹੋਏ ਡਾਇਲਾਗ ਅੱਜ ਵੀ ਯਾਦ ਕੀਤੇ ਜਾਂਦੇ ਹਨ ਪਰ ਫ਼ਿਲਮ ਦੇਵਦਾਸ ਦੇ ਸਾਰੇ ਹੀ ਡਾਇਲਾਗ ਬੇਮਿਸਾਲ ਤਾਂ ਹਨ ਹੀ ਨਾਲ ਉਹ ਲਾਜਵਾਬ ਵੀ ਹਨ। ਉਨ੍ਹਾਂ ਦੇ ਲਿਖੇ ਹੋਏ ਡਾਇਲਾਗ ਹੀ ਫ਼ਿਲਮ ਦੀ ਰੂਹ ਤੇ ਆਤਮਾ ਹਨ। ਵੈਸੇ ਦਾਗ਼ ਫ਼ਿਲਮ ਨੇ ਵੀ ਬੇਦੀ ਸਾਹਿਬ ਦੀ ਡਾਇਲਾਗ ਲਿਖਣ ਦੀ ਕਲਾ ਦੀ ਪੂਰੀ ਧਾਕ ਜਮਾ ਦਿੱਤੀ ਸੀ ਜੋ 1952 'ਚ ਬਣੀ ਸੀ। ਸੰਨ 1954 'ਚ ਬੇਦੀ ਹੁਰਾਂ ਅਮਰ ਕੁਮਾਰ, ਬਲਰਾਜ ਸਾਹਨੀ ਤੇ ਗੀਤਾ ਬਾਲੀ ਨਾਲ ਮਿਲ ਕੇ ਨਾਂ ਦੀ ਫ਼ਿਲਮ ਕੰਪਨੀ ਖੋਲ੍ਹ ਕੇ ਆਪਣੀ ਲਿਖੀ ਹੋਈ ਕਹਾਣੀ ਦੇ ਆਧਾਰ 'ਤੇ 'ਗਰਮ ਕੋਟ' ਨਾਂ ਦੀ ਫ਼ਿਲਮ ਬਣਾਈ ਜਿਸ ਵਿੱਚ ਬਲਰਾਜ ਸਾਹਨੀ ਤੇ ਨਿਰੂਪਾ ਰਾਏ ਨੇ ਕੰਮ ਕੀਤਾ ਸੀ। ਇਸ ਫ਼ਿਲਮ ਦਾ ਸਕ੍ਰੀਨਪਲੇਅ ਵੀ ਬੇਦੀ ਹੁਰਾਂ ਆਪ ਹੀ ਲਿਖਿਆ ਤੇ ਫ਼ਿਲਮ ਦੇ ਡਾਇਰੈਕਟਰ ਅਮਰ ਕੁਮਾਰ ਹੁਰੀਂ ਸਨ। ਸੰਨ 1962 'ਚ ਬੇਦੀ ਹੁਰਾਂ ਅਮਰ ਕੁਮਾਰ ਦੇ ਨਿਰਦੇਸ਼ਨ 'ਚ ਹੀ ਰੰਗੋਲੀ ਨਾਂ ਦੀ ਫ਼ਿਲਮ ਪ੍ਰੋਡਿਊਸ ਕੀਤੀ ਜਿਸ ਵਿੱਚ ਕਿਸ਼ੋਰ ਕੁਮਾਰ ਤੇ ਗੀਤਾ ਬਾਲੀ ਨੇ ਕੰਮ ਕੀਤਾ। ਬੇਦੀ ਸਾਹਿਬ ਦਾ ਕਥਨ ਸੀ, ''ਜੇ ਮੈਂ ਕਲਮ ਨਾਲ ਕਹਾਣੀ ਲਿਖ ਸਕਦਾ ਹਾਂ ਤਾਂ ਮੈਨੂੰ ਕੈਮਰੇ ਨਾਲ ਵੀ ਕਹਾਣੀ ਲਿਖਣੀ ਚਾਹੀਦੀ ਹੈ।'' ਆਪਣੇ ਇਸ ਆਤਮ ਵਿਸ਼ਵਾਸ ਨੂੰ ਆਧਾਰ ਬਣਾ ਕੇ ਬੇਦੀ ਹੁਰਾਂ ਬਤੌਰ ਡਾਇਰੈਕਟਰ 'ਦਸਤਕ' ਨਾਂ ਦੀ ਫ਼ਿਲਮ ਬਣਾਈ ਜਿਸ ਵਿੱਚ ਸੰਜੀਵ ਕੁਮਾਰ ਹੀਰੋ ਸੀ ਤੇ ਰਿਹਾਨਾ ਸੁਲਤਾਨਾ ਹੀਰੋਇਨ ਸੀ। ਬਾਅਦ 'ਚ ਬੇਦੀ ਸਾਹਿਬ ਨੇ ਤਿੰਨ ਫ਼ਿਲਮਾਂ ਹੋਰ ਵੀ ਡਾਇਰੈਕਟ ਕੀਤੀਆਂ। ਉਨ੍ਹਾਂ ਦੇ ਨਾਂ ਸਨ 'ਫਾਗੁਨ', 'ਨਵਾਬ ਸਾਹਿਬ' ਤੇ 'ਆਖੋਂ ਦੇਖੀ'। ਆਖੋਂ ਦੇਖੀ ਮਹਾਤਮਾ ਗਾਂਧੀ ਦੇ ਆਜ਼ਾਦੀ ਸੰਗ੍ਰਾਮ ਨਾਲ ਜੁੜੀ ਹੋਈ ਸੀ। ਇਸ ਫ਼ਿਲਮ 'ਚ ਮੇਰੇ ਵੱਡੇ ਭਰਾ ਪ੍ਰੀਤਮ ਬੇਲੀ ਦਾ ਵੀ ਚੰਗਾ ਵੱਡਾ ਰੋਲ ਸੀ। ਬੇਦੀ ਸਾਹਿਬ ਦੇ ਨਾਵਲ 'ਏਕ ਚਾਦਰ ਮੈਲੀ ਸੀ' ਦੇ ਆਧਾਰ 'ਤੇ ਗੀਤਾ ਬਾਲੀ ਨੇ ਫ਼ਿਲਮ ਬਣਾਉਣੀ ਸ਼ੁਰੂ ਤਾਂ ਕੀਤੀ ਪਰ ਅਜੇ ਫ਼ਿਲਮ ਬਣ ਹੀ ਰਹੀ ਸੀ ਉਹ ਚੇਚਕ ਦੀ ਬੀਮਾਰੀ ਦਾ ਸ਼ਿਕਾਰ ਹੋ ਗਈ। ਫ਼ਿਲਮ ਵਿੱਚ ਹੀ ਰਹਿ ਗਈ ਪਰ ਇਸ ਨਾਵਲ ਦੇ ਆਧਾਰ 'ਤੇ 1978 'ਚ ਪਾਕਿਸਤਾਨ 'ਚ ਇੱਕ ਫ਼ਿਲਮ 'ਮੁੱਠੀ ਭਰ ਚਾਵਲ' ਬਣਾਈ ਗਈ ਤੇ ਬੇਦੀ ਹੁਰਾਂ ਦੀ ਮੌਤ ਤੋਂ ਦੋ ਸਾਲ ਬਾਅਦ ਸੰਨ 1986 ਭਾਰਤ ਵਿੱਚ ''ਏਕ ਚਾਦਰ ਮੈਲੀ ਸੀ'' ਬਣਾਈ ਗਈ।

ਇਹ ਬੜੇ ਮਾਣ ਦੀ ਗੱਲ ਹੈ ਕਿ ਇਸ ਨਾਵਲ ਨੂੰ ਲੈ ਕੇ ਸਾਡੇ ਦੋਹਾਂ ਦੇਸ਼ਾਂ ਦੀ ਸਰਹੱਦ ਦੇ ਆਰ-ਪਾਰ ਦੋਵੇਂ ਪਾਸੇ ਫ਼ਿਲਮਾਂ ਬਣੀਆਂ। ਇਸ ਤੋਂ ਪਤਾ ਚੱਲਦਾ ਹੈ ਸਾਡੇ ਦੋਹਾਂ ਦੇਸ਼ਾਂ ਦੇ ਸੱਭਿਆਚਾਰਾਂ 'ਚ ਅਜੇ ਵੀ ਬਹੁਤ ਕੁਝ ਸਾਂਝਾ ਹੈ। ਬੇਦੀ ਸਾਹਿਬ ਦਾ ਛੋਟਾ ਪੁੱਤਰ ਜਤਿੰਦਰ ਪੜ੍ਹਾਈ ਕਰਨ ਲਈ ਜਰਮਨੀ ਚਲਾ ਗਿਆ ਤੇ ਉਸ ਦੇਸ਼ 'ਚ ਹੀ ਰਹਿਣ ਲੱਗ ਪਿਆ ਪਰ ਵੱਡਾ ਪੁੱਤਰ ਆਪਣੇ ਪਿਤਾ ਦੇ ਹੀ ਨਕਸ਼ੇ-ਕਦਮ 'ਤੇ ਚੱਲਣ ਲੱਗ ਪਿਆ। ਉਸ ਕੋਲ ਜਵਾਨੀ ਦਾ ਜੋਸ਼ ਸੀ। ਉਹ ਆਪਣੀ ਪੀੜ੍ਹੀ ਦੇ ਕਾਲਜਾਂ 'ਚ ਪੜ੍ਹਦੇ ਜਵਾਨ ਮੁੰਡੇ-ਕੁੜੀਆਂ ਦੀਆਂ ਸੱਧਰਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ। ਬੇਦੀ ਹੁਰਾਂ ਦੀ ਮਦਦ ਲਏ ਬਗੈਰ ਉਸ ਨੇ ਕਈ ਫ਼ਿਲਮਾਂ ਡਾਇਰੈਕਟ ਕੀਤੀਆਂ ਜਿਨ੍ਹਾਂ ਦੇ ਨਾਂ ਹਨ- 'ਜਵਾਨੀ-ਦੀਵਾਨੀ', 'ਬੇਨਾਮ', 'ਰਫੂਚੱਕਰ', 'ਸਨਮ ਤੇਰੀ ਕਸਮ'। ਜਵਾਨੀ ਦੀਵਾਨੀ ਦਾ ਇੱਕ ਗੀਤ ਅੱਜ ਵੀ ਬੜਾ ਹੋਇਆ:- ਯੇਹ ਜਵਾਨੀ, ਹੈ ਦੀਵਾਨੀ ਦੇਖ ਜ਼ਰਾ, ਪੀਛੇ ਮੁੜ ਕੇ ਚਲੀ ਕਹਾਂ? ਐਸੇ ਉੜ ਕੇ ਨਰਿੰਦਰ ਬੇਦੀ ਨੇ ਲਿੰਕਨ ਰੋਡ 'ਤੇ ਇੱਕ ਬੰਗਲਾ ਵੀ ਖਰੀਦ ਲਿਆ ਤੇ ਵਿਆਹ ਕਰਵਾ ਕੇ ਉੱਥੇ ਰਹਿਣ ਆ ਗਿਆ। ਬੇਦੀ ਹੁਰਾਂ ਦੀ ਪਤਨੀ ਦੇ ਸਵਰਗਵਾਸ ਹੋ ਜਾਣ ਕਰਕੇ ਨਰਿੰਦਰ ਨੇ ਬੜਾ ਜ਼ੋਰ ਪਾਇਆ ਕਿ ਬੇਦੀ ਸਾਹਿਬ ਉਸ ਕੋਲ ਰਹਿਣ ਆ ਜਾਣ ਪਰ ਆਜ਼ਾਦ ਜ਼ਿੰਦਗੀ ਜਿਊਣ ਵਾਲੇ ਖ਼ੁਦਪ੍ਰਸਤ ਬੇਦੀ ਹੁਰੀਂ ਅੜੇ ਰਹੇ ਤੇ ਕਿੰਗਜ਼ ਸਰਕਲ ਹੀ ਆਪਣੇ ਕਿਰਾਏ ਦੇ ਫਲੈਟ 'ਚ ਰਹਿੰਦੇ ਰਹੇ। ਦਰਅਸਲ ਨਰਿੰਦਰ ਦੀ ਉਸ ਸਮੇਂ ਦੇ ਸੁਪਰ ਹੀਰੋ ਰਾਜੇਸ਼ ਖੰਨਾ ਨਾਲ ਬੜੀ ਹੀ ਗਹਿਰੀ ਦੋਸਤੀ ਸੀ। ਦੋਵੇਂ ਦੋਸਤ ਦਿਨ ਰਾਤ ਮੌਜ-ਮਸਤੀ 'ਚ ਆਕਾਸ਼ ਦੀਆਂ ਉਡਾਣਾਂ ਭਰਦੇ ਰਹਿੰਦੇ। ਨਰਿੰਦਰ ਦੀਆਂ ਫ਼ਿਲਮਾਂ 'ਚ ਰਾਜੇਸ਼ ਖੰਨਾ ਹੀ ਹੀਰੋ ਹੁੰਦਾ ਤੇ ਫਿਰ ਇੱਕ ਸਮਾਂ ਅਜਿਹਾ ਆਇਆ ਕਿ ਨਰਿੰਦਰ ਬੇਦੀ ਦੀਆਂ ਰਾਜੇਸ਼ ਖੰਨਾ ਨੂੰ ਲੈ ਕੇ ਬਣਾਈਆਂ ਫ਼ਿਲਮਾਂ ਫਲਾਪ ਹੋ ਰਹੀਆਂ ਸਨ। ਨਰਿੰਦਰ ਨੂੰ ਇਸ ਬੇਵਸੀ ਦੀ ਹਾਲਤ 'ਚ ਆਪਣੇ ਪਿਤਾ ਬੇਦੀ ਸਾਹਿਬ ਦੀ ਸ਼ਰਨ 'ਚ ਹੀ ਆਉਣਾ ਪਿਆ। ਇਹ ਦੂਜੀ ਗੱਲ ਹੈ ਕਿ 1982 'ਚ ਨਰਿੰਦਰ ਇਸ ਸੰਸਾਰ ਤੋਂ ਹੀ ਕੂਚ ਕਰ ਗਿਆ। ਪਹਿਲਾਂ ਪਤਨੀ ਤੇ ਫਿਰ ਜਵਾਨ ਪੁੱਤਰ ਦੇ ਵਿਛੋੜੇ ਨੇ ਬੇਦੀ ਸਾਹਿਬ ਨੂੰ ਝੰਜੋੜ ਕੇ ਰੱਖ ਦਿੱਤਾ। ਬੇਦੀ ਸਾਹਿਬ ਨਾਲ ਇੱਕ ਬਹੁਤ ਵੱਡੀ ਘਟਨਾ ਤਾਂ ਪਹਿਲਾਂ ਹੀ ਵਾਪਰ ਚੁੱਕੀ ਸੀ। 5 ਨਵੰਬਰ 1978 ਵਾਲੇ ਦਿਨ ਉਨ੍ਹਾਂ ਦੇ ਸਰੀਰ ਦਾ ਸੱਜਾ ਪਾਸਾ ਅਧਰੰਗ ਦਾ ਸ਼ਿਕਾਰ ਹੋ

## ਦੋ ਗਜ਼ਲਾਂ / ਮਨਜੀਤ ਪੁਰੀ



1.

ਖ਼ੂਨ ’ਚ ਰਚ ਗਏ ਸੱਜਣ ਆਖ਼ਰ ਪਾਣੀ ਹੋ ਕੇ ਨਿੱਕਲੇ ਨੇ।
ਪਾਣੀ ਵੀ ਇਹ ਚੰਦਰੇ ਅੱਖਾਂ ਥਾਣੀ ਹੋ ਕੇ ਨਿੱਕਲੇ ਨੇ।

ਸੀਨੇ ਲੱਥਣ ਵੇਲੇ ਬੇਸ਼ੱਕ ਉਮਰਾਂ, ਅਹੁਦੇ ਵੱਖਰੇ ਸਨ
ਨਿਕਲਣ ਵੇਲ਼ੇ ਸਭ ਜ਼ਖ਼ਮਾਂ ਦੇ ਹਾਣੀ ਹੋ ਕੇ ਨਿੱਕਲੇ ਨੇ।

ਨਵੇਂ ਦੌਰ ਤੇ ਨਵੀਂ ਉਮਰ ਦੇ ਸੱਜਣ ਵੀ ਤਾਂ ਆਖ਼ਰ ਨੂੰ
ਸੀਨੇ ਵਿੱਚੋਂ ਓਹੀ ਪੀੜ ਪੁਰਾਣੀ ਹੋ ਕੇ ਨਿੱਕਲੇ ਨੇ।

ਰੋਸੇ, ਗਿਲੇ,ਉਲਾਂਭੇ, ਸ਼ਿਕਵੇ, ਰੋਹ ਦੇ ਬੋਲ ਵੀ ਬਾਬੇ ਦੇ
ਜਦ ਵੀ ਮੂੰਹੋਂ ਨਿੱਕਲੇ ਤਾਂ ਇਹ ਬਾਣੀ ਹੋ ਕੇ ਨਿੱਕਲੇ ਨੇ।

ਏਸ ਨਗਰ ਦੀ ਵਾ’ ਐਸੀ ਕਿ ਸਭ ਦੇ ਰੰਗ ਮਿਟਾ ਦੇਵੇ
ਦੁੱਧੋਂ ਚਿੱਟੇ ਇਥੋਂ ਕਾਲ਼ੇ ਪਾਣੀ ਹੋ ਕੇ ਨਿੱਕਲੇ ਨੇ।

ਆਖ਼ਰ ਨੂੰ ਉਹ ਕੁਝ ਨਾ ਕੁਝ ਤਾ ਖੱਟ ਕੇ ਵਾਪਸ ਪਰਤਣਗੇ
ਕੱਲੇ ਕਾਰੇ ਜੋ ਯਾਰਾਂ ਦੀ ਢਾਣੀ ਹੋ ਕੇ ਨਿੱਕਲੇ ਨੇ।

.....

2.

ਉਸਨੇ ਮੇਰੇ ਛੱਲੇ ਮੁੰਦੀਆਂ ਲਾਹ ਮਾਰੇ ਨੇ।
ਮੈਂ ਵੀ ਉਸਦੀ ਸ਼ਰਟ ਰੁਮਾਲ ਵਗਾਹ ਮਾਰੇ ਨੇ।

ਆਕੜ ਕੇ ਕਹਿੰਦਾ ਕਿ ‘ਮੇਰੇ ਖਤ ਮੋੜ ਦੇ’
ਮੈਂ ਵੀ ’ਕੱਠੇ ਕਰ ਕੇ ਮੱਥੇ ਠਾਹ ਮਾਰੇ ਨੇ।

‘ਤੂੰ ਮਾਰੇ ਨੇ ਸੁਪਨੇ’ ਕਹਿਣੋ ਹਟਦਾ ਨਹੀਂ ਸੀ
ਮੈਂ ਵੀ ਅੱਕ ਕੇ ਕਹਿ ਦਿੱਤਾ ਕਿ ’ਜਾਹ ਮਾਰੇ ਨੇ।

ਮੋਹ ਦੇ ਫੁੱਲ ਵੀ ਤੈਥੋਂ ਜੇ ਨਹੀਂ ਚੁੱਕੇ ਜਾਂਦੇ
ਚੱਕ ਲੈ ਮੈਂ ਵੀ ਲਾਹ ਕੇ ਸਿਰ ਤੋਂ ਆਹ ਮਾਰੇ ਨੇ।

ਤੂੰ ਤਾਂ ਚੌੜ ’ਚ ਗਾ ਗਈ ‘ਮੇਰਾ ਲੌਂਗ ਗਵਾਚਿਆ’
ਮੈਂ ਝੱਲੇ ਨੇ ਜੰਗਲ ਬੇਲੇ ਗਾਹ ਮਾਰੇ ਨੇ।

ਤੂੰ ਜਾਂ ਮੈਂ ਤਾਂ ਕਿਹੜੇ ਬਾਗ ਦੀ ਮੂਲ਼ੀ ਸੱਜਣਾ
ਏਸ ਇਸ਼ਕ ਨੇ ਵੱਡੇ ਵੱਡੇ ਸ਼ਾਹ ਮਾਰੇ ਨੇ।

ਗਿਆ। ਭਾਵੇਂ ਸਰੀਰਕ ਤੌਰ ’ਤੇ ਉਨ੍ਹਾਂ ਦਾ ਇੱਕ ਪਾਸਾ ਮਾਰਿਆ ਗਿਆ ਪਰ ਮਾਨਸਿਕ ਤੌਰ ’ਤੇ ਉਹ ਲਗਪਗ 6 ਸਾਲਾਂ ਤਕ ਜ਼ਿੰਦਗੀ ਤੇ ਮੌਤ ’ਚ ਚਲ ਰਹੀ ਰੱਸਾਕਸ਼ੀ ’ਚ ਉਲਝੇ ਰਹੇ। ਨਾਨਾਵਟੀ ਹਸਪਤਾਲ ’ਚ ਉਨ੍ਹਾਂ ਦਾ ਇਲਾਜ ਹੁੰਦਾ ਰਿਹਾ। ਇਸ ਲਾਚਾਰੀ ਦੀ ਹਾਲਤ ’ਚ ਉਨ੍ਹਾਂ ਨੂੰ ਨਰਿੰਦਰ ਬੇਦੀ ਦੇ ਬੰਗਲੇ ’ਤੇ ਆ ਕੇ ਰਹਿਣਾ ਵੀ ਪਿਆ। ਕਦੀ ਘਰ ਕਦੀ ਹਸਪਤਾਲ। ਫਿਰ ਵੀ ਜਦੋਂ ਕੋਈ ਲੇਖਕ ਮਿਲਣ ਆ ਜਾਂਦਾ ਤਾਂ ਔਖੇ-ਸੌਖੇ ਹੋ ਕੇ ਬਿਸਤਰੇ ਤੋਂ ਉਠ ਕੇ ਉਸ ਨੂੰ ਦਰਵਾਜ਼ੇ ਤਕ ਛੱਡਣ ਜ਼ਰੂਰ ਆ ਜਾਂਦੇ। ਬੀਮਾਰੀ ਦੀ ਇਸ ਹਾਲਤ ’ਚ ਵੀ ਬੇਦੀ ਹੁਰਾਂ ਦੇ ਸਿਰ ’ਤੇ ਕੱਸ ਕੇ ਬੰਨ੍ਹੀ ਹੋਈ ਪੱਗੜੀ ਜ਼ਰੂਰ ਰਹਿੰਦੀ। ਇੱਕ ਵਾਰੀ ਮਿਲੇ ਤਾਂ ਕਹਿਣ ਲੱਗੇ, ’’ਯਾਰ! ਲੱਗਦਾ ਹੈ, ਰੱਬ ਵੀ ਮੇਰੇ ਕੋਲੋਂ ਡਰਦਾ ਹੈ। ਜੇ ਰੱਬ ਦੇ ਹੱਥ ’ਚ ਮੇਰੀ ਲਗਾਮ ਹੈ ਤਾਂ ਵੀ ਉਸ ਨੂੰ ਲਗਾਮ ਪਾ ਰਿਹਾ ਸਾਂ ਤਾਂਹੀਓਂ ਤਾਂ ਉਹ ਮੇਰੇ ਕੋਲੋਂ ਬਦਲਾ ਲੈ ਰਿਹਾ ਹੈ। ਬੇਦੀ ਸਾਹਿਬ ਨੂੰ ਸੰਨ 1965 ’ਚ ਸਾਹਿਤ ਅਕੈਡਮੀ ਐਵਾਰਡ ਨਾਲ ਸਨਮਾਨਤ ਕੀਤਾ ਗਿਆ ਤੇ 1972 ’ਚ ਪਦਮਸ੍ਰੀ ਦੇ ਲਕਬ ਨਾਲ ਨਿਵਾਜਿਆ ਗਿਆ। ਸੰਨ 1984 ’ਚ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ ਤੇ ਦੇਵ ਲੋਕ ’ਚ ਸਪਤਰਿਸ਼ੀਆਂ ਲਈ ਬਣਾਏ ਗਏ ਸੱਤ ਸਿੰਘਾਸਣਾਂ ’ਚੋਂ ਆਪਣੇ ਉਸ ਸਿੰਘਾਸਨ ’ਤੇ ਜਾ ਬਿਰਾਜੇ ।

## ਹਿੰਦੀ ਕਵਿਤਾਵਾਂ / ਅਨੁਵਾਦ : ਅਮਰਜੀਤ ਕੌਂਕੇ

### ਕਿੱਥੇ ਨੇ ਮੇਰੇ ਜੀਵਨ ਦੀਆਂ ਜੜ੍ਹਾਂ / ਭਰਤ ਪ੍ਰਸਾਦ



ਪੁਕਾਰਦਾ ਹਾਂ
ਮੇਰੇ ਜੀਵਨ ਦੀਆਂ
ਜੜ੍ਹਾਂ ਕਿੱਥੇ ਨੇ
ਧਰਤੀ ਚੁੱਪ ਹੈ
ਪਾਣੀ ਵਹਿੰਦਾ ਜਾ ਰਿਹਾ
ਰੋਸ਼ਨੀ ਬਸ
ਚਮਕ ਰਹੀ ਹੈ
ਸਾਰੇ ਅਨਾਜ ਚੁੱਪ ਹਨ
ਸਵਾਲ ਮਾਤਾ ਪਿਤਾ ਦੇ
ਚਰਨਾਂ ਵਿੱਚ ਰੱਖਦਾ ਹਾਂ
ਇੱਥੇ ਵੀ ਕੋਈ
ਜਵਾਬ ਨਹੀਂ ਮਿਲਦਾ
ਭੱਜਦਾ ਹਾਂ ਪੁਛਦਾ
ਹਾਂ ਖੜਕਾਉਂਦਾ ਹਾਂ
ਧਰਤੀ ਦੇ ਸਾਰੇ ਦਰਵਾਜੇ
ਮੇਰੇ ਜੀਵਨ ਦੀਆਂ
ਜੜ੍ਹਾਂ ਕਿੱਥੇ ਨੇ
ਕੌਣ ਹੈ ਮੇਰੇ ਹੋਣ ਦਾ
ਪਹਿਲਾ ਪਹਿਲਾ ਕਾਰਨ
ਮਿੱਟੀ, ਪਾਣੀ,
ਧਰਤੀ, ਪੂਰੀ ਕਾਇਨਾਤ
ਸਾਰੇ ਮਾਤਾ ਪਿਤਾ
ਸਦੀਆਂ ਤੋਂ
ਸਿਰ ਝੁਕਾਈ
ਬੁੜਬੁੜਾਉਂਦੇ ਨੇ
ਸੂਰਜ ! ਸੂਰਜ ! ਸੂਰਜ।

### ਮੁਸਕਰਾਹਟਾਂ / ਅਨੁਰਾਧਾ ਓਸ



ਮੁਸਕਰਾਹਟਾਂ
ਸਿਰਫ਼ ਹੋਠਾਂ ਦੇ
ਫੈਲਣ ਸੁੰਗੜਨ ਦਾ
ਜ਼ਰੀਆ ਹੀ ਨਹੀਂ ਹਨ
ਬਲਕਿ
ਮਨ ਦੇ
ਫੈਲਣ ਸੁੰਗੜਨ ਦਾ ਵੀ
ਕਾਰਨ ਹਨ
ਧਰਤੀ ਤੇ
ਜਿਸ ਦਿਨ
ਸਭ ਤੋਂ ਪਹਿਲਾਂ ਕੋਈ
ਮੁਸਕਰਾਇਆ ਹੋਵੇਗਾ

ਉਸ ਦਿਨ
ਜ਼ਰੂਰ ਖਿੜੇ ਹੋਣਗੇ
ਸਤਰੰਗੇ ਫੁੱਲ

ਜ਼ਰੂਰ ਨਦੀ
ਆਪਣੇ ਪੂਰੇ
ਵੇਗ ਨਾਲ
ਵਹਿ ਤੁਰੀ ਹੋਵੇਗੀ

ਪੱਥਰਾਂ ਤੇ
ਬੱਦਲ
ਟੁੱਟ ਕੇ ਵਰ੍ਹੇ ਹੋਣਗੇ।

### ਮੌਤ ਦਾ ਖੂਹ / ਸ਼ੰਕਰਾਨੰਦ



ਇਕੱਠੇ ਹੋਏ ਨੇ ਲੋਕ
ਦੇਖ ਰਹੇ ਨੇ ਮੌਤ ਦਾ ਖੂਹ
ਮੇਲੇ ਵਿੱਚ ਸਭ ਤੋਂ
ਜ਼ਿਆਦਾ ਭੀੜ ਹੈ ਇਥੇ

ਕਿੰਨਾ ਅਜੀਬ ਹੈ ਕਿ
ਇੱਕ ਆਦਮੀ ਦੂਜੇ ਆਦਮੀ ਨੂੰ
ਮੌਤ ਦੇ ਮੂੰਹ ਵਿਚ ਜਾਂਦੇ ਦੇਖਦਾ ਹੈ
ਤੇ ਮੁਸਕਰਾਉਂਦਾ ਹੈ
ਉਸਦੀ ਕਲਾਬਾਜੀ ਤੇ

ਚਾਰੋ ਪਾਸੇ ਖੂਹ ਨੂੰ ਘੇਰੀ
ਲੋਕ ਹੈਰਾਨ ਹਨ
ਉਹ ਹੋਰ ਨੇੜੇ ਤੋਂ ਦੇਖਣਾ ਚਾਹੁੰਦੇ ਹਨ
ਉਸ ਆਦਮੀ ਨੂੰ
ਜਿਹੜਾ ਮੌਤ ਦੇ ਖੂਹ ਵਿੱਚ
ਦਿਖਾ ਰਿਹਾ ਹੈ
ਜਿੰਦਗੀ ਦਾ ਖੇਲ੍ਹ

ਬੱਚੇ ਬੁੱਢੇ ਜਵਾਨ ਤੇ ਔਰਤਾਂ
ਸਾਰੇ ਨੇ ਇੱਥੇ
ਸਾਰਿਆਂ ਦਾ ਧਿਆਨ ਟਿਕਿਆ ਹੈ
ਉਸ ਆਦਮੀ ਤੇ
ਜੋ ਹਰ ਵਾਰ ਬਚਾ ਲੈਂਦਾ ਹੈ
ਆਪਣੀ ਜ਼ਿੰਦਗੀ
ਹਰ ਵਾਰ ਨਿਕਲ ਆਉਂਦਾ ਹੈ
ਮੌਤ ਦੇ ਮੂੰਹ ਤੋਂ ਬਾਹਰ।

## ਕਵਿਤਾਵਾਂ / ਕਮਲਪ੍ਰੀਤ ਸੰਘੇੜਾ



ਤੂੰ ਜੁੱਤੀਆਂ ਕਿਉਂ
ਖੋਲ ਦਿੱਤੀਆਂ
ਪੈਰ 'ਚ ਕੁੱਝ ਚੁੱਭ ਜਾਊ"
"ਬਸ ਉਂਝ ਹੀ।"
ਇੱਕ ਉਮਰ ਬੀਤ ਗਈ
ਮੈਂ ਭੁੱਲ ਗਈ ਸੀ ਕਿ
ਧਰਤੀ ਦੀ ਛੋਹ ਕਿਹੋ ਜਿਹੀ ਸੀ।
ਮੈਂ ਭੁੱਲ ਗਈ ਸੀ
ਉਦੋਂ ਸਿਖਰ
ਦੁਪਹਿਰੇ ਨਿੱਕੇ ਨਿੱਕੇ ਪੈਰ
ਧੁੱਪ 'ਚ
ਕਿਉਂ ਨਹੀਂ ਸੀ ਮੱਚਦੇ
ਸ਼ਾਇਦ ਉਦੋਂ
ਧਰਤੀ ਆਵਦੀ
ਛਾਤੀ ਦੀ ਪਨਾਹ ਦਿੰਦੀ ਸੀ
ਤਾਂ ਹੀ ਅਸੀਂ ਸੌਖੇ ਸੀ।
ਹੁਣ ਅਸੀਂ ਕਿੰਨੀਆਂ
ਛੋਹਾਂ ਭੁੱਲ ਗਏ ਹਾਂ,
ਤੇ ਹੁਣ ਅਸੀਂ
ਕਿੰਨੇ ਔਖੇ ਹਾਂ।

....

ਮੈਂ ਸ਼ਰਮਸਾਰ ਹਾਂ
ਕਿਉਂ ਜੋ ਮੈਂ ਮਹਿਸੂਸ ਕਰਦਾਂ
ਹਰ ਨਿੱਕਾ ਵੱਡਾ ਅਹਿਸਾਸ
ਇਸੇ ਲਈ ਮੈਂ ਤਕਲੀਫ਼ ਚ ਹਾਂ
ਡਾਢੀ ਤਕਲੀਫ਼ 'ਚ
ਜੋ ਕਦੇ ਕਦੇ
ਵਿੰਨ੍ਹ ਦਿੰਦੀ ਹੈ ਹਿਰਦਾ ਮੇਰਾ।
ਮੈਂ ਸ਼ਰਮਸਾਰ ਹਾਂ
ਉਹਨਾਂ ਹੰਝੂਆਂ ਲਈ
ਜੋ ਕਦੇ ਕਦੇ ਮੇਰੇ ਆਖੇ 'ਚ ਨਹੀਂ
ਰਹਿੰਦੇ
ਮੈਂ ਸ਼ਰਮਿੰਦਾ ਹਾਂ ,
ਆਪਣੇ ਫਾਡੀ
ਰਹਿਣ ਤੇ
ਜੋ ਸਿੱਖ ਨਾ ਪਾਇਆ
ਰੋਣ ਵੇਲੇ ਹੱਸਣੇ ਦਾ ਵੱਲ
ਪਰ ਹਰ ਪੀੜ ਗਵਾਹ ਹੈ
ਮੇਰੇ ਜਿਉਂਦਿਆਂ
ਹੋਣ ਦੀ
ਪਰ ਮੈਂ ਜੀਵਣੇ ਤੋਂ
ਭੱਜਦਾ ਹਾਂ
ਆਪਣੇ ਆਪ ਨੂੰ
ਠੱਗਦਾ ਹਾਂ
ਇੱਕ ਝੂਠੀ ਜਿਹੀ
ਮੁਸਕਾਨ ਬੁਲਾਂ ਤੇ
ਧਰਦਾ ਹਾਂ,
ਤੇ ਵਿਚਰਦਾ ਹਾਂ
ਲੋਕਾਂ ਵਿੱਚ।

## ਕਵਿਤਾਵਾਂ / ਕਮਲ ਸੇਖੋਂ

ਤੇਰਾ ਨਾਂ ਆਉਂਦਿਆ ਹੀ
ਅੱਜ ਵੀ ਮੇਰੀ ਧੜਕਣ
ਵਧ ਜਾਂਦੀ ਹੈ...

ਮੁਹੱਬਤ ਦੀਆਂ
ਵਲਗਣਾਂ 'ਚੋ ਨਿਕਲਣਾ
ਏਨਾਂ ਵੀ ਅਸਾਨ ਨਹੀਂ ...
........

ਮਰਿਆਦਾ ਦੀਆਂ
ਦੀਵਾਰਾਂ ਤੋੜ
ਬੰਦਿਸ਼ਾਂ ਦੇ
ਜਿੰਦਰੇ ਭੰਨ...

ਕੁਝ ਇਸ ਤਰ੍ਹਾਂ ਹੋਇਆ
ਮੇਰੇ ਅੰਦਰ
ਤੇਰਾ ਪ੍ਰਵੇਸ਼
...........

ਤੇਰੇ ਨਾਲ
ਬੇਵਜ੍ਹਾ ਹੱਸੀ ਹਾਂ
ਰੋਈ ਹਾਂ
ਤੇ ਗੁੱਸੇ ਵੀ ਹੋਈ ਹਾਂ...

ਬੇਵਜ੍ਹਾ
ਤੇਰਾ ਗੁੱਸਾ ਵੀ ਝੱਲਿਆ
ਬੇਵਜ੍ਹਾ ਰੁੱਸੇ ਨੂੰ
ਮਨਾਇਆ ਵੀ ਹੈ

ਕਮਲਿਆ
ਤੂੰ ਇਹ ਵੀ ਨਾ ਸੋਚਿਆ
ਜਿਥੇ ਬੇਵਜ੍ਹਾ
ਏਨਾਂ ਕੁਝ ਹੋਇਆ
ਉਥੇ ਕੋਈ ਵਜ੍ਹਾ ਤਾਂ ਹੋਊ.......
.........
ਤੇਰੀ ਮਰਜ਼ੀ ਨੂੰ ਉਲੰਘ
ਤੇ ਸਹਿਣ ਦੀ
ਹਰ ਹੱਦ ਤੋਂ ਪਾਰ ...

ਤੇਰੀ ਮੁਹੱਬਤ ਦੇ
ਚੱਕਰਵਿਊ ਵਿਚੋਂ
ਮੈਂ ਆਜ਼ਾਦ
ਹੋ ਹੀ ਗਈ
ਆਖਰ।



## ਮਨ ਦੀਆਂ ਗੱਲਾਂ / ਵਸੀਂਵੇਂ / ਗੁਰਿੰਦਰਜੀਤ ਮਾਂਟਰੀਅਲ



ਮੁਲਕ ਦਾ ਬਾਡਰ, ਜੋ ਘਸਰ ਕੇ ਵਸੀਵੇਂ ਕੋਲ ਆ ਗਿਆ ਸੀ, ਹੁਣ ਘਰ ਨੂੰ ਚਾਰੋ ਪਾਸਿਉਂ ਘੇਰ ਚੁੱਕਾ ਹੈ। ਉੱਤਰ ਵਿੱਚ ਫ੍ਰੈਂਚੀਆਂ ਦਾ ਘਰ ਹੈ। 'ਕੱਲੀ ਜਨਾਨੀ ਰਹਿੰਦੀ ਹੈ ਕਦੇ ਕਦੇ ਕੁੜੀ ਆਉਂਦੀ ਹੈ ਮਾਂ ਨੂੰ ਮਿਲਣ। ਬਾਪ ਬਾਹਰੋਂ ਹੀ ਧੀ ਨੂੰ ਛੱਡ ਕੇ ਮੁੜ ਜਾਂਦੈ। ਦੱਖਣ ਵਾਲੇ ਪਾਸੇ ਮੋਰਾਕੋ ਵਾਲੇ ਮੀਟ ਭੁੰਨ ਰਹੇ ਹਨ। ਕੁਰਬਲ-ਕੁਰਬਲ ਹੋ ਰਹੀ ਹੈ। ਅਜੇ ਕਲ ਹੀ ਆਪੋ 'ਚ ਖਹਿਬੜ ਰਹੇ ਸਨ, ਅੱਜ ਲੱਗਦਾ ਵੀਕਐਂਡ ਕਰਕੇ ਛੁੱਟੀ ਹੈ। ਚੜ੍ਹਦੇ ਪਾਸੇ ਵਾਲੀ ਕੰਧ ਨਾਲ ਕੰਧ ਖਹਿੰਦੀ ਹੈ ਗਰੀਕੀਆਂ ਦੀ। ਇਨ੍ਹਾਂ ਦਾ ਬੁੜ੍ਹਾ ਸਾਰਾ ਦਿਨ ਬਗੀਚੀ ਦੀਆਂ ਚੀਰਨੀਆਂ ਕੱਢਦਾ ਰਹਿੰਦੈ। ਪੱਤਿਆਂ ਨੂੰ ਵੀ ਭੁੰਜੇ ਡਿਗਣ ਤੋਂ ਪਹਿਲੋਂ ਹੀ ਬੋਚ ਲੈਂਦਾ। ਬੋਰਡ ਦੇ ਇਮਤਿਹਾਨ 'ਚ ਬੈਠੇ ਨਿਆਣਿਆਂ ਵਾਂਗ ਘਾਹ ਨੂੰ ਧੌਣ ਨਹੀਂ ਚੁੱਕਣ ਦਿੰਦਾ।

ਗੁਆਂਢੀ ਦੀ ਬਗ਼ੀਚੀ  
ਮਨ ਉਤਾਵਲਾ  
ਅੰਦਰ-ਗਤੀ ਮੁਕਾਬਲਾ

ਗਰੀਕੀ ਬਾਪੂ ਦੀ ਸਫ਼ਾਈ ਨੂੰ ਵੇਖ ਕੇ ਗੁਆਂਢਣਾਂ ਨੇ ਆਪੋ-ਆਪਣੇ ਘਰ-ਵਾਲਿਆਂ ਦੀ ਰੇਲ ਬਣਾਈ ਹੋਈ ਹੈ। ਉਂਜ ਰਲ਼ ਮਿਲ਼ ਕੇ ਰਹਿੰਦੇ ਨੇ ਇਹ ਸਿਕੰਦਰ ਦੇ ਰਿਸ਼ਤੇਦਾਰ।

ਆਹ ਲਹਿੰਦੇ ਪਾਸੇ ਵੱਡੇ ਘਰ ਵਿੱਚ ਗੋਰੀ ਬਜ਼ੁਰਗ ਮਾਤਾ ਰਹਿੰਦੀ ਹੈ। ਗੱਲ-ਬਾਤ ਵੀ ਘੱਟ ਵੱਧ ਹੀ ਕਰਦੀ ਹੈ। ਇਹਦੇ ਇੱਕੋ ਇਕ ਪੁੱਤ ਨੇ ਸਪੈਨਿਸ਼ ਕੁੜੀ ਨਾਲ ਵਿਆਹ ਕਰਾ ਲਿਆ ਸੀ। ਉਹਦੇ ਮਗਰ-ਮਗਰ ਹੀ ਦੱਖਣੀ ਅਮਰੀਕਾ 'ਚ ਕਿਤੇ ਜਾ ਕੇ ਬਹਿ ਗਿਆ। ਮੁੜ ਕੇ ਕਦੇ ਨਹੀਂ ਆਇਆ।

ਉਦਾਸ ਗੁਆਂਢਣ ਦੀ ਫੈਂਸ (ਵਾੜ)  
ਸਾਡੇ ਵਿਹੜੇ ਵਲ ਨੂੰ ਟੱਪਿਆ  
ਗੁਲਾਬ ਦਾ ਫੁੱਲ

ਸਾਂਝ ਅਤੇ ਸਬਰ ਦੀ ਦੁਨੀਆ ਨੂੰ ਬੇਦਾਵਾ ਦੇ ਕੇ ਵਪਾਰਕ ਜਗਤ ਦੇ ਕੁੱਛੜ ਬੈਠੇ ਵਿਵਹਾਰਾਂ 'ਚੋਂ ਜੰਮ ਪੈਂਦੇ ਨੇ ਨਵੇਂ ਸਰੋਕਾਰ। ਘਸ ਚੁੱਕੇ ਸਮਾਜ ਦੇ ਪੈਮਾਨਿਆਂ ਉੱਤੇ ਹਰ ਕੋਈ ਆਪਣੇ ਹਿਸਾਬ ਨਾਲ ਨਵੀਆਂ ਨਿਸ਼ਾਨੀਆਂ ਉੱਕਰਨ ਲੱਗ ਜਾਂਦਾ ਹੈ। ਪਰਵਾਸ 'ਚ ਜਦੋਂ ਚਾਰ ਲਾਵਾਂ ਦੀ ਗੰਢ ਦਿਨ-ਬ-ਦਿਨ ਢਿੱਲੀ ਪੈਣੀ ਸ਼ੁਰੂ ਹੋ ਜਾਵੇ ਤਾਂ ਪੱਛਮੀ ਰਹਿਣ-ਸਹਿਣ ਦਾ ਸੇਕ ਅਸਹਿ ਹੋ ਜਾਂਦਾ ਹੈ।


ਗਲੋਬਲ ਵਾਰਮਿੰਗ ਵਾਲਿਓ  
ਕਦੋਂ ਰਿੱਝੇਗੀ ਮੇਰੀ ਕੋਕੜੂਆਂ ਭਰੀ ਦਾਲ਼?  
ਕਦੋਂ ਮੁੱਕੇਗਾ ਮੇਰੇ ਰਿਸ਼ਤਿਆਂ ਦਾ ਸਿਆਲ਼?  
ਕਦੇ ਵਾਪਸ ਵੀ ਪਰਤੇਗਾ...  
ਮੁੜ ਦਾਦੀ ਦੀ ਗਲਵੱਕੜੀ 'ਚ  
ਡੇ-ਕੇਅਰ ਘੱਲਿਆ ਬਾਲ?

ਪਰਵਾਸ ਦਾ ਪੰਧ ਬਹੁਤ ਜਟਿਲ ਹੈ। ਨਵੀਂ ਮਿੱਟੀ 'ਚ ਜੜ ਤੁਰਨ ਤੋਂ ਝਕਦੀ ਹੈ ਅਤੇ ਨਵੇਂ ਮੌਸਮਾਂ ਦੀਆਂ ਬਦਕਲਾਮੀਆਂ ਨਾਲ ਜੂਝਦੀ ਹੈ। ਨਵੇਂ ਵਾਤਾਵਰਨ ਦੀ ਖਿੱਚ ਧੂਹ ਕਰਕੇ ਮਾਇਆ ਜਾਲ਼ ਵਿੱਚ ਫਸੇ ਰਿਸ਼ਤੇ ਅਤੇ ਕਿਰਦਾਰ ਨਵੇਂ ਰਾਹ ਇਖ਼ਤਿਆਰ ਕਰਦੇ ਹਨ...

ਧੀਆਂ ਹੋਈਆਂ 'ਕੱਲੀਆਂ  
ਪਰਵਾਸ ਸ਼ਰਾਰਤ-ਬਾਜ਼  
ਕਦਮ ਕਦਮ ਤੇ ਤਿਲਕਣਾਂ  
ਵਕਤ ਨਾ ਕਰੇ ਲਿਹਾਜ਼

ਮੈਂ ਤੇਰੇ ਬੱਚਿਆਂ ਦੀ ਮਾਂ  
ਤੂੰ ਮਦਰਜ਼-ਡੇ ਵੀ  
ਮੇਰੇ ਨਾਲ ਹੀ ਮਨਾ

ਅੰਟਾਰਕਟਿਕਾ ਤੋਂ ਆਈ ਠੰਢੀ ਪੌਣ ਨਾਲ ਰਿਸ਼ਤੇ ਜੰਮ ਚੁੱਕੇ ਹਨ ਪਰ ਮਨੁੱਖੀ ਮਸ਼ੀਨਾਂ ਸਿਰ ਮੂੰਹ ਲਕੋਈ ਗਿੜਦੀਆਂ ਰਹਿੰਦੀਆਂ ਹਨ। ਬੂਹੇ ਬਾਰੀਆਂ ਚੁੱਪ-ਚਾਪ ਬਸੰਤ ਆਉਣ ਤਕ ਬਰਫ ਦੇ ਢੇਰ ਵਲ ਝਾਕਦੇ ਰਹਿੰਦੇ ਹਨ। ਬੇਚੈਨ ਪਰਵਾਸੀ ਮਨੋ-ਮਨੀ ਕੰਬਲ਼ ਦੀ ਬੁੱਕਲ਼ ਮਾਰ ਕੇ ਚੁੱਲ੍ਹੇ ਅੱਗੇ ਪੀੜ੍ਹੀ ਡਾਹ ਕੇ ਬੈਠਾ ਹੱਥ ਸੇਕ ਰਿਹਾ ਹੈ। ਕਦੇ-ਕਦੇ



ਚੇਤਿਆਂ 'ਚ ਗਿੱਲੇ ਗੋਹਟੇ ਮਘਾ ਰਿਹਾ ਹੁੰਦਾ ਹੈ। ਗੱਲ-ਗੱਲ 'ਚ ਉਸਦੇ ਬੱਚੇ ਕਈ ਵਾਰ ਜ਼ਮੀਨਾਂ ਵਾਂਗ ਵੰਡੇ ਜਾਂਦੇ ਹਨ। ਬੈੱਡ ਰੂਮਾਂ ਦੇ ਬਾਡਰਾਂ ਦੀ ਹਉਮੈ ਨੇ ਘਰ 'ਚ ਕਈ ਨਵੇਂ ਮੁਲਕ ਜੰਮ ਛੱਡੇ ਹਨ। ਘਰ ਦੀ ਆਪਹੁਦਰੀ ਜੁਮੈਟਰੀ ਅਤੇ ਸਵਾਰਥੀ ਅਲਜਬਰੇ ਦੀਆਂ ਹਰਕਤਾਂ ਨਾਲ ਜੂਝਦਿਆਂ ਉਹਦੀ ਪੱਗ ਦੀ ਨੋਕ ਅਤੇ ਪੇਚ ਢਿੱਲੇ ਪੈ ਜਾਂਦੇ ਹਨ। ਪਲ ਕੁ ਲਈ ਉਹ ਬੇਟੀ ਦੇ ਵਿਆਹ ਦੀ ਸੋਚ 'ਚ ਗੁੰਮ ਕੀ ਹੋਇਆ ਕਿ ਚੁੱਲ੍ਹੇ ਦੀ ਅੱਗ ਵੀ ਸੌਂਅ ਗਈ। ਅੰਟਾਰਕਟਿਕਾ ਧੁਰ ਚੌਂਕੇ 'ਚ ਵੜ ਆਇਆ। ਸਗਨ ਦੇ ਲੱਡੂ ਉਸ ਵਲ ਘੂਰ-ਘੂਰ ਕੇ ਵੇਖ ਰਹੇ ਹਨ। ਬਦਾਨਾ ਮੁੱਠ 'ਚੋਂ ਕਿਰ ਕੇ ਪੈਰਾਂ ਹੇਠ ਮਿੱਧਿਆ ਗਿਆ ਹੈ...

ਉਹ ਬੇਟੀ ਦੇ ਵਿਆਹ ਵਿੱਚ
ਮਾਵੇ ਵਾਲੀ ਪੱਗ ਬੰਨ੍ਹੇ ਬਗੈਰ
ਬਾਕੀ ਪਰਾਹੁਣਿਆਂ ਵਾਂਗ
ਖੂੰਜੇ ਵਾਲੇ ਟੇਬਲ ਤੇ, 'ਕੱਲਾ ਬੈਠਾ
ਆਪਣੀ ਧੀ ਦੇ ਬਚਪਨ 'ਚ ਘੁੰਮਦਾ ਰਿਹਾ

ਡਬਲ ਜੌਬ, ਪ੍ਰਾਈਵੇਟ ਸਕੂਲ 'ਚ ਬੇਟੀ ਨੂੰ ਪੜ੍ਹਾਉਣ ਦੀ ਹਿੰਮਤ ਯੂਨੀਵਰਸਿਟੀ, ਪੀ.ਐੱਚ.ਡੀ. ਵਕਤ ਇੰਨੀ ਤੇਜ਼ ਭੱਜਿਆ

ਪਤਾ ਹੀ ਨਾ ਲੱਗਾ
ਕਦੋਂ ਬੱਚੇ ਵੱਡੇ ਹੋ ਗਏ
ਕਦੋਂ ਪਾਰਦਰਸ਼ੀ ਦੀਵਾਰਾਂ ਬਣ ਗਈਆਂ
ਕਦੋਂ ਵਿਚਾਰ ਨਾਰਥ-ਸਾਊਥ ਹੋ ਗਏ
ਕਦੋਂ ਬੱਚਿਆਂ ਦੀ ਨਜ਼ਰੇ ਉਹ ਅਨਪੜ੍ਹ ਹੋ ਗਿਆ
ਵਿਆਹ 'ਚ ਸਭ ਜਸ਼ਨ ਮਨਾ ਰਹੇ ਨੇ

ਉਹਦੀ ਧੀ, ਸ਼ੈਂਪੇਨ, ਕੇਕ ਆਦਿ ਨਾਲ ਘੋਰ ਪੱਛਮੀ ਸ਼ਗਨਾਂ 'ਚ ਮੁਗਧ ਹੈ

ਉਹ ਖੂੰਜੇ ਵਾਲੇ ਟੇਬਲ ਤੇ ਬੈਠਾ ਸਵਰਗੀ ਮਾਂ ਨੂੰ ਆਖ ਰਿਹੈ

"ਮਾਂ...ਤੂੰ ਮੈਨੂੰ ਸੂਰਜ ਬਣਾ ਕੇ ਪੂਰਬ 'ਚ ਜਨਮਿਆ ਸੀ

ਵੇਖ ਮਾਂ...ਮੈਂ ਪੱਛਮ 'ਚ ਡੁੱਬ ਰਿਹਾਂ
ਅਗਲੀ ਵਾਰ, ਮੈਨੂੰ ਸੂਰਜ ਨਾ ਬਣਾਈ
ਪੁੱਤ ਹੀ ਰਹਿਣ ਦੇਈਂ... ਮਾਂ
ਮੈਂ ਵਾਰ-ਵਾਰ...
ਪੱਛਮ ਵਿੱਚ ਨਹੀਂ ਡੁੱਬਣਾ"

## ਇਕੱਲਾ ਹੋਣ 'ਤੇ / ਪਰਮਿੰਦਰ ਸੋਢੀ



ਇਕੱਲਾ ਹੋਣ 'ਤੇ - ਪਰਮਿੰਦਰ ਸੋਢੀ
ਇੱਕਲਾ ਹੋਣ 'ਤੇ ਮਨੁੱਖ ਸੋਚਦਾ
ਕੌਣ ਹੈ
ਨਦੀ,ਪਹਾੜ, ਅਸਮਾਨ ਦੇ ਉਸ ਪਾਰ
...
ਜਾਂ ਫੇਰ ਉਹ ਸੋਚਦਾ
ਦੂਰ ਦੇਸ਼ ਹੋਵੇਗਾ ਅੱਜ ਕੇਹਾ ਦਿਨ
ਤੇ ਹੋਵੇਗਾ ਕੇਹਾ ਉਹ ਮਨੁੱਖ
ਇੱਕ ਹੋਰ ਇੱਕਲਾ
ਜੋ ਮਨ ਵਿੱਚ ਮੈਨੂੰ ਚਿਤਵਦਾ ...
ਇੰਨੇ ਲੋਕ,ਇੰਨੇ ਰਾਗ ,ਇੰਨੇ ਰੰਗ
ਫਿਰ ਕਿਉਂ ਹੈ ਛਾਇਆ ਇਹ ਬੈਰਾਗ
ਕਿਉਂ ਨਾ ਛੱਡੀ ਜਾਵੇ ਇਹ ਚੁੱਪ ...
ਇੱਕਲਾ ਹੋਣ 'ਤੇ ਮਨੁੱਖ ਸੋਚਦਾ
ਕਿਉਂ ਨੇ ਇੱਕਲੇ
ਉਹ ਸਾਰੇ ਦੇ ਸਾਰੇ
ਜੋ ਸੋਚਦੇ, ਮਹਿਸੂਸਦੇ
ਨਿੱਤ ਦਿਨ ਉਸ ਦੇ ਹੀ ਵਾਂਗ ...
ਇੱਕਲਾ ਮਨੁੱਖ
ਅਕਸਰ ਸਿਰਜਦਾ
ਇੱਕ ਪੁਲ
ਆਪਣੇ ਅਤੇ ਉਤਰਦੀ ਸ਼ਾਮ ਵਿਚਕਾਰ
ਆਪਣੇ ਅਤੇ ਬੇਲਾਗ ਹੋਏ ਮਿੱਤਰਾਂ
ਵਿਚਕਾਰ
ਆਪਣੇ ਅਤੇ ਕਿਸੇ ਹੋਰ ਇੱਕਲੇ
ਵਿਚਕਾਰ ...
ਇੱਕਲਾ ਹੋਣ 'ਤੇ ਮਨੁੱਖ ਸੋਚਦਾ
ਕੌਣ ਹੈ
ਨਦੀ,ਪਹਾੜ, ਅਸਮਾਨ ਦੇ ਉਸ ਪਾਰ
...

ਦਲਿਤ ਦੀ ਸਮੱਸਿਆ ਭਾਰਤ ਵਿੱਚ ਧਰਮ ਦੇ ਹੋਂਦ ਵਿੱਚ ਆਉਣ ਨਾਲ ਜੁੜੀ ਹੋਈ ਹੈ । ਭਾਰਤ ਵਿੱਚ ਜਾਤੀ ਪ੍ਰਥਾ ਨੂੰ ਧਰਮ ਦੇ ਸਹਾਰੇ ਹੀ ਸਥਾਪਿਤ ਅਤੇ ਸੁਰੱਖਿਅਤ ਰੱਖਿਆ ਗਿਆ ਹੈ । ਭਾਰਤੀ ਸਮਾਜ ਵਿੱਚ ਜਾਤੀ ਪ੍ਰਥਾ ਪ੍ਰਾਚੀਨ ਕਾਲ ਤੋਂ ਹੀ ਸਥਾਪਿਤ ਹੋ ਗਈ ਸੀ । ਸ਼ੁਰੂਆਤੀ ਦੌਰ ਵਿੱਚ ਇਸ ਪ੍ਰਥਾ ਦਾ ਆਧਾਰ ਕਿੱਤਾ ਜਾਂ ਕੰਮਕਾਜ ਸੀ ਭਾਵ ਵਿਅਕਤੀ ਦੇ ਕੰਮ ਦੇ ਆਧਾਰ 'ਤੇ ਉਸ ਦੀ ਜਾਤ ਨਿਰਧਾਰਿਤ ਹੁੰਦੀ ਸੀ । ਬ੍ਰਾਹਮਣ ਦਾ ਕੰਮ ਪੜ੍ਹਨਾਂ-ਪੜ੍ਹਾਉਣਾ, ਯੱਗ ਕਰਨਾ, ਦਾਨ ਲੈਣਾ ਆਦਿ ਸੀ ਅਤੇ ਕਸ਼ੱਤਰੀ ਲਈ ਪੜ੍ਹਨਾ, ਦਾਨ ਦੇਣਾ ਅਤੇ ਪਰਜਾ ਦੀ ਰੱਖਿਆ ਕਰਨਾ ਕਾਰਜ ਨਿਸ਼ਚਿਤ ਕੀਤੇ ਸਨ । ਇਸ ਪ੍ਰਥਾ ਦੀ ਤੀਜੀ ਜਾਤ ਵੈਸ਼ ਸੀ, ਜੋ ਖੇਤੀ, ਵਪਾਰ ਅਤੇ ਪਸ਼ੂ-ਪਾਲਣ ਦਾ ਕੰਮ ਕਰਦੇ ਸਨ ਪ੍ਰੰਤੂ ਸ਼ੂਦਰਾਂ ਲਈ ਸਿਰਫ਼ ਇੱਕ ਕੰਮ ਹੀ ਨਿਰਧਾਰਿਤ ਸੀ ਕਿ ਉਹ ਉਪਰਲੇ ਤਿੰਨ ਵਰਣਾਂ ਦੀ ਸੇਵਾ ਕਰਣਗੇ। ਕੰਮ ਦੇ ਆਧਾਰ 'ਤੇ ਕੀਤੀ ਗਈ ਜਾਤ/ਵਰਣ ਵੰਡ ਹੌਲੀ-ਹੌਲੀ ਜਨਮ ਆਧਾਰਿਤ ਹੋ ਗਈ, ਜੋ ਕਿ ਵਰਤਮਾਨ ਸਮੇਂ ਤੱਕ ਜਿਉਂ ਦੀ ਤਿਉਂ ਚੱਲ ਰਹੀ ਹੈ। ਜਾਤੀ ਪ੍ਰਥਾ ਦੇ ਚੌਥੇ ਵਰਗ ਸ਼ੂਦਰਾਂ ਨਾਲ ਪ੍ਰਾਚੀਨ ਕਾਲ ਤੋਂ ਹੀ ਅਨਿਆਂ ਹੁੰਦਾ ਆਇਆ ਹੈ ਅਤੇ ਇਨ੍ਹਾਂ ਦੱਬੇ-ਲਤਾੜੇ ਲੋਕਾਂ ਲਈ ਸਾਹਿਤ ਵਿੱਚ ਦਲਿਤ ਸ਼ਬਦ ਵਰਤਿਆ ਗਿਆ ਹੈ। ਡਾ. ਰੌਣਕੀ ਰਾਮ ਦਲਿਤ ਸ਼ਬਦ ਦੀ ਪਰਿਭਾਸ਼ਾ ਕਰਦੇ ਹੋਏ ਲਿਖਦੇ ਹਨ ਕਿ ਦਲਿਤ ਤੋਂ ਭਾਵ ਹੈ ਸਮਾਜ ਦੇ ਦੱਬੇ ਕੁਚਲੇ ਅਤੇ ਮਨੁੱਖੀ ਅਧਿਕਾਰਾਂ ਤੋਂ ਵੰਚਿਤ ਸਦੀਆਂ ਬੱਧੀ ਅਤੇ ਪੁਸ਼ਤ-ਦਰ-ਪੁਸ਼ਤ ਅਖੌਤੀ ਅਤਿ-ਨੀਚ ਜਾਤੀ ਨਾਲ ਸੰਬਧਿਤ ਲੋਕ । ਇਨ੍ਹਾਂ ਨੂੰ ਵੱਖ ਵੱਖ ਸਮਿਆਂ ਵਿਚ ਵੱਖ ਵੱਖ ਘਟੀਆ ਨਾਵਾਂ ਨਾਲ ਦੁਰਕਾਰਿਆ ਅਤੇ ਪੁਕਾਰਿਆ ਜਾਂਦਾ ਰਿਹਾ ਹੈ। ਪ੍ਰਾਚੀਨ ਭਾਰਤ ਵਿੱਚ ਇਹੀ ਲੋਕ ਚੰਡਾਲ, ਪੰਚਮ, ਅਨ-ਆਰੀਆਂ, ਅਵਰਨਾ, ਦਾਸ, ਦਾਸੂ, ਅਸੁਰ, ਸ਼ੂਦਰ ਇਤਿਆਦਿ ਆਖ ਕੇ ਸਤਾਏ ਜਾਂਦੇ ਸਨ ।ਬਾਅਦ ਵਿੱਚ ਇਨ੍ਹਾਂ ਨੂੰ ਦਬੀਆਂ ਕੁਚਲੀਆਂ ਜਾਤਾਂ(ਡੀਪ੍ਰੈਸਡ ਕਲਾਸਿਸ), ਹਰੀਜਨ ਅਤੇ ਹੁਣ ਅਨੁਸੂਚਿਤ ਜਾਤੀਆਂ ਕਹਿ ਕੇ ਪੁਕਾਰਿਆ ਜਾਂਦਾ ਹੈ । 1

ਭਾਰਤੀ ਸਮਾਜ ਵਿੱਚ ਜਾਤੀ ਪ੍ਰਥਾ ਨੂੰ ਬਰਕਰਾਰ ਰੱਖਣ ਲਈ ਅਤੇ ਸਦੀਵੀ ਰੂਪ ਦੇਣ ਲਈ ਵੇਦਾਂ, ਪੁਰਾਣਾਂ , ਸਿਮ੍ਰਤੀਆਂ ਆਦਿ ਵਿੱਚ ਜਾਤਾਂ ਦੇ ਅਨੁਸਾਰ ਨਿਯਮ ਅਤੇ ਕਾਨੂੰਨ ਬਣਾਏ ਗਏ।ਜਾਤੀ ਦੇ ਆਧਾਰ 'ਤੇ ਕੀਤੀ ਗਈ ਕੰਮਾਂ ਦੀ ਵੰਡ ਨੇ ਸ਼ੂਦਰਾਂ ਨੂੰ ਸਮਾਜਿਕ ਅਤੇ ਆਰਥਿਕ ਪੱਧਰ 'ਤੇ ਨੀਵਾਂ ਕਰ ਦਿੱਤਾ । ਉੱਚ ਵਰਗਾਂ ਨੇ ਕਿਸੇ ਵਿਸ਼ੇਸ਼ ਵਰਣ ਜਾਂ ਜਾਤ ਵਿੱਚ ਜਨਮ ਲੈਣ ਨੂੰ ਮਨੁੱਖ ਦੇ ਪਿਛਲੇ ਕਰਮਾਂ ਦਾ ਫ਼ਲ ਆਖ ਦਿੱਤਾ । ਜੇਕਰ ਅਸੀਂ ਮਨੁੱਖ ਦੇ ਜਨਮ ਅਤੇ ਹਾਲਾਤ ਲਈ ਜ਼ਿੰਮੇਵਾਰ ਮੰਨੇ ਜਾਂਦੇ ਕਰਮਾਂ ਵਾਲੇ ਸਿਧਾਂਤ ਨੂੰ ਪਾਸੇ ਰੱਖ ਦਈਏ ਤਾਂ ਉੱਚ ਵਰਗ ਦੀ ਆਰਥਿਕ ਸਾਧਨਾਂ ਉੱਤੇ ਅਧਿਕਾਰ ਬਣਾਈ ਰੱਖਣ ਦੀ ਚਾਲ ਭਲੀਭਾਂਤ ਸਪੱਸ਼ਟ ਹੁੰਦੀ ਹੈ । ਡਾ. ਭੀਮ ਇੰਦਰ ਸਿੰਘ ਜਾਤ-ਪਾਤ ਦੇ ਪਿੱਛੇ ਕੰਮ ਕਰਨ ਵਾਲੀ ਸਾਜਿਸ਼ ਬਾਰੇ ਟਿੱਪਣੀ ਕਰਦੇ ਹਨ ਕਿ ਸਾਡੇ ਸਮਾਜ ਵਿੱਚ ਮੌਜੂਦ ਆਰਥਿਕ ਨਾ-ਬਰਾਬਰੀ ਨੂੰ ਕੂਟਨੀਤੀ ਨਾਲ ਜਾਤ-ਪਾਤ ਤੇ ਧਾਰਮਿਕ ਰੰਗਣ ਦੇ ਕੇ ਸਥਾਈ ਬਣਾ ਦੇਣ ਨੂੰ ਇਕ ਅਦੁੱਤੀ ਵਿਸ਼ੇਸ਼ਤਾ ਹੀ ਕਿਹਾ ਜਾ ਸਕਦਾ ਹੈ । 2 ਜਾਤੀ ਪ੍ਰਥਾ ਨੂੰ ਸਨਾਤਨੀ ਧਾਰਮਿਕ ਗ੍ਰੰਥਾਂ ਰਾਹੀਂ ਸ਼ਾਸਕਾਂ ਅਤੇ ਪੁਜਾਰੀ ਵਰਗ ਦੁਆਰਾ ਪ੍ਰਚਾਰਿਆ ਗਿਆ ਸੀ ਤਾਂ ਜੋ ਉਨ੍ਹਾਂ ਦਾ ਸਮਾਜਿਕ ਰੁਤਬਾ ਅਤੇ ਆਰਥਿਕ ਹਿੱਤ ਸੁਰੱਖਿਅਤ ਰਹਿ ਸਕਣ । ਬ੍ਰਾਹਮਣ ਰਾਜੇ ਵਾਂਗ ਹੀ ਐਸ਼-ਪ੍ਰਸਤੀ ਅਤੇ ਭੋਗ ਵਿਲਾਸ ਵਾਲਾ ਜੀਵਨ ਬਤੀਤ ਕਰਦਾ ਸੀ । ਉਸ ਨੂੰ ਦਾਨ ਵਜੋਂ ਬਹੁਤ ਸਾਰੇ ਪਿੰਡ ਜਗੀਰ ਵਜੋਂ ਮਿਲਦੇ ਸਨ, ਜੋ ਕਿ ਕਰ -ਮੁਕਤ ਹੁੰਦੇ ਸਨ । ਅਸਲ ਵਿੱਚ ਕੁਲੀਨ ਵਰਗ ਦੁਆਰਾ ਸਥਾਪਿਤ ਕੀਤੀ ਜਾਤੀ ਪ੍ਰਥਾ ਸਮਾਜਿਕ ਅਤੇ ਆਰਥਿਕ ਸ਼ੋਸਣ ਦਾ ਸਾਧਨ ਹੀ ਸੀ । ਅਜਿਹੇ ਹਾਲਾਤਾਂ ਵਿੱਚ ਸ਼ੂਦਰਾਂ ਦੀ ਸਥਿਤੀ ਬਹੁਤ ਤਰਸਯੋਗ ਹੋ ਗਈ ਸੀ ।

ਕੁਲੀਨ ਵਰਗ ਨੇ ਨਿਮਨ-ਵਰਗ ਨੂੰ ਬਾਹਰੋਂ ਹੀ ਸ਼ੋਸ਼ਿਤ ਨਹੀਂ ਕੀਤਾ ਸੀ ਬਲਕਿ ਉਹਨਾਂ ਦੀ ਮਾਨਸਿਕਤਾ ਨੂੰ ਵੀ ਗੁਲ਼ਾਮ ਬਣਾ ਦਿੱਤਾ ਸੀ । ਧਰਮ ਦੇ ਆਧਾਰ 'ਤੇ ਉਸਾਰੇ ਕੁਲੀਨ ਵਰਗ ਦੇ ਇਸ ਸ਼ੋਸ਼ਣਕਾਰੀ ਪਰਪੰਚ ਨੂੰ ਢੇਰੀ ਕਰਨ ਲਈ ਕਿਸੇ ਮਜ਼ਬੂਤ ਧਿਰ ਦੀ ਜ਼ਰੂਰਤ ਸੀ । ਮੱਧਕਾਲ ਦੀ ਭਗਤੀ ਪਰੰਪਰਾ ਨਿਮਨ ਵਰਗ ਦੇ ਹੱਕ ਵਿੱਚ ਖੜ੍ਹਨ ਵਾਲੀ ਲੌੜੀਂਦੀ ਧਿਰ ਬਣੀ । ਸ਼ੋਸ਼ਣਕਾਰੀ ਧਿਰਾਂ ਵਲੋਂ ਉਸਾਰੀ ਵਰਣ-ਵਿਵਸਥਾ ਦਾ ਪਹਿਲਾ ਵਿਰੋਧ ਧਾਰਮਿਕ ਸੁਰ ਵਾਲਾ ਸੀ । ਮੱਧਕਾਲ ਦੀ ਭਗਤੀ ਲਹਿਰ, ਗੁਰਬਾਣੀ ਪਰੰਪਰਾ ਅਤੇ ਸੂਫ਼ੀ ਪਰੰਪਰਾ ਧਰਮ ਦੇ ਆਧਾਰ 'ਤੇ ਉਸਰੀ ਜਾਤੀ ਪ੍ਰਥਾ ਨੂੰ ਮੂਲੋਂ ਹੀ ਰੱਦ ਕਰਦੀ ਹੈ । ਮੱਧਕਾਲ ਦੀ ਬ੍ਰਾਹਮਣਵਾਦੀ ਵਰਣ ਵਿਵਸਥਾ ਨੂੰ ਇਹ ਤਿੰਨੇ ਲਹਿਰਾਂ ਖੰਡਿਤ ਕਰਦੀਆਂ ਹਨ । ਇਨ੍ਹਾਂ ਧਾਰਮਿਕ ਲਹਿਰਾਂ ਨੇ ਨਿਮਨ ਵਰਗਾਂ ਨਾਲ ਹੁੰਦੇ ਅਮਾਨਵੀ ਵਿਵਹਾਰ ਪ੍ਰਤੀ ਇਨ੍ਹਾਂ ਵਰਗਾਂ ਅੰਦਰ ਚੇਤਨਾ ਪੈਦਾ ਕੀਤੀ । ਡਾ. ਕੇਸਰ ਸਿੰਘ ਕੇਸਰ ਇਨ੍ਹਾਂ ਧਾਰਮਿਕ ਲਹਿਰਾਂ ਬਾਰੇ ਲਿਖਦੇ ਹਨ ਕਿ ਮੱਧਕਾਲੀ ਪੰਜਾਬੀ ਕਵਿਤਾ ਵਿਚ ਸੰਤਾਂ-ਭਗਤਾਂ, ਸਿੱਖ ਗੁਰੂਆਂ ਦੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀ ਅਸਲ ਵਿਚ ਅਜੋਕੀ ਦਲਿਤ ਚੇਤਨਾ ਦਾ ਵਿਰਸਾ ਹੈ ।3 ਜਦੋਂ ਦਲਿਤ ਚੇਤਨਾ ਦੇ ਸੰਦਰਭ ਵਿੱਚ ਗੁਰੂਆਂ ਅਤੇ ਸੰਤਾਂ ਦੀ ਬਾਣੀ ਦਾ ਅਧਿਐਨ ਕਰਦੇ ਹਾਂ ਤਾਂ ਇਸ ਤੱਥ ਦੀ ਸਮਝ ਸਹਿਜੇ ਹੀ ਹੋ ਜਾਂਦੀ ਹੈ ਕਿ ਇਹ ਬਾਣੀ ਬ੍ਰਾਹਮਣਵਾਦੀ ਵਰਣ-ਵਿਵਸਥਾ ਦਾ ਖੰਡਨ ਕਰਦੀ ਹੈ । ਸੰਤ

ਬਾਣੀਕਾਰਾਂ ਦਾ ਜਾਤੀ ਪ੍ਰਥਾ ਲਈ ਕਰੜਾ ਵਿਰੋਧ ਤਾਂ ਵੀ ਦ੍ਰਿਸ਼ਟੀਗੋਚਰ ਹੁੰਦਾ ਹੈ ਕਿਉਂਕਿ ਉਨ੍ਹਾਂ ਇਸ ਕੋਹੜ ਨੂੰ ਆਪਣੇ ਪਿੰਡ 'ਤੇ ਹੰਢਾਇਆ ਸੀ । ਉਹ ਆਪ ਨਿਮਨ ਵਰਗਾਂ ਵਿਚੋਂ ਹੋਣ ਕਰਕੇ ਦਲਿਤਾਂ ਦੀ ਹਾਲਤ ਤੋਂ ਭਲੀਭਾਂਤ ਜਾਣੂ ਸਨ । ਦਲਿਤ ਵਰਗ ਨਾਲ ਸਬੰਧਿਤ ਭਗਤਾਂ ਨਾਮਦੇਵ ਜੀ , ਕਬੀਰ ਜੀ ਅਤੇ ਰਵਿਦਾਸ ਜੀ ਨੇ ਆਪਣੀ ਬਾਣੀ ਰਾਹੀਂ ਦਲਿਤਾਂ ਦੀ ਸਥਿਤੀ ਦਾ ਵਰਨਣ ਬਾਖੂਬੀ ਕੀਤਾ ਹੈ । ਕਬੀਰ ਜੀ ਅਤੇ ਰਵਿਦਾਸ ਜੀ ਦੀ ਰਚਨਾ ਦੀਆਂ ਨਿਮਨਲਿਖਤ ਸਤਰਾਂ ਦਲਿਤ ਵਰਗ ਦੀ ਸਥਿਤੀ ਨੂੰ ਪੇਸ਼ ਕਰਦੀਆਂ ਹਨ :

ਤੁਮ ਕਤ ਬ੍ਰਾਹਮਣ ਹਮ ਕਤ ਸੂਦ॥
ਹਮ ਕਤ ਲੋਹੂ ਤੁਮ ਕਤ ਦੂਧ ॥4
ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥5

ਕੁਲੀਨ ਵਰਗ ਅਤੇ ਧਰਮ ਦੇ ਠੇਕੇਦਾਰ ਬ੍ਰਾਹਮਣ ਦੀ ਨਿਮਨ ਵਰਗਾਂ ਨੂੰ ਪਰਮਾਤਮਾ ਦੇ ਰਾਹ ਤੋਂ ਦੂਰ ਕਰਨ ਦੀ ਸਾਜਿਸ਼ ਨੂੰ ਸੰਤ-ਬਾਣੀ ਨੇ ਬੇਨਕਾਬ ਕੀਤਾ। ਜਾਤੀ ਪ੍ਰਥਾ ਦੀ ਘਾੜਤ ਨੇ ਹੀ ਨਿਮਨ ਵਰਗਾਂ ਨੂੰ ਪਰਮਾਤਮਾ ਤੋਂ ਦੂਰ ਕਰ ਦਿੱਤਾ ਸੀ। ਭਗਤ ਕਵੀਆਂ ਨੇ ਇਸ ਜਾਤੀ ਪ੍ਰਥਾ ਨੂੰ ਪਰਮਾਤਮਾ ਸਾਹਮਣੇ ਅਰਥਹੀਣ ਸਾਬਿਤ ਕੀਤਾ ਅਤੇ ਸਰਵਉੱਚ ਪਰਮਾਤਮਾ ਦੀ ਸੱਤਾ ਸਥਾਪਿਤ ਕਰਕੇ ਉਸ ਦੇ ਸਾਹਮਣੇ ਸਾਰੇ ਮਨੁੱਖਾਂ ਦੀ ਬਰਾਬਰੀ ਦਾ ਐਲਾਨ ਕਰ ਦਿੱਤਾ । ਰਵਿਦਾਸ ਜੀ ਨੇ ਆਪਣੀ ਬਾਣੀ, ਜੋ ਤੇਰੀ ਸਰਨਾਗਤਾ ਤਿਨ ਨਾਹੀ ਭਾਰੁ॥ ਊਚ ਨੀਚ ਤੁਮ ਤੇ ਤਰੇ ਆਲ ਜਾਲੁ ਸੰਸਾਰ॥(ਆਦਿ ਗ੍ਰੰਥ , ਪੰਨਾ 858) ਰਾਹੀਂ ਸਾਰੇ ਵਰਣਾਂ ਦੀ ਊਚ-ਨੀਚ ਨੂੰ ਸਰਬਉੱਚ ਸ਼ਕਤੀ ਸਾਹਮਣੇ ਮਿੱਟੀ ਸਾਬਿਤ ਕਰ ਦਿੱਤਾ। ਸਮੁੱਚੀ ਸੰਤ ਬਾਣੀ ਨੇ ਨਿਮਨ ਵਰਗਾਂ ਨੂੰ ਨੀਵੇਂ ਦਖਾਉਣ ਵਾਲੇ ਕੁਲੀਨ ਵਰਗ ਦੇ ਊਚ-ਨੀਚ ਅਤੇ ਛੂਆ-ਛਾਤ ਦੇ ਸੰਕਲਪ ਦਾ ਤਿੱਖਾ ਵਿਰੋਧ ਕੀਤਾ । ਬ੍ਰਾਹਮਣ ਦੀ ਸਰਦਾਰੀ ਨੂੰ ਇਨ੍ਹਾਂ ਸੰਤਾਂ ਨੇ ਢਹਿ-ਢੇਰੀ ਕਰ ਦਿੱਤਾ। ਕਬੀਰ ਜੀ ਨੇ ਬ੍ਰਾਹਮਣ ਨੂੰ ਸਿੱਧਾ ਸੰਬੋਧਨ ਕਰਦੇ ਹੋਏ ਪੁੱਛਿਆ ਕਿ ਤੂੰ ਬ੍ਰਾਹਮਣ ਕਦੋਂ ਅਤੇ ਕਿਵੇਂ ਬਣਿਆ? ਜੇਕਰ ਬ੍ਰਾਹਮਣ ਅਤੇ ਸ਼ੂਦਰ ਕਹੇ ਜਾਣ ਵਾਲੇ ਵਰਗਾਂ ਦੀ ਸਰੀਰਿਕ ਬਣਤਰ ਇੱਕੋ ਜਿਹੀ ਹੈ ਤਾਂ ਤੂੰ ਕਿਵੇਂ ਅੰਤਰ ਸਥਾਪਿਤ ਕਰ ਸਕਦਾ ਹੈ। ਇਹ ਇੱਕ ਪਰਮਾਤਮਾ ਦੀ ਸੰਤਾਨ ਹੈ ਅਤੇ ਇੱਕ ਹੀ ਪਿਤਾ ਦੀ ਸੰਤਾਨ ਵਿੱਚ ਅੰਤਰ ਸੰਭਵ ਨਹੀਂ। ਇਸ ਸੰਦਰਭ ਵਿੱਚ ਕਬੀਰ ਬਾਣੀ ਦੀਆਂ ਨਿਮਨਲਿਖਤ ਸਤਰਾਂ ਦੇਖੀਆ ਜਾ ਸਕਦੀਆਂ ਹਨ:

ਗਰਭਵਾਸ ਮਹਿ ਕੁਲੁ ਨਹੀ ਜਾਤੀ॥
ਬ੍ਰਹਮ ਬਿੰਦੁ ਤੇ ਸਭ ਉਤਪਾਤੀ॥1॥
ਕਹੁ ਰੇ ਪੰਡਿਤ ਬਾਮਨ ਕਬ ਕੇ ਹੋਇ॥
ਬਾਮਨ ਕਹਿ ਕਹਿ ਜਨਮੁ ਮਤ ਖੋਏ॥6
ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥
ਲੋਗਾ ਭਰਮਿ ਨ ਭੂਲਹੁ ਭਾਈ ॥
ਖਾਲਿਕੁ ਖਲਕ ਖਲਕ ਮਹਿ ਖਾਲਿਕੁ
ਪੂਰਿ ਰਹਿਓ ਸ੍ਰਬ ਠਾਂਈ ॥7

ਮੱਧਕਾਲੀ ਭਾਰਤੀ ਸਮਾਜ ਵਿੱਚ ਕੁਲੀਨ ਵਰਗ ਅਤੇ ਪੁਜਾਰੀ ਵਰਗ ਨੇ ਜਾਤੀ-ਪ੍ਰਥਾ ਨੂੰ ਸਥਾਪਿਤ ਕਰਨ ਲਈ ਸਨਾਤਨੀ ਧਾਰਮਿਕ ਪੁਸਤਕਾਂ ਨੂੰ ਸਿਰਜਿਆ ਅਤੇ ਇਨ੍ਹਾਂ ਪੁਸਤਕਾਂ ਵਿੱਚ ਨਿਮਨ-ਵਰਗਾਂ ਲਈ ਅਮਾਨਵੀ ਨਿਯਮ ਅਤੇ ਸਿਧਾਂਤ ਘੜ ਦਿੱਤੇ । ਇਹ ਸਿਧਾਂਤ ਕੁਲੀਨ ਵਰਗ ਦੇ ਹਿੱਤਾਂ ਦੇ ਅਨੁਸਾਰੀ ਅਤੇ ਨਿਮਨ ਵਰਗਾਂ ਦੇ ਸ਼ੋਸ਼ਣ ਲਈ ਬਣਾਏ ਗਏ ਸਨ। ਇਨ੍ਹਾਂ ਧਾਰਮਿਕ ਪੁਸਤਕਾਂ ਨੇ ਕਰਮਾਂ ਦੇ ਸਿਧਾਂਤ ਨੂੰ ਜਨਮ ਦਿੱਤਾ। ਇਸ ਸਿਧਾਂਤ ਨੇ ਨਿਮਨ ਵਰਗਾਂ ਨੂੰ ਇਹ ਯਕੀਨ ਦਵਾ ਦਿੱਤਾ ਕਿ ਉਨ੍ਹਾਂ ਦੀ ਮਾੜੀ ਹਾਲਤ ਉਨ੍ਹਾਂ ਦੇ ਪਿਛਲੇ ਕਰਮਾਂ ਦਾ ਫ਼ਲ ਹੈ ਅਤੇ ਮਾੜੇ ਕਰਮਾਂ ਵਾਲਾ ਹੀ ਨਿਮਨ-ਵਰਗ ਵਿੱਚ ਜਨਮ ਲੈਂਦਾ ਹੈ। ਸੰਤ ਬਾਣੀਕਾਰ ਕਰਮਾਂ ਦੇ ਇਸ ਸਿਧਾਂਤ ਨੂੰ ਮੂਲੋਂ ਹੀ ਨਕਾਰ ਦਿੰਦੇ ਹਨ। ਬਾਣੀਕਾਰਾਂ ਨੇ ਉੱਚੀ ਕੁੱਲ ਵਿੱਚ ਜਨਮ ਲੈਣ ਵਾਲੇ ਨੂੰ ਉੱਚਾ ਨਹੀਂ ਮੰਨਿਆ ਬਲਕਿ ਉਸ ਮਨੁੱਖ ਨੂੰ ਉੱਚਾ ਮੰਨਿਆ ਜਿਸ ਦੇ ਕੰਮ ਚੰਗੇ ਹਨ:

ਖਟੁ ਕਰਮ ਕੁਲ ਸੰਜਗਤੁ ਹੈ ਹਰਿ ਭਗਤਿ
ਹਿਰਦੈ ਨਾਹਿ ॥ਚਰਨਾਰਬਿੰਦ ਨ ਕਥਾ ਭਾਵੈ ਸੁਪਚ ਤੁਲਿ
ਸਮਾਨਿ ॥1॥ ਰੇ ਚਿਤ ਚੇਤਿ ਚੇਤ ਅਚੇਤ ॥
ਕਾਹੇ ਨ ਬਾਲਮੀਕਹਿ ਦੇਖ ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ,
ਰਾਮ ਭਗਤਿ ਬਿਸੇਖ॥1॥ਰਹਾਉ॥8

ਮੱਧਕਾਲੀ ਸਾਮੰਤਕ ਬਣਤਰ ਵਾਲੇ ਸਮਾਜ ਵਿੱਚ ਰਾਜੇ ਅਤੇ ਉਨ੍ਹਾਂ ਦੇ ਦਰਬਾਰੀ ਆਰਥਿਕ ਸਾਧਨਾਂ 'ਤੇ ਪੂਰੀ ਤਰ੍ਹਾਂ ਕਾਬਜ਼ ਸਨ। ਅਮੀਰ ਅਤੇ ਗਰੀਬ ਦੀ ਖਾਈ ਸਪੱਸ਼ਟ ਨਜ਼ਰ ਆਉਂਦੀ ਸੀ। ਕਬੀਰ ਜੀ ਸਮਾਜ ਵਿਚਲੀ ਇਸ ਕਾਣੀ ਆਰਥਿਕ ਵੰਡ ਪ੍ਰਤੀ ਸੁਚੇਤ ਸਨ, ਜਿੱਥੇ ਗਰੀਬ ਨੂੰ ਨਿਰਾਦਰ ਅਤੇ ਅਮੀਰ ਨੂੰ ਆਦਰ ਦਿੱਤਾ ਜਾਂਦਾ ਸੀ । ਉਨ੍ਹਾਂ ਨੇ ਸਮਾਜ ਵਿੱਚ ਅਮੀਰ ਜਾਂ ਗਰੀਬ ਦੀ ਪਰਿਭਾਸ਼ਾ ਨੂੰ ਪੁਨਰ-ਪਰਿਭਾਸ਼ਿਤ ਕਰ ਦਿੱਤਾ । ਉਨ੍ਹਾਂ ਦੀ ਨਜ਼ਰ ਵਿੱਚ ਉਹ ਵਿਅਕਤੀ ਨਿਰਧਨ ਜਾਂ ਗਰੀਬ ਹੈ , ਜੋ ਪਰਮਾਤਮਾ ਦੇ ਨਾਮ ਤੋਂ ਸੱਖਣਾ ਹੈ :-

ਨਿਰਧਨ ਆਦਰੁ ਕੋਇ ਨ ਦੇਇ॥
ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ॥1॥ਰਹਾਉ॥
ਕਹਿ ਕਬੀਰ ਨਿਰਧਨੁ ਹੈ ਸੋਈ॥
ਜਾ ਕੈ ਹਿਰਦੈ ਨਾਮੁ ਨਾ ਹੋਈ॥4॥9

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਮੱਧਕਾਲੀ ਸੰਤਾਂ ਦੀ ਬਾਣੀ ਦੱਬੇ-ਕੁੱਚਲੇ ਅਤੇ ਨਿਮਾਣੇ ਲੋਕਾਂ ਵਿੱਚ ਆਤਮ-ਸਨਮਾਨ ਨਾਲ ਜਿਊਣ ਦੀ ਚਾਹਤ ਪੈਦਾ ਕਰਦੀ

## ਮਿੰਨੀ ਕਹਾਣੀਆਂ

### ਸੇਵਾ / ਡਾ. ਗੁਰਵਿੰਦਰ ਅਮਨ



ਐਮਰਜੈਂਸੀ ਵਾਰਡ ਦੇ ਬਾਹਰੋਂ ਦਵਾਈਆਂ ਲੈਣ ਗਿਆ ਵੱਡਾ ਭਰਾ ਜਦੋਂ ਦੋ ਘੰਟੇ ਵਿਚ ਵਾਪਿਸ ਨਾ ਆਇਆ ਤਾਂ ਅਰਧ ਬੇਹੋਸ਼ ਬਜ਼ੁਰਗ ਪਿਓ ਕੋਲ ਖੜ੍ਹੇ ਸੁਸ਼ੀਲ ਦਾ ਮਨ ਕਾਹਲਾ ਜਿਹਾ ਪੈਣ ਲੱਗਾ। ਕੁੱਝ ਦੇਰ ਬਾਅਦ ਭਰਾ ਨੇ ਆ ਕੇ ਦਵਾਈਆਂ ਨਰਸ ਨੂੰ ਸੌਂਪੀਆਂ ਤੇ ਇਲਾਜ ਸ਼ੁਰੂ ਹੋ ਗਿਆ। ਡਾਕਟਰ ਨੇ ਹੋਰ ਦਵਾਈਆਂ ਲਿਆਉਣ ਲਈ ਕਿਹਾ ਤੇ ਵੱਡੇ ਭਰਾ ਨੇ ਸ਼ੁਸ਼ੀਲ ਦੇ ਹੱਥ ਪਰਚੀ ਫੜ੍ਹਾ ਉਸਦੀ ਵਾਰੀ ਦਾ ਅਹਿਸਾਸ ਕਰਵਾਇਆ। ਉਹ ਅਜੇ ਦਰਵਾਜਾ ਟੱਪਿਆ ਹੀ ਸੀ ਕਿ ਵੱਡੇ ਭਰਾ ਨੇ ਕਮੀਜ਼ ਹੇਠਾਂ ਛੁਪਾਏ ਅਸ਼ਟਾਮ ਪੇਪਰ ਉਤੇ ਬਜ਼ੁਰਗ ਪਿਤਾ ਦਾ ਅੰਗੂਠਾ ਲਗਵਾ ਲਿਆ। ਘੰਟੇ ਕੁ ਬਾਅਦ ਸ਼ੁਸ਼ੀਲ ਦਵਾਈਆਂ ਲੈ ਕੇ ਮੁੜਿਆ ਤਾਂ ਨਰਸ ਨੇ ਲੇਟ ਹੋਣ ਦੇ ਕਾਰਣ ਝਾੜ ਪਾਈ ਅਤੇ ਇਕ ਪਰਚੀ ਉਸ ਦੇ ਹੱਥ ਹੋਰ ਫੜਾ ਦਿੱਤੀ। ਵੱਡਾ ਭਰਾ ਅਜੇ ਦਰਵਾਜਾ ਟੱਪਿਆ ਹੀ ਸੀ ਕਿ ਸ਼ੁਸ਼ੀਲ ਨੇ ਕਾਹਲੀ ਕਾਹਲੀ ਤਾਜ਼ੇ ਖਰੀਦੇ ਅਸ਼ਟਾਮ ਪੇਪਰ ’ਤੇ ਆਪਣੇ ਅਰਧ ਬੇਹੋਸ਼ ਪਿਤਾ ਦਾ ਅੰਗੂਠਾ ਲਗਵਾ ਲਿਆ ਅਤੇ ਕੋਲ ਪਏ ਸਟੂਲ ਤੇ ਇੰਝ ਬੈਠ ਗਿਆ ਜਿਵੇਂ ਚਿਰਾਂ ਦੀ ਮਿਹਨਤ ਤੋਂ ਬਾਅਦ ਬੈਠ ਅਰਾਮ ਫਰਮਾ ਰਿਹਾ ਹੋਵੇ।

### ਪੰਜਾਬ ਦੇ ਹਾਲਾਤ / ਕੁਲਵਿੰਦਰ ਕੁਮਾਰ ਬਹਾਦਰਗੜ੍ਹ



ਪਿੰਡ ਦੀ ਸੱਥ ਵਿੱਚ ਰੌਣਕ ਲੱਗੀ ਹੋਈ ਸੀ। ਦੀਪਾ ਇਕੱਲਾ ਬੈਠਾ ਅਖਬਾਰ ਪੜ੍ਹ ਰਿਹਾ ਸੀ।

‘‘ਉਏ ਦੀਪਿਆ ਸਾਰਾ ਦਿਨ ਅਖਬਾਰ ਵਿੱਚ ਫੋਟੋਆਂ ਹੀ ਦੇਖਦਾ ਰਹਿਣਾ, ਕਦੇ ਸਾਨੂੰ ਵੀ ਕੋਈ ਖਬਰ ਪੜ੍ਹ ਕੇ ਸੁਣਾ ਦਿਆ ਕਰ ਆਪਣੇ ਪੰਜਾਬ ਦੀ’’, ਬਾਬੇ ਕੈਲੇ ਨੇ ਕਿਹਾ

ਦੀਪਾ ਬੋਲਿਆ, ’’ ਬਾਬਾ ਜੀ ਹੁਣੇ ਸੁਣਾ ਦਿੰਦਾ ਹਾ। ਇੱਕ ਪੁੱਤ ਨੇ ਜਮੀਨ ਲਈ ਆਪਣੇ ਬਾਪ ਦੇ ਗੋਲੀ ਮਾਰੀ। ਪੇਪਰਾਂ ਵਿੱਚ ਨੰਬਰ ਘੱਟ ਆਉਣ ਤੇ ਕੁੜੀ ਨੇ ਫਾਹਾ ਲਿਆ। 17 ਸਾਲ ਦੇ ਮੁੰਡੇ ਦੀ ਨਸ਼ੇ ਦੀ ਓਵਰ ਡੋਜ ਲੈਣ ਕਾਰਨ ਮੌਤ। ਨੌਕਰੀਆਂ ਨਾ ਮਿਲਣ ਕਾਰਨ ਮੁੰਡੇ-ਕੁੜੀਆਂ ਨੇ ਸ਼ਹਿਰ ਵਿੱਚ ਲਾਏ ਧਰਨੇ। ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ ਤੇਜੀ ਨਾਲ ਵਧੀ। ਰਾਹ ਜਾਂਦੀ ਬਜੁਰਗ ਔਰਤ ਦੀਆਂ ਕੰਨਾਂ ਦੀਆਂ ਵਾਲੀਆਂ ਖਿੱਚ ਕੇ ਭੱਜੇ ਮੋਟਰਸਾਈਕਲ ਸਵਾਰ। ਖੇਤਾਂ ਵਿੱਚ ਲਾਈ ਅੱਗ ਦੇ ਧੂੰਏ ਕਾਰਨ ਸਕੂਲ ਦੀ ਬੱਸ ਦਾ ਹੋਇਆ ਐਕਸੀਡੈਂਟ, ਬੱਚੇ ਹੋਏ ਜ਼ਖਮੀ।

ਖਬਰਾਂ ਸੁਣ ਕੇ ਸੱਥ ਵਿੱਚ ਸੰਨਾਟਾ ਛਾਅ ਗਿਆ।

ਹੈ । ਅਨਿਆਕਾਰੀ ਸ਼ਾਸ਼ਕਾਂ ਅਤੇ ਪੁਜਾਰੀ ਵਰਗਾਂ ਦੀ ਸੱਤਾ ਨੂੰ ਨਕਾਰ ਕੇ ਸਰਬ ਉੱਚ ਅਤੇ ਦਇਆਵਾਨ ਪਰਮਾਤਮਾ ਦੀ ਸੱਤਾ ਸਥਾਪਿਤ ਕਰਦੀ ਹੈ, ਜੋ ਨੀਵਿਆਂ ਨੂੰ ਉੱਚਾ ਕਰਨ ਦੇ ਸਮਰੱਥ ਹੈ । ਅਸਲ ਵਿੱਚ ਸੰਤ ਬਾਣੀ ਨੇ ਅਜਿਹਾ ਸਮਾਜ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ, ਜਿਸ ਵਿੱਚ ਏਕਤਾ ਅਤੇ ਸਮਾਨਤਾ ਹੋਵੇ ਤਾਂ ਜੋ ਕਿਸੇ ਕਿਸਮ ਦੀ ਦਰਜ਼ੇਬੰਦੀ ਸਮਾਜ ਵਿੱਚ ਨਾ ਰਹਿ ਸਕੇ ।

**ਹਵਾਲੇ**


1) ਡਾ. ਰੌਣਕੀ ਰਾਮ, ਦਲਿਤ ਪਛਾਣ : ਮੁਕਤੀ ਅਤੇ ਸ਼ਕਤੀਕਰਨ, ਪੰਨਾ 82, 83

2) ਡਾ. ਭੀਮ ਇੰਦਰ ਸਿੰਘ ( ਸੰਪਾ.) , ਦਲਿਤ ਚਿੰਤਨ : ਮਾਰਕਸੀ ਪਰਿਪੇਖ, ਪੰਨਾ 28

3) ਡਾ.ਕੇਸਰ ਸਿੰਘ / ਕੇਸਰੋ, ਦਲਿਤ ਚਿੰਤਨਯ ਮਾਰਕਸੀ ਪਰਿਪੇਖ,ਸੰਪਾ.ਡਾ.ਭੀਮ ਇੰਦਰ ਸਿੰਘ,ਪੰਨਾ-19

4) ਆਦਿ ਗ੍ਰੰਥ , ਪੰਨਾ 324

5) ਉਹੀ, ਪੰਨਾ 858

6) ਉਹੀ, ਪੰਨਾ 324

7) ਉਹੀ, ਪੰਨਾ 1349

8) ਉਹੀ, ਪੰਨਾ 1124

9) ਉਹੀ, ਪੰਨਾ 1159



**ਰਿਸਰਚ ਸਕਾਲਰ,**
**ਗੁਰੂ ਰਵਿਦਾਸ ਚੇਅਰ ਆੱਫ**
**ਸੰਤ ਸਾਹਿਤਯ ਸਟੰਡੀਜ਼,**
**ਪੰਜਾਬ ਯੂਨੀਵਰਸਿਟੀ,**
**ਚੰਡੀਗੜ੍ਹ ।**

## ਪੁਸਤਕ ਰੀਵਿਊ / ਅਣ ਫਿਰਿਆ ਮੱਕਾ (ਉਂਕਾਰਪ੍ਰੀਤ) / ਡਾ. ਪੁਸ਼ਵਿੰਦਰ ਕੌਰ

ਉਂਕਾਰਪ੍ਰੀਤ ਕੈਨੇਡਾ ਦੀ ਧਰਤੀ ਦਾ ਵਸਨੀਕ ਪੰਜਾਬੀ ਕਵੀ ਹੈ ਜੋ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਹੁਣ ਤੱਕ ਤਿੰਨ ਨਾਟ ਸੰਗ੍ਰਹਿ ( ਪ੍ਰਗਟਿਓ ਖਾਲਸਾ 2007, ਆਜ਼ਾਦੀ ਦੇ ਜਹਾਜ਼ 2008, ਰੋਟੀ ਵਾਇਆ ਲੰਡਨ 2017)ਤੇ ਦੋ ਗਜ਼ਲ ਸੰਗ੍ਰਹਿ ਮਿੱਪਲ ਦੀ ਕੈਨਵਸ 2005, ਆਪਣੀ ਛਾਂ ਦੇ ਸ਼ਬਦ (2019) ਪਾ ਚੁੱਕਾ ਹੈ । ਚਰਚਾ ਅਧੀਨ ਪੁਸਤਕ 'ਅਣ ਫਿਰਿਆ ਮੱਕਾ' ਉਸਦੀ ਤੀਜਾ ਕਾਵਿ-ਸੰਗ੍ਰਹਿ ਹੈ, ਜਿਸ ਵਿੱਚ ਉਸਦੀਆਂ 45 ਦੇ ਕਰੀਬ ਕਵਿਤਾਵਾਂ ਸ਼ਾਮਿਲ ਹਨ, ਜੋ ਕਿ ਸਿੱਖ ਧਰਮ ਦੇ ਅਸਲੀ ਫ਼ਲਸਫ਼ੇ ਅਤੇ ਆਧੁਨਿਕ ਮਨੁੱਖ ਦੀ ਮਾਨਸਿਕਤਾ ਦੇ ਦੰਭ ਵਿਚਲੇ ਟਕਰਾਓ ਨੂੰ ਪੇਸ਼ ਕਰਦਿਆਂ ਹਨ । ਉਂਕਾਰਪ੍ਰੀਤ ਦੇ ਸਵੈ ਕਥਨ ਅਨੁਸਾਰ :

" ਮੈਂ ਵੀ 'ਸ਼ੁਭ ਅਮਲਾਂ ਬਾਝੋਂ ਦੋਨੋ ਰੋਈ'...ਭਾਵੁਕ ਹੋ ਹੋ ਬਾਰ ਬਾਰ ਪੜ੍ਹਦਾ ਗਾਉਂਦਾ ਰਿਹਾ ਅਤੇ ਗੁਰਬਾਣੀ ਆਸ਼ੇ ਅਨੁਸਾਰ ਸ਼ੁਭ ਅਮਲਾਂ ਨੂੰ ਜਾਨਣ ਪਛਾਨਣ ਅਤੇ ਕਮਾਉਣ ਤੋਂ ਅਣਭਿੱਜ ਰਿਹਾ ..... ਅੱਜ ਜਦੋਂ ਮੈਂ ਤੁਹਾਡੇ ਨਾਲ ਹਥਲਾ ਸਵੈ ਕਥਨ ਸਾਂਝਾ ਕਰਨ ਆਇਆ ਹਾਂ ਤਾਂ ਮੈ ਗੁਰਵਾਕ 'ਸਿਖੁ ਜੋ ਖੋਜ ਲਹੈ' ਦੀ ਉਂਗਲੀ ਫੜ ਕੇ ਹੀ ਏਥੇ ਤੱਕ ਪੁੱਜਾਂ ਹਾਂ ਕਿ ਗੁਰੂ ਨਾਨਕ ਦੀ ਕਲਾ ਕਿਸੇ ਗੈਬੀ ਚਮਤਕਾਰ ਨਾਲ ਕਾਅਬੇ ਨੂੰ ਆਪਣੀ ਜਗ੍ਹਾ ਤੋਂ ਘੁਮਾਂ ਦੇਣ ਦੀ ਨਹੀਂ ਸੀ ਸਗੋਂ ਅਸਲੀ ਕਲਾ ਤਾਂ ਉਸ ਕਾਜ਼ੀ ਦੇ ਮਨ ਨੂੰ ਆਪਣੀ ਰੌਸ਼ਨ ਦਲੀਲ ਨਾਲ ਰੁਸ਼ਨਾ ਦੇਣ ਦੀ ਸੀ ਜਿਸ ਦੀ ਲੋਅ ਵਿੱਚ ਉਸਨੂੰ ਕਾਅਬਾ ਕਣ ਕਣ ਵਿੱਚੋਂ ਦਿਸਣ ਲੱਗ ਪਿਆ ਸੀ ....।"

ਸਾਡੀ ਮਾਨਸਿਕ ਅਵਸਥਾ ਵੀ ਜੜ੍ਹ ਹੋ ਚੁੱਕੀ ਹੈ ਤੇ ਅਸੀਂ ਮੂਲ ਭਾਵ ਤੋਂ ਕੋਹਾਂ ਦੂਰ ਹਾਂ । ਇਸ ਪੁਸਤਕ ਦੀਆਂ ਕਵਿਤਾਵਾਂ ਸਾਡੀ ਜੜ੍ਹ ਹੋਈ ਮਾਨਸਿਕਤਾ ਨੂੰ ਹਲੂਣਨ ਦੀ ਕੋਸ਼ਿਸ਼ ਹਨ ।

'ਇਕ ਓਅੰਕਾਰ' ਇਕ ਚੋਜੀ ਦਾ ਵਰਤਾਰਾ ਹੈ ਜਿੱਥੇ ਸੂਰਜ, ਊਰਜਾ, ਪੌਣ, ਪਾਣੀ ਇਕ ਹਨ ਤੇ ਇਕ ਨਿਰੰਤਰ ਚਾਲ ਵਿੱਚ ਬੰਨ੍ਹੇ ਸੁਰਤਾਲ ਵਿੱਚ ਅਤੇ ਇੱਕੋ ਲੈਅ ਵਿੱਚ ਹਨ । ਸਤਿਨਾਮ ਆਪਣੀ ਅੰਤਰ ਅਵਸਥਾ ਨੂੰ ਜਾਣ ਲੈਣ ਦਾ ਨਾਮ ਹੈ ਪਰ ਬਿਨ ਸਤਿਨਾਮ ਵਾਲੇ ਬਹੁਭੇਖੀ ਦੁਨੀਆਂ ਨੂੰ ਡੋਬ ਰਹੇ ਹਨ । ਕਰਤਾ ਪੁਰਖ ਕਵਿਤਾ ਨਾਰੀ ਪੁਰਸ਼ ਸੱਤਾ ਦਾ ਇਤਿਹਾਸ ਫਰੋਲਦੀ ਹੈ ਕਿ ਕਿਵੇਂ ਹਨ੍ਹੇਰੇ ਯੁਗ ਤੋਂ ਪੱਥਰ ਯੁਗ ਤੱਕ ਦੋਵੇਂ ਇਕੱਠੇ ਲੜੇ, ਮਰਦ ਦੀ ਖੋਜੀ ਅੱਗ ਤੋਂ ਨਾਰ ਨੇ ਧੂਣੀ ਬਾਲੀ ਤੇ ਫਿਰ ਉਸਨੇ ਪਿੱਤਰ ਸੱਤਾ ਹਥਿਆਉਣ ਲਈ ਕੋਹਝੇ ਹੱਥਕੰਡੇ ਵਰਤਣੇ ਸੁਰੂ ਕੀਤੇ , ਪਦਾਰਥਕ ਹੋੜ ਵਿੱਚ ਨਾਰੀ ਨੂੰ ਵਸਤੂ ਸਮਝਿਆ ਗਿਆ ਤੇ ਪੁਰਖ ਕਰਤਾਰ ਦੀ ਥਾਂ ਖੁਦ ਨੂੰ ਕਰਤਾ ਮੰਨਣ ਲੱਗ ਪਿਆ । ਨਿਰਭਉ ਕਵਿਤਾ ਵਿੱਚ ਕਵੀ ਦੱਸਦਾ ਹੈ ਕਿ ਬਾਣੀ ਦੱਸਦੀ ਹੈ ਕਿ ਨਾ ਕੋ ਵੈਰੀ ਨਾਹਿ ਬੇਗਾਨਾ , ਕੋਈ ਮਜ਼ਲੂਮ ਨਹੀਂ ਕੋਈ ਜਰਵਾਣਾ ਨਹੀਂ ਪਰ ਦੁਨੀਆ ਵਿੱਚ :

ਨਿੱਜਤਾ ਕਰੀਆਂ ਟੋਟੇ ਟੋਟੇ ਧਰਤੀਆਂ
ਇਕ ਦੂਜੇ ਨਾਲ ਖਹਿ ਖਹਿ ਮਰਦੀਆਂ
ਹਉਂ ਜਿੱਤਦੀ ਹਉਂ ਹਾਰਦੀ
ਹਉਂ ਪਸਰਦੀਆਂ ਹਉਂ ਪਸਾਰਦੀ
ਪੌਣ ਪਾਣੀ , ਵਣ ਤ੍ਰਿਣ
ਜੀਅ ਜੰਤ , ਸਭ ਪਸ਼ੂ ਪਰਿੰਦੇ
ਇਸ ਆਦਮ- ਹਉਂ ਹੱਥੋਂ ਤ੍ਰਹਿੰਦੇ

ਨਿਰਵੈਰ ਕਵਿਤਾ ਦੱਸਦੀ ਹੈ ਕਿ ਇਹ ਦੁਨੀਆਂ ਅਜੇ ਬੇਗਮਪੁਰਾ ਨਹੀਂ ਬਣੀ । ਹੈਸੀਅਤ ਦਾ ਫੈਲਾਓ ਕਰਨ ਲਈ ਬੰਦਾ ਅੰਨੀ ਦੌੜ ਵਿੱਚ ਸਾਮਲ ਹੁੰਦਾ ਹੈ ਤੇ ਨਿੱਜੀ ਲਾਭ ਲਈ ਮਾੜੇ ਦਾ ਅਪਮਾਨ ਕਰਦਾ ਹੈ ਤੇ ਤਕੜੇ ਦਾ ਸਤਿਕਾਰ ਕਰਦਾ ਹੈ। ਅਕਾਲ ਮੂਰਤ ਹੋਣ ਦੇ ਰਸਤੇ ਵਿੱਚ ਰੁਕਾਵਟਾਂ ਹਨ। ਅਜੂਨੀ ਕਵਿਤਾ ਦੇਖੋ:

ਏਥੇ ਜੇ ਸਫਰ, ਸਿੱਧਾ
ਯੋਨੀ ਤੋਂ ਜੂਨੀ ਦਾ ਹੀ ਹੁੰਦਾ
ਤਾਂ ਮਹਾਸਫਰ
ਜੂਨੀ ਤੋਂ ਅਜੂਨੀ ਦਾ

ਕਵੀ ਅਨੁਸਾਰ ਗੁਰ ਪਰਸਾਦਿ ਕੜਾਹ ਪ੍ਰਸਾਦ ਦਾ ਗੱਫਾ ਨਹੀਂ ਜੋ ਆਪੇ ਮਿਲ ਜਾਵੇਗਾ ਜਾਂ ਸਿਰੋਪਾ ਨਹੀਂ ਨਾ ਹੀ ਆਪੇ ਦੀ ਚੜ੍ਹਦੀ ਕਲਾ ਲਈ ਕਰਾਏ ਪਾਠ ਦਾ ਫਲ ਹੈ ਸਗੋਂ :

ਗੁਰ ਪ੍ਰਸਾਦ
ਆਪਣਾ ਮੂਲ ਪਛਾਨਣ ਜਾਨਣ
ਅਨਿਕ ਨਾਲ ਏਕਾ ਮਾਨਣ ਵਾਲਾ ਰਾਹ
ਜਿਸ ਰਾਹੇ ਤੁਰਨ ਲਈ ਕਰਨੀ ਪੈਂਦੀ
ਖੁਦ ਹੀ ਖੁਦ ਤੇ ਕਿਰਪਾ ।

ਵਾਹਿਗੁਰੂ ਕੋਈ ਰਟੀ ਰਟਾਈ ਮੁਹਾਰਨੀ ਨਹੀਂ, ਨਾ ਹੀ ਸੰਗਮਰਮਰਾਂ ਤੇ ਉੱਕਰੀ ਇਬਾਰਤ ਹੈ, ਵਾਹਿਗੁਰੂ ਰੈਣਸਬਾਈਆਂ ਵਿੱਚ ਨੀਂਦ ਭਜਾਉਣ ਦਾ ਨੁਸਖ਼ਾ ਨਹੀਂ, ਇਹ ਬੋਲ ਨਹੀਂ ਸਗੋਂ ਵਿਸਮਾਦ ਦਾ ਨਾਂ ਹੈ ।ਕਵੀ ਅਨੁਸਾਰ ਨਾਨਕ ਤੇਰ੍ਹਾਂ ਤੋਂ ਤੇਰਾ ਦਾ ਸਫ਼ਰਨਾਮਾ ਹੈ।

ਨਾਨਕ ਨੇ ਪੂਰਨਮਾਸ਼ੀ ਵਾਲੇ ਦਿਨ ਦੁਨੀਆਂ ਦੇ ਵਿਹੜੇ ਪੈਰ ਧਰਿਆ ਜਿਸ ਨਾਲ ਮੱਸਿਆ ਦਾ ਹਨੇਰ ਦੂਰ ਭੱਜਿਆ ਜਿਸਦੀ ਮਿੱਠਤ ਨੀਵੀਂ ਅਵਾਜ਼ ਨਾਲ ਜੋਗੀ ਪਹਾੜੋਂ ਉੱਤਰ ਆਏ ਤੇ ਕਿਰਤੀ ਉਸ ਦੇ ਗੱਲ ਲੱਗ ਕੇ ਪਾਤਿਸਾਹ ਬਣ ਗਏ। ਗੁਰੂ ਨਾਨਕ ਦੇ ਘਰ ਸਿਰਫ ਕੜਾਹ ਪ੍ਰਸਾਦ ਹੀ ਨਹੀਂ, ਜਾਗਦੀ ਅੱਖ ਦੇ ਸੁਪਨਿਆਂ ਨੂੰ ਗੁਰ ਪ੍ਰਸਾਦ ਮਿਲਦਾ ਹੈ। ਕਵੀ ਨੂੰ ਦੁੱਖ ਹੈ ਕਿ ਨਾਨਕ ਦੇ ਘਰ ਜਿੱਥੇ ਜਾਤ ਨਹੀਂ

ਜੋਤ ਦਾ ਮਾਣ ਸੀ ਪਰ ਹੁਣ ਧੁਰ ਕੀ ਬਾਣੀ ਨੂੰ ਦੇਹ ਬਣਾ ਮੂਰਤੀਆਂ ਦੀ ਟਹਿਲ ਸੇਵਾ ਕੀਤੀ ਜਾਂਦੀ ਹੈ, ਨਾਨਕ ਦੇ ਨਾਮ ਤੇ ਵਰਤਦਾ ਇਹ ਸਭ ਕੁਛ ਸਿੱਖ ਲਈ ਨਾਨਕਸ਼ਾਹੀ ਨਹੀਂ ਆਤਮਦਾਹੀ ਹੈ। ਕਵੀ ਅਨੁਸਾਰ ਨਾਨਕ ਦੀ ਸਿਖਰ :

ਚਾਰੇ ਉਦਾਸੀਆਂ ਤੋਂ ਬਾਅਦ
ਪੂਰਾ ਸੂਰਾ ਘਰ ਮੁੜਨਾ
ਖੇਤਾਂ ਵਿੱਚ ਹੱਲ ਵਾਹੁਣਾ
ਕਿਰਸਾਨ ਹੋਣਾ ।

'ਬਾਬੇ ਨੂੰ ਖ਼ਤ' ਕਵਿਤਾ ਆਧੁਨਿਕ ਯੁਗ ਦੀ ਯਥਾਰਥਕ ਤਰਜਮਾਨੀ ਕਰਦੀ ਹੈ । ਐਤਵਾਰ ਦੀ ਤੜਕਸਾਰ ਕਵੀ ਲਾਲੋ ਦੇ ਮੁਹੱਲੇ ਤੋਂ ਬਾਬਾ ਨਾਨਕ ਨੂੰ ਖ਼ਤ ਲਿਖ ਰਿਹਾ ਹੈ. ਲਾਲੋ ਕੋਲ ਅੱਜ ਮਲਕ ਭਾਗੋ ਦਾ ਗੁਲਾਮ ਬਣਨ ਬਿਨਾ ਕੋਈ ਚਾਰਾ ਨਹੀਂ ਕਿਉਂਕਿ ਉਸ ਦੇ ਰੰਦੇ ਸੰਦੇ ਭਾਗੋਆਂ ਦੇ ਕਾਰਖਾਨਿਆਂ ਵਿੱਚ ਫਿੱਟ ਹਨ ਤੇ ਖ਼ੂਨ ਪਸੀਨੇ ਦੀ ਕਮਾਈ ਕਰਨ ਦੇ ਬਾਵਜੂਦ ਉਹਨਾਂ ਨੂੰ ਮਸਾਂ ਗੁਜ਼ਾਰੇ ਜੋਗੇ ਪੈਸੇ ਹੀ ਮਿਲਦੇ ਹਨ। ਸੂਈ ਤੋਂ ਜਹਾਜ਼ ਤੱਕ ਦਾ ਵਪਾਰ ਮਲਕ ਭਾਗੋਆਂ ਦੇ ਕਬਜ਼ੇ ਵਿੱਚ ਹੈ ਜਿੱਥੇ ਲਾਲੋਆਂ ਦੇ ਹੱਕਾਂ ਦਾ ਘਾਣ ਹੁੰਦਾ ਹੈ ਤੇ ਉਹਨਾਂ ਨੂੰ ਸਮਝਾਉਣ, ਬੁਝਾਉਣ ਲਈ ਭਾਗੋ ਦੀਆਂ ਆਪਣੀਆਂ ਫ੍ਰੈਂਚਾਈਜ ਯੂਨੀਅਨਾਂ ਹਨ ਜਿਨ੍ਹਾਂ ਦੀ ਵਾਗਡੋਰ ਸੰਭਾਲ਼ਣ ਵਾਲੇ ਵੀ ਭਾਗੋ ਦੇ ਇਸ਼ਾਰਿਆਂ ਤੇ ਨੱਚਣ ਵਾਲੇ ਹਨ। ਅੱਜ ਦੇ ਸ਼ਾਇਰ ਵੀ ਭਾਗੋ ਦੀ ਆਲੋਚਨਾ ਨੂੰ ਚਾਪਲੂਸ ਫਿਕਰਿਆਂ ਵਿੱਚ ਬੀੜਦੇ ਹਨ ਕਿਉਂਕਿ ਸਾਹਿਤਕ ਮਾਪਦੰਡ ਤੋਲਣ ਵਾਲੇ ਤਰਾਜੂ ਭਾਗੋ ਦੇ ਕਾਰਖਾਨੇ ਵਿੱਚ ਬਣੇ ਹਨ। ਜਗਤ ਜਲੰਦਾ ਤਾਰਨ ਲਈ ਉਦਾਸੀਆਂ ਕਰਨ ਲਈ ਰਾਹਦਾਰੀ ਭਾਗੋ ਦੁਆਰਾ ਸਪੌਂਸਰ ਹੈ :

ਮਲਕ ਭਾਗੋ ਹੁਣ ਖ਼ੁਦ ਸਪੌਂਸਰ ਕਰਦਾ ਹੈ
ਉਦਾਸੀਆਂ ਵੀ
ਉਹਨਾਂ ਸ਼ਾਇਰਾਂ ਚਿੰਤਕਾਂ ਦੇ ਵਾਸਤੇ
ਜੋ ਮਲਕ ਦੀ ਬਣੀ ਕੰਪਨੀ ਦੀਆਂ
ਕਲਗ਼ੀਆਂ ਪਹਿਨਦੇ
ਜਿਨ੍ਹਾਂ ਲਈ ਸਦਾ ਖੁੱਲ੍ਹੇ ਹਨ
ਉਹਨਾਂ ਦੇ ਘਰਾਂ ਤੋਂ
ਦੇਸੀ ਵਿਦੇਸ਼ੀ , ਹੋਟਲ ਮੋਟਲਾਂ ਦੇ ਰਾਸਤੇ

ਖਾਲਿਸਤਾਨ ਕਵੀ ਲਈ ਉਸ ਥਾਂ ਦਾ ਨਾਂ ਹੈ ਜਿੱਥੇ, ਪਿਆਰ, ਦਰਦ, ਖ਼ੁਸ਼ੀ ਤੇ ਭਾਵਨਾਵਾਂ ਨਾਲ ਬੱਝੇ ਰਿਸ਼ਤੇ ਹੋਣ । ਜਿੱਥੇ ਸ਼ਾਇਰ, ਚਿੰਤਕ ਤੇ ਲੇਖਕ ਸਮਾਜਿਕ ਕੁਰੀਤੀਆਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਕਰਨ ਅਤੇ ਜਿੱਥੇ ਕਲਮਾਂ ਤੇ ਪਹਿਰੇ ਨਾ ਹੋਣ। ਰੋਟੀ ਲਈ ਵਿਲਕਦੇ ਮਜਲੂਮਾ ਦਾ ਧਿਆਨ ਹੋਵੇ । ਸ਼ਰਅ ਤੇ ਸ਼ਰੀਅਤ ਦੇ ਫ਼ਤਵੇ ਹੈਵਾਨੀਅਤ ਖ਼ਿਲਾਫ਼ ਹੋਣ, ਲਿਆਕਤ ਤੇ ਸ਼ਰਾਫਤ ਚਾਂਦੀ ਦੇ ਸਿੱਕਿਆਂ ਨਾਲ ਨਾ ਤੋਲੀ ਜਾਵੇ ਤੇ :

" ਜਿੱਥੇ ਨਾਨਕ ਵਰਗੇ ਬ੍ਰਹਿਮੰਡੀ ਫ਼ਲਸਫ਼ੇ
ਦਾੜ੍ਹਿਆਂ ਤੇ ਬਾਣਿਆਂ ਹੇਠ
ਲੁਕੋਣ ਦੀ ਸਾਜਿਸ਼ ਨਾ ਹੋਵੇ
ਸਰਬਤ ਦੇ ਭਲੇ ਦੀ ਭਾਵਨਾ
ਅਰਦਾਸਾਂ ਤੋਂ ਘਰਾਂ ਤੀਕ ਜਾ ਸਕੇ
ਮਨਾਂ ਤੀਕ ਆ ਸਕੇ .... ।

ਸਚਮੁੱਚ ਓਂਕਾਰਪ੍ਰੀਤ ਦਾ ਵਿਜ਼ਨ ਵਿਸ਼ਾਲ ਅਤੇ ਮਾਨਵਤਾਵਾਦੀ ਹੈ, ਅਮਲਾਂ ਤੇ ਪਹਿਰਾ ਦੇਣ ਦਾ ਹੋਕਾ ਦਿੰਦਾ ਹੈ । ਪਰ ਫੋਕਾਪਨ , ਦਿਖਾਵਟ ਤੇ ਥਾਂ ਥਾਂ ਪਸਰਿਆ ਦੰਭ ਉਸਨੂੰ ਚਿੰਤਤ ਕਰਦਾ ਹੈ । ਸਿੱਖੀ ਅੱਜ ਦੇਹਧਾਰੀ ਬਾਬਿਆਂ ਦੀ ਸੇਵਾ ਤੱਕ ਸੀਮਤ ਹੁੰਦੀ ਜਾ ਰਹੀ ਹੈ। ਸਾਡੇ ਚਿੰਤਕ ਵੀ ਰੰਗੀਨ ਪਿਆਲੀ ਦੀਆਂ ਮਹਿਫ਼ਲਾਂ ਮਾਣਦੇ ਸਫ਼ਰਨਾਮੇ ਲਿਖ ਰਹੇ ਹਨ। ਅੱਜ ਵਲੀ ਕੰਧਾਰੀਆਂ ਭਾਵ ਕਿ ਸਾਮਰਾਜਵਾਦੀ ਸ਼ਕਤੀਆਂ ਦਾ ਹੰਕਾਰ ਪਾਣੀਆਂ ਤੋਂ ਵਧ ਕੇ ਤੇਲ ਭੰਡਾਰਾਂ ਤੱਕ ਪੁੱਜ ਗਿਆ ਹੈ। ਸ਼ਹੀਦੀਆਂ ਵੇਚੀਆਂ ਜਾ ਰਹੀਆਂ ਹਨ.....

ਮਾਛੀਵਾੜੇ ਦੀ ਸੇਜ਼ ਦੀਆਂ ਸੂਲਾਂ
ਕੇਸਰੀ ਦਸਤਾਰਾਂ ਦੇ ਪੇਚਾਂ ਨੂੰ ਪੋਚਣੀਆਂ
ਮਹਿਜ਼ ਪਿੰਨਾਂ ਨੇ ਬਣ ਚੁੱਕੀਆਂ
ਹੱਟ ਬਜ਼ਾਰੀਂ ਟੰਗੇ ਕੈਲੰਡਰਾਂ ਤੇ
ਭਗਵੇਂ-ਚਿੱਟੇ-ਕੇਸਰੀ ਨੇ ਦਿਸ ਰਹੇ
ਇਸ ਸਭ ਹੋ ਰਹੇ ਨੂੰ
ਹਉਂ ਪਰੇ ਕਰਦੇ ਸਿੱਖ ਸੰਗੀਓ
ਤੁਸੀਂ ਕਿੱਥੇ ਹੋ?

ਕਵੀ ਸਾਡੀ ਧੁਰ ਆਤਮਾ ਨੂੰ ਝਿੰਜੋੜਦਾ ਹੈ, ਅਸੀਂ ਫਜ਼ੂਲ ਦੇ ਸੁਆਲਾਂ ਵਿੱਚ ਉਲਝੇ ਪਏ ਹਾਂ, ਜੋ ਬਾਣੀ ਕਹਿੰਦੀ ਉਹ ਛੱਡ ਹੋਰ ਸਭ ਕਰਮ ਕਾਂਡ ਕਰ ਰਹੇ ਹਾਂ। ਧਰਮ ਯੁੱਧ ਦੇ ਬੈਨਰ ਹੇਠ ਕੁਰਸੀ ਯੁੱਧ ਲੜੇ ਜਾ ਰਹੇ ਹਨ। ਗੁਰਸਿੱਖੀ ਵਿੱਸਰ ਚੁੱਕੀ ਹੈ । ਮੁੱਕਦੀ ਗੱਲ ਇਹ ਹੈ ਕਿ ਸਾਡਾ ਮੱਕਾ ਅਜੇ ਵੀ ਅਣ ਫਿਰਿਆ ਹੈ :

" ..... ਗੁਰ ਗਰੰਥ ਸਾਹਿਬ ਜੀ ਆਪਣੇ ਇਕ ਇਕ ਗੁਰਵਾਕ ਨਾਲ ..... ਮੈਂ ਦੇ ਹਨੇਰੇ ਨਾਲ ਭਰੇ ਮਨਾਂ ਨੂੰ ਰੌਸ਼ਨ ਕਰਨ ਤੇ ਫੇਰਨ ਦੀ ਕਲਾ ਰੱਖਦੇ ਹਨ .. ਇਹ ਕਲਾ ਤਦ ਹੀ ਵਰਤਦੀ ਹੈ ਜਦੋਂ ਅਸੀਂ ਸਿੱਖ ਆਸ਼ੇ ਦੇ ਅਸਲੀ ਸਿੱਖ ਬਣ ਕੇ ਸੱਚ ਖੋਜਣ ਪਾਉਣ ਤੇ ਮਨ ਵਸਾਉਣ ਦੇ ਰਾਹ ਪੈਂਦੇ ਹਾਂ .... ਨਹੀਂ ਤਾਂ ਪੁਸ਼ਤ ਦਰ ਪੁਸ਼ਤ ਖ਼ੁਦ ਨੂੰ ਸਿੱਖ ਸਮਝਣ ਵਾਲੇ ਲੋਕ

"ਮਨ ਮੱਕੇ ਅਣ ਫਿਰੇ ਲੈ ਕੇ , " ਘੱਲੇ ਆਵਹਿ ਨਾਨਕਾ " ਦੇ ਗੁਰਵਾਕ ਅਨੁਸਾਰ ਜਨਮ ਗੁਆ ਗੁਆ ਉੱਠੀ ਜਾ ਰਹੇ ਹਨ। .....

ਅਣ ਫਿਰਿਆ ਮੱਕਾ ਵਿਚਲੀਆਂ ਸਾਰੀਆਂ ਕਵਿਤਾਵਾਂ ਅਣ ਫਿਰੇ ਮਨ ਵਾਲਿਆਂ ਅਤੇ ਉਹਨਾਂ ਵੱਲੋਂ

## ਕਵਿਤਾਵਾਂ / ਜਸਵਿੰਦਰ ਸੀਰਤ



### ਸੂਈ

ਰਾਤ ਦੇ ਹਨੇਰੇ 'ਚ ਚਮਕਦੀ ਸੂਈ
ਇੱਕ ਟਿੱਕ ਦੀ ਆਵਾਜ਼ ਨਾਲ਼
ਅੱਗੇ ਤੁਰਦੀ

ਸਮੇਂ ਦਾ ਗਿਆਰਵਾਂ ਘੰਟਾ
ਨੀਂਦ 'ਚੋਂ ਉੱਠਦਾ
ਬੌਖਲਾਈ ਰਾਤ ਘੂਰ ਰਹੀ
ਖੁੱਡ 'ਚੋਂ ਨਿਕਲਦੇ ਚੂਹੇ ਵੱਲ
ਜੋ ਚੁੱਪਚਾਪ ਇੱਕ ਟੱਕ
ਤੱਕ ਰਿਹਾ ਸੀ
ਦੂਰ ਚੂਹੇ ਦਾਨੀ ਅੰਦਰ
ਇੱਕ ਟੋਟਾ ਰੋਟੀ ਦਾ
ਚੂਹਾ ਗਸ਼ਤ ਤੇ ਹੈ
ਰਾਤ ਚਿਤਾ 'ਚ ਉੱਠਦੇ ਧੂੰਏ
ਜਿੰਨੀ ਹੀ ਕਾਲੀ ਸੀ
ਮੈਂ ਚੱਪਲ 'ਚ ਪੈਰ ਪਾਉਂਦੀ
ਕਦੇ ਕੱਢਦੀ
ਚੂਹਾ ਆਪਣੀ
ਲੰਬੀ ਪੂੰਛ ਨਾਲ਼
ਸਾਲਾਂ ਤੋਂ ਬੀਤ ਰਹੀ
ਰਾਤ 'ਚ ਖਲੱਲ ਪਾਉਂਦਾ
ਇੱਕ ਸੂਈ ਡਿੱਗਦੀ
ਦੂਜੀ ਸੂਈ ਤੇ
ਚੂਹੇ ਦਾਨੀ ਦੀ ਆਵਾਜ਼ 'ਚ
ਹੌਲੀ ਹੌਲੀ ਬੀਤ ਰਿਹਾ
ਸਮੇਂ ਦਾ ਗਿਆਰਵਾਂ ਘੰਟਾ
ਰਾਤ ਦੇ ਬੀਤਣ 'ਚ
ਮੈਂ ਨੀਂਦ ਦਾ ਸਵਾਂਗ ਰਚਦੀ
ਆਪਣੀ ਚਿੰਤਾ ਨੂੰ ਇੱਕ
ਇਸ਼ਤਿਹਾਰੀ ਖ਼ਬਰ ਬਣਾਉਂਦੀ
ਰੱਖ ਦਿੰਦੀ ਪੇਪਰ ਵੇਟ ਥੱਲੇ
ਇੱਕ ਕਾਲ ਬੀਤਣ ਤੇ
ਦੂਜਾ ਕਾਲ ਸ਼ੁਰੂ ਹੁੰਦਾ।

### ਕੋਣ

ਮੈਨੂੰ ਉੱਚਾਈ ਤੋਂ ਡਰ ਲੱਗਦਾ ਹੈ
ਫਿਰ ਵੀ ਮੈਂ ਅਕਸਰ
ਪੁੱਲ ਦੇ ਸੱਭ ਤੋਂ
ਉੱਪਰਲੇ ਹਿੱਸੇ 'ਚ
ਬੈਠਦੀ ਹਾਂ
ਆਪਣੇ ਹਿੱਸੇ ਦੇ
ਏਕਾਂਤ ਨੂੰ ਆਕਾਰ ਦਿੰਦੀ ਅੰਤ ਤੱਕ

ਮੇਰੇ ਹੱਥੋਂ ਡਿੱਗ ਪਈ
ਹੁਣੇ ਹੁਣੇ ਕੈਮਰੇ 'ਚ ਖਿੱਚੀ
ਮੇਰੀ ਤਸਵੀਰ
ਤੇ ਅਸਮਾਨ ਨੇ ਆਪਣੇ ਹਿੱਸੇ ਦੇ ਰੰਗ
ਚੁੱਗ ਲਏ ਸੰਨਾਟਾ ਕੰਬ ਗਿਆ
ਪਾਣੀ ਆਪਣੀ ਪੂਰੀ
ਰਫ਼ਤਾਰ ਨਾਲ ਵਹਿ ਰਿਹਾ
ਮੇਰੀਆਂ ਰਗਾਂ 'ਚ ਮੇਰੀ ਹੀ ਆਵਾਜ਼
ਫਸ ਜਾਂਦੀ ਹੈ ਅਕਸਰ

ਪਰ ਤਸਵੀਰ ਕਿਤੇ ਨਹੀਂ ਹੈ
ਮੈਂ ਤੇ ਮੇਰਾ ਮੌਨ ਆਪਣੇ ਅੰਤ
ਤੱਕ
ਪੁਲ ਦੀ ਰੇਲਿੰਗ ਤੋਂ ਤਿਲਕਦੇ
ਰੁੱਕਦੇ ਆਪਣੇ ਆਪਣੇ ਪਰਛਾਵੇਂ
ਅੰਦਰ

ਦਰਿਆ ਦੇ ਅੱਧ ਚ ਪਿਆ ਸ਼ੋਰ
ਅੰਤ ਤੇ ਖ਼ਾਮੋਸ਼ੀ
ਪਾਣੀ ਅੰਦਰ ਲਹਿ ਰਹੀ ਪਾਣੀ ਦੀ
ਧਾਰ ਨਾਲ਼ ਸੰਵਾਦ ਰਚਦਾ

ਕੁੰਡੀ ਤੇ ਲੱਗਾ ਆਟਾ ਮੱਛੀ ਲਈ
ਆਪਣੀ ਕਾਮਨਾ ਨੂੰ
ਮੱਛੀ ਦੀ ਜੀਭ ਤੇ ਰੱਖਦਾ
ਮੇਰੇ ਹੱਥੋਂ ਤਿਲਕਣ
ਆਪਣੀ ਇੱਛਾ ਨਾਲ਼
ਤਿਲਕ ਜਾਂਦੀ

ਮੈਂ ਆਪਣੇ ਆਪ ਨਾਲ਼
ਧੱਕਾ ਮੁੱਕੀ ਹੁੰਦੀ
ਆਪਣੇ ਹੱਥ ਲੋਹੇ ਦੀ
ਮੁੱਠ ਤੇ ਛੱਡ
ਪਰਤ ਆਉਂਦੀ
ਪਰ ਪੈਰ ਪੈਰਾਂ ਦਾ
ਖਹਿੜਾ ਨਾ ਛੱਡਦੇ

ਘਾਹ ਹੈਰਾਨ ਹੁੰਦਾ
ਮੇਰੇ ਪੈਰਾਂ ਵੱਲ ਤੱਕਦਾ

ਮੇਰੇ ਅੰਤ ਤਕ
ਬਾਰਿਸ਼ ਆਪਣੇ ਹੀ
ਕੋਣ 'ਚ ਫਸੀ ਡਿੱਗ ਰਹੀ।।

ਸਿੱਖੀ ਦੇ ਨਾਮ ਹੇਠ ਵਰਤਾਏ ਜਾ ਰਹੇ ਮਨਮੁੱਖੀ ਭਾਣਿਆਂ ਦਰਮਿਆਨ ਸਿੱਖ ਆਸ਼ੇ ਦੀ ਅਜੋਕੀ ਤ੍ਰਾਸਦੀ ਅਤੇ ਦਰਦ ਦਾ ਬਿਆਨ ਹਨ । "

ਉਂਕਾਰਪ੍ਰੀਤ ਨੇ ਇਸ ਤ੍ਰਾਸਦੀ ਅਤੇ ਪੀੜਾ ਨੂੰ ਗਹਿਰੇ ਕਾਵਿਕ ਵਿਸ਼ਲੇਸ਼ਣ ਰਾਹੀਂ ਸਾਨੂੰ ਸਮਝਾਉਣ ਦਾ ਯਤਨ ਕੀਤਾ ਹੈ ਤਾਂ ਕਿ ਅਸੀਂ ਮਨੁੱਖੀ ਜਾਮੇ ਵਿੱਚ ਮਨੁੱਖਤਾ ਦੀ ਪਹਿਚਾਣ ਕਰ ਸਕੀਏ. ਪਹਿਲਾਂ ਸਵੈ ਨੂੰ ਪਛਾਣੀਏ ਤੇ ਫਿਰ ਕਾਦਰ ਦੇ ਦਰਸ਼ਨ ਕੁਦਰਤ ਅਤੇ ਮਾਨਵਤਾ ਵਿੱਚੋਂ ਕਰੀਏ। ਸਾਰੀਆਂ ਕਵਿਤਾਵਾਂ ਵਿੱਚ ਬੌਧਿਕਤਾ ਨਾਲ ਡੂੰਘੇ ਭਾਵਾਂ ਦਾ ਸੰਚਾਰ ਕੀਤਾ ਹੈ। ਸਮੇਂ ਦੀ ਲੋੜ ਹੈ ਕਿ ਸਿੱਖੀ ਦੇ ਸਹੀ ਆਸ਼ੇ, ਮਨੋਰਥ ਤੇ ਅਰਥਾਂ ਨੂੰ ਸਮਝਣ ਦੀ, ਜਿਨ੍ਹਾਂ ਨੂੰ ਪੁਸਤਕ ਵਿੱਚ ਸਮਝਾਉਣ ਦੀ ਕੋਸ਼ਿਸ਼ ਹੈ। ਇਸ ਪੁਸਤਕ ਦਾ ਸਵਾਗਤ ਕੀਤਾ ਜਾਣਾ ਬਣਦਾ ਹੈ।

# ਬੁਰੇ ਸਿਆਲਾਂ ਦੇ ਮਾਮਲੇ ਪੁਸਤਕ: ਕੁਝ ਇਤਿਹਾਸਕ ਦਸਤਾਵੇਜ਼

**-ਡਾ. ਪਰਮਜੀਤ ਕੌਰ ਪਾਹੁਲ**

ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਅੰਮ੍ਰਿਤਾ-ਪ੍ਰੀਤਮ ਇਕੋ ਇਕ ਅਜਿਹੀ ਲੇਖਿਕਾ ਹੈ ਜਿਸ ਦੀ ਕਲਮ ਨਿਰੰਤਰ ਵਿਕਾਸ ਕਰਦੀ, ਸਾਹਿਤ ਦੇ ਸਾਰੇ ਰੂਪਾਂ ਵਿਚ ਆਪਣੀ ਨਿਵੇਕਲੀ ਪਛਾਣ ਬਣਾਉਂਦੀ ਹੈ। ਅੰਮ੍ਰਿਤਾ- ਪ੍ਰੀਤਮ ਬਹੁ-ਪੱਖੀ ਸਖਸੀਅਤ ਦੀ ਮਾਲਕ ਹੈ। ਜਿਸ ਨੇ ਸਦੀਆਂ ਤੋਂ ਨਪੀੜੀ ਜਾਂਦੀ ਔਰਤ ਦੇ ਦੁੱਖ ਦਰਦਾਂ ਨੂੰ ਸੂਤਰ ਬਧ ਕੀਤਾ ਹੈ। "ਬੁਰੇ ਸਿਆਲਾਂ ਦੇ ਮਾਮਲੇ" ਪੁਸਤਕ ਅੰਮ੍ਰਿਤਾ ਪ੍ਰੀਤਮ ਦੇ ਜੀਵਨ ਦੇ ਆਖਰੀ ਪੜ੍ਹਾਅ ਵਿਚ ਲਿਖੀ ਅਜਿਹੀ ਪੁਸਤਕ ਹੈ, ਜਿਸ ਵਿਚ ਉਹ ਪੁਸਤਕ ਦੇ ਨਾਮ ਬਾਰੇ ਟਿੱਪਣੀ ਕਰਦੀ ਲਿਖਦੀ ਹੈ ਕਿ ਵਾਰਿਸ਼ਸਾਹ ਦੀ ਉਦਾਸੀ ਦਾ ਪਿਛੋਕੜ ਇਕ ਕਬੀਲੇ ਦੀ ਗੱਲ ਸੀ, ਪਰ ਇਸ ਕਿਤਾਬ ਦੀ ਉਦਾਸੀ ਬੜੇ ਵੱਡੇ ਫੈਲੇ ਹੋਏ ਅਰਥਾਂ ਵਿਚ ਹੈ। ਇਥੇ ਸਿਆਲ ਲਫ਼ਜ ਹਰ ਸਮਾਜ ਦਾ ਪ੍ਰਤੀਕ ਹੋ ਗਿਆ ਹੈ।

ਇਸ ਪੁਸਤਕ ਵਿਚ ਚੇਤਨਾ ਦੀ ਪੱਧਰ ਤੇ ਜਾਗਦੀਆਂ, ਕਲਾ ਨੂੰ ਪ੍ਰਣਾਈਆਂ, ਜੀਉਣ ਦੀ ਤੀਬਰ ਇੱਛਾ ਰੱਖਦੀਆਂ ਹੋਈਆਂ ਅਜਿਹੀਆਂ ਉਨੰਜਾ ਔਰਤਾਂ ਦੀ ਦਾਸਤਾਨ ਹੈ, ਜੋ ਸੰਸਾਰ ਦੇ ਇਤਿਹਾਸ ਦੇ ਵੱਡੇ ਕੈਨਵਸ ਤੇ ਫੈਲੀਆਂ ਹਨ। ਬੀਬੀ ਸੈਫੋ ਜੋ ਈਸਾ ਤੋਂ ਕੋਈ 630 ਵਰ੍ਹੇ ਪਹਿਲਾਂ ਯੂਨਾਨ ਦੇਸ ਵਿਚ ਪੈਦਾ ਹੋਈ, ਨੋਬਲ ਇਨਾਮ ਜੇਤੂ ਜਰਮਨ ਦੀ ਸ਼ਾਇਰਾ ਨੈਲੀਸਾਚ, ਭਾਰਤੀ ਇੰਦਰਾ ਗੋਸਵਾਮੀ, ਪੰਜਾਬ ਦੀ ਮਨਜੀਤ ਟਿਵਾਣਾ ਤੇ ਰਾਬੀਆ ਦੀ ਸੂਈ ਪਾਲ ਕੌਰ ਤੱਕ ਸਫਰ ਕਰਦੀਆਂ, ਵੇਲੇ ਦੇ ਸਮਾਜ ਦੀਆਂ ਦੁਸ਼ਵਾਰੀਆਂ, ਬਿਖੜੇ ਪੈਂਡੇ ਤਹਿ ਕਰਦੀਆਂ, ਆਤਮਘਾਤ ਕਰਦੀਆਂ ਮੌਤ ਵਿਚੋਂ ਜ਼ਿੰਦਗੀ ਲਭਦੀਆਂ ਦਿਖਾਈ ਦਿੰਦੀਆਂ ਹਨ।

ਸੈਫੋ ਦੀ ਜ਼ਿੰਦਗੀ ਬਾਰੇ ਗਾਥਾ ਬਿਆਨ ਕਰਦਿਆਂ ਲੇਖਿਕਾ ਦੱਸਦੀ ਹੈ ਕਿ "ਉਹ ਅਮੀਰ ਘਰਾਣੇ ਦੀ ਬੇਟੀ ਸੀ ਜੋ ਸ਼ਾਇਰੀ ਦੇ ਉੱਚ ਮੁਕਾਮ ਦੇ ਅੰਬਰ ਵਿਚ ਇਕ ਸਿਤਾਰੇ ਵਾਂਗ ਚਮਕੀ ਸੀ, ਪਰ ਸਿਆਸੀ ਹਾਲਾਤ ਉਸ ਦੇ ਅਨੁਕੂਲ ਨਹੀਂ ਸਨ। ਉਸ ਨੂੰ ਜਲਾਵਤਨ ਕਰ ਦਿੱਤਾ ਗਿਆ।" (ਪੰਨਾ -9)

ਉਸ ਦੀ ਸ਼ਾਇਰੀ ਲੋਕਾਂ ਦੀ ਜੁਬਾਨ ਚੜ ਗਈ, ਜਿਸਨੂੰ ਅੱਧੇ ਅਧੂਰੇ ਟੋਟਿਆਂ ਵਿਚ ਪਹਿਲੀ ਵਾਰ ਸੰਗ੍ਰਹਿ ਕਰਕੇ 1877 ਈ. ਵਿਚ ਲੰਡਨ ਦੀ ਪ੍ਰੈਸ ਨੇ ਛਾਪਿਆ। ਉਹ ਆਪਣੀ ਇਸ਼ਟ ਦੇਵੀ ਅੱਗੇ ਦੁਆ ਮੰਗਦੀ ਕਹਿੰਦੀ ਹੈ ਕਿ :

ਤੂੰ! ਜੋ ਹਮੇਸ਼ਾਂ ਸੀ ਹਮੇਸ਼ਾ ਰਹੇਂਗੀ
ਮੈਂ ਦੁਆ ਮੰਗਣ ਆਈ ਹਾਂ
ਕਿ ਕੋਈ ਵੇਦਨਾ ਕੋਈ ਸੰਤਾਪ
ਮੈਨੂੰ ਤੋੜ ਨਾ ਸਕੇ। (ਪੰਨਾ -9)

ਪਰ ਦੂਸਰੇ ਪਲ ਉਲਾਂਭਾ ਦਿੰਦੀ ਇਉਂ ਕਹਿੰਦੀ ਹੈ -
ਤੂੰ ਚੁੱਪ ਕੀਤੀ ਜਹੀ ਕਦੇ ਨਾ ਪੁੱਛਿਆ
ਕਿ ਸੈਫੋ! ਤੇਰੇ ਸੰਗ ਕੀ ਬੀਤੀ
ਜਾਂ
ਜਦੋਂ ਇਹ ਬੋਲ ਉਚਾਰਦੀ ਹੈ ਕਿ-
ਝਲੀਏ ਕੁੜੀਏ!
ਜਿੱਦੀ ਦਿਲਾਂ ਨੂੰ
ਝੁਕਾਈਦਾ ਨਹੀਂ ਹੁੰਦਾ। (ਪੰਨਾ -10)

ਲੇਖਿਕਾ ਇਕ ਹੋਰ ਇਤਿਹਾਸਕ ਪਾਤਰ ਜੋ ਗਣਿਤ ਵਿਦਿਆ ਦੀ ਮਾਹਰ ਸੀ ਜੋ 415 ਈ. ਵਿਚ ਹੋਈ ਹਿਬਾਤੀਆ ਦੀ ਬੇਰਰਿਮੀ ਨਾਲ ਕੀਤੀ ਹੱਤਿਆ ਦੀ ਕਹਾਣੀ ਬਿਆਨ ਕਰਦੀ ਹੈ ਕਿ ਉਸ ਦਾ ਕਸੂਰ ਸਿਰਫ ਐਨਾ ਸੀ ਕਿ ਰੱਬ ਨੇ ਉਸ ਨੂੰ ਵਧ ਅਕਲ ਤੇ ਇਲਮ ਦੇ ਕੇ ਨਿਵਾਜਿਆ ਸੀ।

ਅੰਮ੍ਰਿਤਾ-ਪ੍ਰੀਤਮ ਇਸ ਪੁਸਤਕ ਵਿਚ ਉਨ੍ਹਾਂ ਜ਼ਹੀਨ ਔਰਤਾਂ ਦੀ ਨਿਸ਼ਾਨਦੇਹੀ ਕਰਦੀ ਹੈ ਜੋ ਅਦਭੁੱਤ ਕਲਾ ਦੀਆਂ ਮਾਲਕ ਸਨ। ਦੁਨੀਆਂ ਦੀ ਪਹਿਲੀ ਜਾਪਾਨੀ ਨਾਵਲਕਾਰਾ ਮੁਰਾਸਾਕੀ ਜੋ 938 ਈ. ਤੋਂ 1026 ਈ. ਵਿਚ ਹੋਈ ਜਿਸ ਦੇ ਅਸਲੀ ਨਾਮ ਦਾ ਥਹੁ ਪਤਾ ਨਹੀਂ, ਗੈਂਜੀ ਦੀ ਕਹਾਣੀ ਦੇ ਮੁੱਖ ਪਾਤਰ ਤੋਂ ਹੀ ਜਾਣੀ ਜਾਂਦੀ ਹੈ। ਕਿਉਂਕਿ ਉਸ ਵੇਲੇ ਦਾ ਸਮਾਜ ਔਰਤ ਨੂੰ ਲਿਖਣ ਪੜ੍ਹਣ ਦੀ ਇਜਾਜ਼ਤ ਨਹੀਂ ਦਿੰਦਾ। ਗੈਂਜੀ ਦੀ ਕਹਾਣੀ ਦੁਨੀਆ ਦਾ ਪਹਿਲਾ ਨਾਵਲ ਕਿਹਾ ਜਾਂਦਾ ਹੈ।

ਕਸ਼ਮੀਰ ਦੀ ਸ਼ਾਇਰਾ ਲਾਲੇਸ਼ਵਰੀ ਜੋ ਸਰਦੇ ਪੁਜਦੇ ਘਰ ਵਿਚ 1335 ਈ. ਵਿਚ ਪੈਦਾ ਹੋਈ, ਜਿਸ ਨੂੰ ਲੋਕ ਸ਼ਿਵਾ-ਯੋਗਿਣੀ ਦੇ ਨਾਮ ਤੋਂ ਜਾਣੂ ਸਨ, ਜੋ ਵਿਆਹੁਤਾ ਜੀਵਨ ਦੇ ਦੁੱਖਾਂ ਕਲੇਸਾਂ ਤੋਂ ਤੰਗ ਆ ਕੇ ਘਰ ਬਾਰ ਤਿਆਗ ਜੰਗਲਾਂ ਵਿਚ ਰਹਿਣ ਲਈ ਮਜਬੂਰ ਹੁੰਦੀ ਹੈ। ਉਸ ਦੇ ਬੋਲ ਬਿਰਹੁ ਭਿਜੇ ਗੀਤਾਂ ਨੂੰ ਲੋਕਾਂ ਨੇ ਵਾਕ ਕਹਿ ਕੇ ਚੇਤੇ ਰੱਖਿਆ, ਜਿਸਨੂੰ 1920 ਈ: ਵਿਚ ਲੰਡਨ ਦੀ ਰਾਇਲ ਏਸੀਐਟਿਕ ਸੋਸਾਇਟੀ ਨੇ ਅੰਗ੍ਰੇਜੀ ਵਿਚ ਛਾਪਿਆ।

ਭਾਰਤ ਦੇਸ਼ ਦੀ ਵੈਰਾਗਣ ਮੀਰਾ ਜੋ ਤੇਰਵੀਂ-ਚੌਦਹਵੀਂ (1498 ਤੋਂ 1547 ਈ.) ਵਿਚ ਰਾਜਸਥਾਨ ਦੇ ਸ਼ਕਤੀਸ਼ਾਲੀ ਰਾਜ ਘਰਾਣੇ ਵਿਚ ਪੈਦਾ ਹੋਈ, ਜਿਸ ਨੇ ਅਧਿਆਤਮਕਤਾ ਦੀਆਂ ਉੱਚ ਮੰਡਲੀ ਉਡਾਰੀਆਂ ਲਾਈਆਂ। ਜੋ ਅਖੌਤੀ ਨੀਵੀਂ ਜਾਤ ਦੇ ਸੰਤ-ਰਵਿਦਾਸ ਜੀ ਦੀ ਸੰਗਤ ਕਰ ਪਰਮ-ਆਤਮਾ ਨੂੰ ਪਛਾਣ ਆਪਣੇ ਆਪ ਦੇ ਆਦਿ-ਕੁੰਵਾਰੀ ਹੋਣ ਦਾ ਰਹੱਸ ਖੋਲਦੀ ਹੈ :

ਸੁਰਤਾ ਸੁਹਾਗਣ ਨਾਰ ਕੂੰਵਾਰੀ ਕਿਉ ਰਹੀ?
ਸਤਿਗੁਰੂ ਮਿਲਿਆ ਨਾਇਹ ਕੂੰਵਾਰੀ ਯੂੰ ਰਹੀ...

(ਪੰਨਾ – 13)

ਰੱਬੀ ਪਿਆਰ ਵਿਚ ਰੰਗੀ ਮੀਰਾ ਲਈ ਬਾਹਰ ਮੁਖੀ ਹਾਦਸੇ ਨਾਗਾਂ ਵਾਂਗ ਉਸ ਦੁਆਲੇ ਲਿਪਟਦੇ ਰਹੇ, ਮਾਰਨ ਦੇ ਅਨੇਕਾਂ ਯਤਨਾਂ ਦੇ ਬਾਵਜੂਦ ਮੀਰਾਂ ਨੂੰ ਜ਼ਹਿਰ ਪਿਆਲੇ ਵੀ ਅੰਮ੍ਰਿਤ ਸਮਾਨ ਲਗੇ, ਰਾਜ ਮਹਿਲਾਂ ਦਾ ਸੁਖ ਤਿਆਗ ਪ੍ਰਭੂ ਭਗਤੀ ਵਿਚ ਲੀਨ ਮੀਰਾਂ ਪੁਕਾਰ ਉਠਦੀ ਹੈ:

ਨਹਿੰ ਮੈਂ ਪੀਹਰ ਸਾਂਸਰੇ, ਨਹਿੰ ਪੀਆ ਜੀ ਸਾਥ,
ਮੀਰਾ ਨੇ ਗੋਬਿੰਦ ਮਿਲਿਆ ਜੀ,
ਗੁਰੂ ਮਿਲਿਆ ਰੈਦਾਸ... (ਪੰਨਾ – 14)

ਕਸ਼ਮੀਰ ਦੇ ਅਨਾਰਾਂ ਦੇ ਫੁੱਲਾਂ ਵਰਗੀ ਨਾਰ ਹੱਬਾ ਖਾਤੂਨ (1550–1615) ਬਾਰੇ ਜ਼ਿਕਰ ਕਰਦੀ ਲੇਖਿਕਾ ਦਸਦੀ ਹੈ ਕਿ ਸਮੇਂ ਦਾ ਸਮਾਜ ਪਿਆਰੀਆਂ ਰੂਹਾਂ ਜੋ ਆਪਣੇ ਪਿਆਰੇ ਦੇ ਰੰਗ ਵਿਚ ਰੰਗੀਆਂ ਹੁੰਦੀਆਂ ਹਨ ਉਹਨਾਂ ਨੂੰ ਇਸ ਧਰਤੀ ਤੇ ਜੀਣ ਨਹੀਂ ਦਿੰਦਾ, ਆਪਣੇ ਪਿਆਰੇ ਪਤੀ ਯੂਸਫ ਸੰਗ ਕੁਦਰਤ ਦੇ ਰੰਗ ਵਿਚ ਭਿਜੇ ਇਸ ਜੋੜੇ ਨੂੰ ਸਮੇਂ ਦਾ ਸਮਾਜ ਵਿਛੋੜ ਦਿੰਦਾ ਹੈ, ਉਸਦੇ ਗੀਤ ਮਨੁੱਖੀ ਮਨ ਦੀ ਸੰਵੇਦਨਾ ਦੀ ਬਾਤ ਪਾਉਂਦੇ ਹਨ। ਹੱਬਾ–ਕਾਲ ਤੋਂ ਪਹਿਲਾਂ ਕਸ਼ਮੀਰੀ ਸ਼ਾਇਰੀ ਰੂਹਾਨੀ ਰੰਗਤ ਵਿਚ ਰੰਗੀ ਹੁੰਦੀ ਸੀ ਪਰ ਹੱਬਾ ਦੀ ਸ਼ਾਇਰੀ ਜ਼ਿੰਦਗੀ ਦੇ ਦੁੱਖਾਂ ਸੁੱਖਾਂ ਦੀ ਬਾਤ ਪਾਉਂਦੀ ਹੈ ਇਸ ਲਈ ਉਸ ਨੂੰ ਅਦਬੀ ਸਾਹਿਤ ਦੀ ਆਦਿ ਸ਼ਾਇਰਾ ਮੰਨਿਆ ਗਿਆ ਹੈ ਜਿਸ ਦੇ ਗੀਤ ਲੋਕਾਂ ਦੀ ਜ਼ੁਬਾਨ ਤੇ ਚੜੇ ਹੋਏ ਹਨ, ਜਿਸ ਨੇ ਕਸ਼ਮੀਰ ਦੇ ਜੰਗਲਾਂ ਵਿਚ ਭਟਕਦਿਆਂ ਗੁਲਮਾਰਗ ਦਾ ਪਹਿਲਾ ਪਤਾ ਕੱਢਿਆ। ਗੁਲਮਾਰਗ ਦੇ ਲੋਕ ਅੱਜ ਵੀ ਇਸ ਨੂੰ ਹੱਬਾ ਖ਼ਾਤੂਨ ਦੀ ਟੇਕਰੀ ਦੇ ਨਾਮ ਤੋਂ ਜਾਣਦੇ ਹਨ।

ਅੰਗ੍ਰੇਜੀ ਲੇਖਿਕਾ ਵਿਰਜੀਨੀਆ ਵੁਲਫ਼ ਔਰਤ ਦੇ ਹੱਕਾਂ ਲਈ ਲੜਨ ਵਾਲੀ ਮੇਰੀ ਵੌਲਸਟੋਨ ਬਾਰੇ ਲਿਖਦੀ ਹੈ ਕਿ ਉਹ ਮਰਦ ਤੇ ਔਰਤ ਦੇ ਸਹਿਹੋਂਦ ਵਾਲੇ ਇਨਸਾਨੀ ਰਿਸ਼ਤੇ ਲਈ ਜੱਦੋ–ਜ਼ਹਿਦ ਕਰਦੀ ਰਹੀ। ਸਦੀਆਂ ਬੀਤ ਜਾਣ ਤੇ ਮਰ ਕੇ ਵੀ ਅਮਰ ਹੋ ਗਈ।

ਅੰਮ੍ਰਿਤਾ ਪ੍ਰੀਤਮ ਇਸ ਪੁਸਤਕ ਵਿਚ ਉਨ੍ਹਾਂ ਵੀਰਾਂਗਣਾ ਦਾ ਜਿਕਰ ਕਰਦੀ ਹੈ ਜਿਨ੍ਹਾਂ ਔਰਤ ਦੀ ਹਸਤੀ ਨੂੰ ਪਹਿਚਾਣਿਆ ਅਤੇ ਸਮਾਜ ਦੇ ਉੱਜਵਲ ਭਵਿਖ ਲਈ ਗਿਆਨ ਦੀ ਰੌਸਨੀ ਦੀ ਇਕ ਕਿਰਨ ਲਈ ਔਝੜ ਰਾਹੇ ਪਈਆਂ। ਫਰਾਂਸ ਦੀ ਮਸ਼ਹੂਰ ਲੇਖਿਕਾ ਥੀਏਟਰ ਤੇ ਸਾਹਿਤਕ ਰੁਚੀਆਂ ਨੂੰ ਜਨੂੰਨ ਦੀ ਹਦ ਤਕ ਪਾਉਣ ਵਾਲੀ ਜਾਰਜ ਸੈਂਡ (1804–1876) ਤੇ ਗਰੀਕ ਸੁੰਦਰੀ ਕਾਲਿਪਸੇ ਵਰਗੀਆਂ ਔਰਤਾਂ ਨੇ ਖੁੱਲੇ ਸਲੇਟੀ ਰੰਗ ਦਾ ਮਰਦਾਵਾਂ ਲਿਬਾਸ ਧਾਰਨ ਕਰ ਅੱਧੀ ਅੱਧੀ ਰਾਤ ਫਕੀਰੀ ਦੇ ਆਲਮ ਵਿਚ ਸੜਕਾਂ ਤੇ ਘੁੰਮਣਾ, ਬੰਦਿਆਂ ਵਾਂਗ ਥੀਏਟਰ ਦੇਖਣਾ, ਗਿਰਜਾ ਘਰਾਂ ਵਿਚ ਪਨਾਹ ਲੈਣੀ ਜਿਥੇ ਔਰਤ ਨੂੰ ਜਾਣਾ ਵਰਜਿਤ ਸੀ। ਮੌਤ ਤੋਂ ਬਾਅਦ ਹੀ ਲੋਕ ਉਨ੍ਹਾਂ ਨੂੰ ਇਸਤਰੀ ਜਾਣ ਸਕੇ। ਸਮੇਂ ਦੇ ਸਮਾਜ ਤੇ ਇਹ ਔਰਤਾਂ ਤਗੜਾ ਵਿਅੰਗ ਕਸਦੀਆਂ ਹਨ। ਲੇਖਿਕਾ ਲਿਖਦੀ ਹੈ ਕਿ ਦਰਵੇਸ਼ਾਂ ਫਕੀਰਾਂ ਦੀ ਕੋਈ ਜਾਤ ਜਾਂ ਮਜ਼ਹਬ ਨਹੀਂ ਹੁੰਦਾ। ਪੱਤਰਕਾਰੀ ਨਾਲ ਜਨੂੰਨ ਦੀ ਹੱਦ ਤੱਕ ਇਸ਼ਕ ਕਰਨ ਵਾਲੀ ਪਹਿਲੀ ਅਮਰੀਕਨ ਪੱਤਰਕਾਰ ਐਨੀ ਰਾਇਲ ਜਿਸ ਨੇ ਪ੍ਰੈਜ਼ੀਡੈਂਟ ਦੀ ਇੰਟਰਵਿਊ ਲਈ, ਜਦੋਂ ਕਿ ਉਸ ਦੇਸ਼ ਦੇ ਕਾਨੂੰਨ ਵਿਚ ਪ੍ਰੈਜ਼ੀਡੈਂਟ ਕਿਸੇ ਨੂੰ ਇੰਟਰਵਿਊ ਨਹੀਂ ਦੇ ਸਕਦਾ। ਉਹ ਆਪਣੀ ਚੇਤਨਾ ਦੀ ਸੂਝ ਨਾਲ ਇਸ ਕੰਮ ਵਿਚ ਸਫਲਤਾ ਹਾਸਲ ਕਰਦੀ ਹੈ। ਨੋਬਲ ਇਨਾਮ ਜੇਤੂ ਜਰਮਨ ਸ਼ਾਇਰਾ ਨੈਲੀਸਾਜ਼ (1891–1970) ਨਾਜ਼ੀਆ ਵਲੋਂ ਕੀਤੇ ਕਤਲੋ ਗਾਰਤ ਦੀ ਚਸ਼ਮ ਦੀਦ ਗਵਾਹ ਲਿਖਦੀ ਹੈ ਕਿ–

ਤੇਰੀਆਂ ਅੱਖਾਂ ਨੇ ਲੋਕਾਂ ਨੂੰ ਕਤਲ ਹੁੰਦੇ ਵੇਖਿਆ।
ਜਿਉਂ ਕਿਸੇ ਦੀ ਨਜ਼ਰ ਨੂੰ ਕੋਈ ਪਿਠ 'ਤੇ
ਮਹਿਸੂਸ ਕਰਦਾ ਹੈ। (ਪੰਨਾ–27)

ਅੰਮ੍ਰਿਤਾ–ਪ੍ਰੀਤਮ ਇਕੋ ਵੇਲੇ ਇਤਿਹਾਸ–ਮਿਥਹਾਸ ਫਰੋਲਦੀ ਮਨ ਦੀਆਂ ਚੇਤਨ ਅਵਚੇਤਨ ਤਹਿਆਂ ਫਰੋਲਦੀ ਖ਼ਦੀਜਾ ਦੇ ਦੇਸ ਦੀ ਗਜ਼ਦਰ ਵਰਗੀਆਂ ਉਨ੍ਹਾਂ ਔਰਤਾਂ ਦੇ ਸਨਮੁਖ ਹੁੰਦੀ ਹੈ ਜਿੰਨ੍ਹਾਂ ਨੇ ਕਿ ਸੜਕਾਂ ਤੇ ਉੱਤਰ ਕੇ ਅੰਦੋਲਨ ਦੇ ਰੂਪ ਵਿਚ ਪਹਿਲੀ ਵਾਰ ਆਪਣੇ ਆਪ ਨੂੰ ਇਨਸਾਨ ਹੋਣ ਦੀ ਜੁਰਅਤ ਕੀਤੀ।

ਤੁਸੀਂ ਮੇਰੇ ਇਨਸਾਨ ਹੋਣ ਦਾ ਦਰਜਾ ਖੋਂਹਦੇ ਹੋ?
ਜਾਓ ਮੈਂ ਤੁਹਾਨੂੰ ਜਨਮ ਦੇਣ ਤੋਂ
ਇਨਕਾਰ ਕਰਦੀ ਹਾਂ– (ਪੰਨਾ–44)

ਅੰਮ੍ਰਿਤਾ ਇਨ੍ਹਾਂ ਅੰਸ਼ਿਕ ਜੀਵਨੀਨੁਮਾ ਰਚਨਾਵਾਂ ਰਾਹੀਂ ਇਕ ਅਜਿਹਾ ਬਿਰਤਾਂਤ ਸਿਰਜਦੀ ਹੈ ਜੋ ਪੂਰੀ ਔਰਤ ਜਾਤੀ ਦੀ ਪ੍ਰਤੀਨਿਧਤਾ ਕਰਦੀ ਦਿਖਾਈ ਦਿੰਦੀ ਹੈ। ਜਦੋਂ ਉਹ ਗਜ਼ਦਰ ਨੂੰ ਸੰਬੋਧਨ ਹੋ ਕਹਿੰਦੀ ਹੈ ਕਿ "ਤੂੰ ਮੇਰੀ ਦ੍ਰੋਪਤੀ ਦੇ ਦੇਸ਼ ਦੀਆਂ ਉਨ੍ਹਾਂ ਔਰਤਾਂ ਨੂੰ ਆਪਣੀ ਗਿਣਤੀ ਵਿਚ ਸ਼ਾਮਲ ਕਰ, ਜੋ ਭਰੀ ਸਭਾ ਵਿਚ ਜੂਏ ਵਿਚ ਖੇਡੀਆਂ ਗਈਆਂ ਤੇ ਅੱਜ ਦੀਆਂ ਦ੍ਰੋਪਤੀਆਂ ਵਿਆਹ ਮੰਡਲਾਂ ਵਿਚ ਇਕ ਕੀਮਤੀ ਵਸਤੂ ਵਾਂਗ ਖੇਡੀਆਂ ਜਾਂਦੀਆਂ ਹਨ, ਤੇ ਭਿਖਿਆ ਦੀ ਵਸਤੂ ਵਾਂਗ ਦਾਨ ਕੀਤੀਆਂ ਜਾਂਦੀਆਂ ਹਨ।" 'ਦਾਨ' ਪ੍ਰਵਿਰਤੀ ਜੋ ਅੱਜ ਵੀ 21ਵੀਂ ਸਦੀ ਵਿਚ ਭਾਰੂ ਹੈ, ਅੰਧ ਵਿਸਵਾਸ ਕਮਜ਼ੋਰ ਮਾਨਸਿਕਤਾ ਜ਼ਰਜ਼ਰ ਹੋਈਆਂ ਰੂੜੀਆਂ, ਸੱਤਾ ਤੇ ਕਾਬਜ ਧਿਰ ਦਾ ਕੂੜ ਪ੍ਰਚਾਰ ਵਿਗਿਆਨਕ ਦ੍ਰਿਸ਼ਟੀ ਤੋਂ ਕੋਹਾਂ ਦੂਰ ਅਜਿਹੀਆਂ ਅਨੇਕਾਂ ਅੰਧੇਰੀਆਂ ਕੰਦਰਾਂ ਵਿਚ ਬੈਠੀਆਂ ਬ੍ਰਿੰਦਾਬਨ ਦੀਆਂ ਦਾਸੀਆਂ ਨੂੰ ਰੌਸ਼ਨੀ ਦੀ ਕਿਰਨ ਦਿਖਾਉਣ ਵਾਲੀ ਅਸਮੀ ਸੁੰਦਰੀ ਇੰਦਰਾ ਗੋਸਵਾਮੀ ਦਾ ਜਿਕਰ ਕਰਦੀ ਲੇਖਿਕਾ ਲਿਖਦੀ ਹੈ ਕਿ ਇਸ ਕਾਇਨਾਤ ਪਿਛੇ ਜਿਹੜੀ ਕੋਈ ਮਹਾਂ ਸ਼ਕਤੀ ਕੰਮ ਕਰਦੀ ਹੈ ਜੋ ਇਨਸਾਨੀ ਪਕੜ ਵਿਚ ਨਹੀਂ ਆਉਂਦੀ, ਉਸਦਾ ਤਜੁਰਬਾ ਜਿੰਨ੍ਹਾਂ ਲੋਕਾਂ ਨੂੰ ਹੁੰਦਾ ਹੈ ਉਨ੍ਹਾਂ ਵਿਚੋਂ ਇੰਦਰਾ ਗੋਸਵਾਮੀ ਇੱਕ ਸੀ। ਐਸੀ ਪਿਆਰੀ

## ਕਹਿੰਦੇ ਸਨ ਪੁਰਖੇ / ਖੇਮਕਰਨ ਸੋਮਨ



ਥੋੜ੍ਹਾ ਜਿਹਾ
ਦਰਦ ਆਇਆ
ਕਿਸਾਨ ਦੇ ਹਿੱਸੇ ਵਿੱਚ
ਥੋੜਾ ਜਿਹਾ ਦਰਦ
ਮਿੱਟੀ ਦੇ ਹਿੱਸੇ ਵਿੱਚ
ਥੋੜਾ ਜਿਹਾ ਦਰਦ
ਹਵਾ, ਪਾਣੀ,
ਹਲ, ਬੈਲ, ਬੀਜ ਤੇ
ਉਗਦੀਆਂ
ਫਸਲਾਂ ਦੇ ਹਿੱਸੇ

ਥੋੜਾ ਜਿਹਾ
ਦਰਦ ਆਇਆ
ਰੁੱਤਾਂ ਦੇ ਹਿੱਸੇ
ਥੋੜਾ ਜਿਹਾ ਦਰਦ
ਬੱਦਲਾਂ ਦੇ ਹਿੱਸੇ
ਥੋੜਾ ਜਿਹਾ

ਦਰਦ ਆਇਆ
ਵਕਤ ਦੇ
ਹਿੱਸੇ ਵਿੱਚ ਵੀ

ਇਸ ਤਰ੍ਹਾਂ
ਵੰਡਿਆ ਗਿਆ ਦਰਦ
ਕਈ ਥਾਵਾਂ ਤੇ
ਕਈ ਕਈ ਹਿੱਸਿਆਂ ਵਿੱਚ
ਬਸ ਥੋੜਾ ਥੋੜਾ ਕਰ ਕੇ

ਉਸਦੇ ਬਾਅਦ
ਬਹੁਤ ਅਨਾਜ
ਆਇਆ ਘਰ ਵਿੱਚ
ਫੁੱਲ ਸੁਪਨੇ
ਖਿੜ ਉੱਠੇ
ਮਨ ਵਿੱਚ
ਉਰਜਾ ਵਸੀ
ਰਹੀ ਤਨ ਵਿੱਚ

ਕਹਿੰਦੇ ਸਨ ਪੁਰਖੇ
ਵੰਡਿਆ ਜਾਂਦਾ ਹੈ
ਦਰਦ ਜਦੋਂ
ਉਦੋਂ ਦਰਦ...
ਦਰਦ ਨਹੀਂ ਰਹਿੰਦਾ।

**ਅਨੁ: ਅ.ਕ.**

ਮੁਹੱਬਤੀ ਰੂਹ ਨੂੰ ਸਾਡੇ ਵਿਚੋਂ ਬਹੁਤਿਆਂ ਨੇ ਦਿੱਲੀ ਯੂਨੀਵਰਸਿਟੀ ਵਿਚ ਸੁਣਿਆ ਤੇ ਸਾਖਿਆਤ ਦੇਖਿਆ ਹੈ।

ਅੱਜ ਦੀ ਸਵਿਤੱਰੀ ਦੇ ਰੂਪ ਵਿਚ ਮਨਜੀਤ ਟਿਵਾਣਾ ਬਾਰੇ ਅੰਮ੍ਰਿਤਾ ਲਿਖਦੀ ਹੈ ਕਿ ਜਦੋਂ ਉਹ ਆਪਣੇ ਸੱਤਿਆਵਾਨ ਨੂੰ ਸੁਆਲ ਕਰਦੀ ਹੈ ਕਿ:

ਮੈਂ ਕਿੰਨੇ ਅੰਧਕਾਰ ਚੀਰਦੀ,
ਰੌਸ਼ਨੀ ਦੀ ਤਿਹਾਈ,
ਮੈਂ ਇਕ ਕਾਲੀ ਨਦੀ ਹਾਂ,
ਇਕ ਉਦਾਸ ਸਦੀ ਹਾਂ
ਵੀਹਵੀਂ ਸਦੀ ਜੋ ਬਿਨ੍ਹਾਂ ਸੱਚ ਦੇ ਮਰ ਜਾਏਗੀ।
(ਪੰਨਾ-75)

ਆਖਿਰ ਵਿਚ ਰਾਬੀਆ ਦੀ ਸੂਈ ਦੇ ਪ੍ਰਸੰਗ ਵਿਚ ਪੰਜਾਬੀ ਸ਼ਾਇਰਾ ਪਾਲ ਕੌਰ ਨੂੰ ਅੰਮ੍ਰਿਤਾ ਰਾਬੀਆ ਦੀ ਜਾਤ ਦੇ ਲੋਕਾਂ ਵਿਚ ਸ਼ੁਮਾਰ ਕਰਦੀ ਕਹਿੰਦੀ ਹੈ ਕਿ ਇਹ ਜ਼ਹੀਨ ਬੁੱਧੀ ਦੇ ਲੋਕ ਆਪਣੀ ਗੱਲ ਸੈਨਤਾਂ ਨਾਲ ਕਰਦੇ ਹਨ :

ਸਿਰਜਕ ਤਾਂ ਬ੍ਰਹਮ ਹੁੰਦਾ ਹੈ-

ਪਰ ਸਿਰਜਣ ਪਲਾਂ ਵਿਚ ਸਾਡੇ ਜ਼ੇਹਨ ਵਿਚ ਫੈਲੀ ਹੁੰਦੀ ਹੈ ਰੋਟੀ, ਕੋਈ ਦੌੜ ਜਾਂ ਕੋਈ ਤਗਮਾ...(ਪੰਨਾ-96)

ਇਉਂ ਅਸੀਂ ਇਸ ਪੁਸਤਕ ਦੇ ਅਧਿਐਨ ਤੋਂ ਬਾਦ ਇਹ ਕਹਿ ਸਕਦੇ ਹਾਂ, ਅੰਮ੍ਰਿਤਾ ਦੇ ਜੀਵਨ ਦੇ ਤਿੰਨ ਪੱਧਰਾਂ ਵਿਚ ਉਸਦੀਆਂ ਰਚਨਾਵਾਂ ਦਾ ਜੋ ਸੰਸਾਰ ਸਾਡੇ ਸਾਹਮਣੇ ਉਘੜਦਾ ਹੈ ਉਸ ਵਿਚ ਨਿਰੰਤਰ ਵਿਕਾਸ ਦੀ ਪ੍ਰਕਿਰਿਆ ਦਿਖਾਈ ਦਿੰਦੀ ਹੈ। ਆਖਰੀ ਪੜਾਅ ਦੀਆਂ ਪੁਸਤਕਾਂ "ਦਰਵੇਸ਼ਾਂ ਦੀ ਮਹਿੰਦੀ", "ਕਾਲ ਚੇਤਨਾ" ਰਾਹੀਂ ਅੰਤਰ ਮਨ ਦੀਆਂ ਬਾਤਾਂ ਪਾਉਂਦੀ ਸੁਪਨਿਆਂ ਦਾ ਸ਼ੰਸਾਰ ਸਿਰਜਦੀ ਇਮਰੋਜ਼ ਨੂੰ ਸੰਬੋਧਨ ਹੁੰਦੀ ਉਸ ਦੇ ਹੱਥੋਂ ਚਾਹ ਦਾ ਪਿਆਲਾ ਪੀ ਕਹਿੰਦੀ ਕਿ ਇਮਰੋਜ਼ ਤੂੰ ਹਰ ਔਰਤ ਜਾਤ ਨੂੰ ਜਾਗਣ ਵਾਲੀ ਚਾਹ ਦਾ ਇਕ ਪਿਆਲਾ ਦੇ ਦੇ।

### ਸਹਾਇਕ ਪੁਸਤਕ ਸੂਚੀ


1. ਪ੍ਰੀਤਮ ਅੰਮ੍ਰਿਤਾ, ਬੁਰੇ ਸਿਆਲਾਂ ਦੇ ਮਾਮਲੇ, ਸ਼ਿਲਾ ਲੇਖ, ਦਿੱਲੀ, 2016.
2. ਪ੍ਰੀਤਮ ਅੰਮ੍ਰਿਤਾ, ਕਾਲ ਚੇਤਨਾ, ਸ਼ਿਲਾ ਲੇਖ, ਦਿੱਲੀ, 2009.
3. ਪ੍ਰੀਤਮ ਅੰਮ੍ਰਿਤਾ, ਦਰਵੇਸ਼ਾਂ ਦੀ ਮਹਿੰਦੀ, ਸ਼ਿਲਾ ਲੇਖ, ਦਿੱਲੀ, 2016



**ਐਸੋਸੀਏਟ ਪ੍ਰੋਫੈਸਰ**
**ਸ੍ਰੀ ਗੁਰੂ ਨਾਨਕ ਦੇਵ ਖ਼ਾਲਸਾ ਕਾਲਜ,**
**ਦਿੱਲੀ ਯੂਨੀਵਰਸਿਟੀ**

# ਜਸਵੰਤ ਜ਼ਫ਼ਰ ਦੀ ਕਵਿਤਾ ਵਿੱਚ ਅਧਿਆਤਮਵਾਦ ਤੋਂ ਨਵ-ਰਹੱਸਵਾਦ ਦਾ ਸਫਰ /

## ਹਰਪ੍ਰੀਤ ਸਿੰਘ

ਅਧਿਆਤਮਵਾਦੀ ਕਵਿਤਾ ਦਾ ਪ੍ਰਮੁੱਖ ਪ੍ਰਯੋਜਨ ਬ੍ਰਹਮ, ਸ੍ਰਿਸ਼ਟੀ ਤੇ ਜੀਵਨ ਸਬੰਧੀ ਰਹੱਸਾਂ ਨੂੰ ਸਹਿਜਤਾ ਭਰੇ ਲਹਿਜੇ ਵਿਚ ਪਾਠਕਾਂ ਤੱਕ ਪਹੁੰਚਾਉਣਾ ਹੈ। ਕੋਈ ਵੀ ਕਵੀ ਜਿੰਨੇ ਸੂਖ਼ਮ ਢੰਗ ਨਾਲ ਇਹ ਪੇਸ਼ਕਾਰੀ ਕਰ ਸਕਦਾ ਓਨੀ ਹੀ ਉਸਦੀ ਕਵਿਤਾ ਸਫ਼ਲ ਸਮਝੀ ਜਾਂਦੀ ਹੈ। ਜ਼ਫ਼ਰ ਦੀ ਕਵਿਤਾ ਮੁੱਖ ਰੂਪ ਵਿਚ ਪਾਠਕ ਨੂੰ ਧਾਰਮਿਕ ਅੰਧਵਿਸ਼ਵਾਸ, ਕਰਮਕਾਂਡ, ਮਿਥਿਕ/ਪਰਭੌਤਿਕ ਤੇ ਆਧਾਰਹੀਣ ਅਧਿਆਤਮਵਾਦੀ ਧਾਰਨਾਵਾਂ ਵਿਚੋਂ ਕੱਢ ਕੇ ਤਰਕਮਈ ਢੰਗ ਨਾਲ ਨਵ-ਰਹੱਸਵਾਦੀ ਗਿਆਨ ਨਾਲ ਪਾਠਕ ਦੀ ਸਾਂਝ ਪਵਾਉਂਦੀ ਹੈ। ਇਹ ਵੀ ਜ਼ਰੂਰੀ ਹੈ ਕਿ ਇਹ ਕਵਿਤਾ ਸੂਝਵਾਨ ਪਾਠਕ ਦੀ ਮੰਗ ਕਰਦੀ ਹੈ। ਜਸਵੰਤ ਜ਼ਫ਼ਰ ਹੁਣ ਤੱਕ ਪੰਜ ਪੁਸਤਕਾਂ ਪੰਜਾਬੀ ਸਹਿਤ ਦੀ ਝੋਲੀ ਪਾ ਚੱਕਾ ਹੈ। ਉਸਦੀ ਪਹਿਲੀ ਪੁਸਤਕ 'ਦੋ ਸਾਹਾਂ ਵਿਚਕਾਰ' 1993 ਵਿੱਚ ਪ੍ਰਕਾਸ਼ਤ ਹੋਈ। ਇਸ ਤੋਂ ਬਾਅਦ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' 2001 ਵਿੱਚ, 'ਸਿਖੁ ਸੋ ਖੋਜਿ ਲਹੈ' 2007 ਅਤੇ 'ਇਹ ਬੰਦਾ ਕੀ ਹੁੰਦਾ' 2010 ਵਿੱਚ ਅਤੇ 'ਮੈਨੂੰ ਇਉਂ ਲੱਗਿਆ' 2015 ਵਿੱਚ ਪ੍ਰਕਾਸ਼ਤ ਹੋਈ। ਜਸਵੰਤ ਜ਼ਫ਼ਰ ਕਿੱਤੇ ਵਜੋਂ ਇਕ ਇੰਜੀਨੀਅਰ ਹੈ ਇਸ ਲਈ ਉਸ ਦੀ ਕਵਿਤਾ ਵਿੱਚ ਅਧਿਆਤਮਵਾਦੀ ਪ੍ਰਵਿਰਤੀ ਤੇ ਤਰਕ ਅਤੇ ਵਿਗਿਆਨ ਵੀ ਨਾਲੋਂ-ਨਾਲ ਚੱਲਦੇ ਹਨ, ਪਰ ਉਹ ਆਪਣੀ ਕਵਿਤਾ ਵਿੱਚ ਨਵ -ਰਹੱਸਵਾਦੀ ਪ੍ਰਭਾਵ ਨੂੰ ਵੀ ਨਾਲ ਲੈ ਕੇ ਚੱਲਦਾ ਹੈ, ਜਿਸ ਕਾਰਨ ਉਹ ਆਪਣੀ ਕਵਿਤਾ ਵਿਚ ਅਧਿਆਤਮਵਾਦੀ ਪ੍ਰਭਾਵ ਨੂੰ ਆਧੁਨਿਕ ਪਰਿਪੇਖ ਵਿੱਚ ਰੱਖ ਕੇ ਉਭਾਰਦਾ ਹੈ। ਉਸ ਦੀ ਕਵਿਤਾ ਪਾਠਕ ਨੂੰ ਮਨੋਵਿਗਿਆਨਕ ਸਤਰ ਤੇ ਝੰਜੋੜਦੀ ਹੋਈ ਨਵ-ਰਹੱਸਵਾਦੀ ਪ੍ਰਭਾਵ ਹੇਠ ਰੂੜ੍ਹੀਆਂ ਅਤੇ ਮਿੱਥਾਂ ਨੂੰ ਵਿਅੰਗਾਤਮਕ ਤਰੀਕੇ ਨਾਲ ਤੋੜਦੀ ਹੋਈ ਨਵੇਂ ਅਰਥ ਸਿਰਜਦੀ ਹੈ। ਜਸਵੰਤ ਜ਼ਫ਼ਰ ਇਕ ਕਵੀ, ਵਾਰਤਕਕਾਰ, ਕਾਰਟੂਨਿਸਟ ਚਿੱਤਰਕਾਰ ਅਤੇ ਫੋਟੋਗ੍ਰਾਫੀ ਆਦਿ ਦੇ ਗੁਣਾਂ ਨਾਲ ਭਰਪੂਰ ਇਕ ਬਹੁਪੱਖੀ ਸ਼ਖਸੀਅਤ ਦਾ ਮਾਲਕ ਹੈ। ਉਸ ਦੀ ਚਿੱਤਰਕਾਰੀ ਵਿੱਚ ਵੀ ਅਧਿਆਤਮਵਾਦੀ ਪ੍ਰਭਾਵ ਦੇ ਦਰਸ਼ਨ ਹੁੰਦੇ ਹਨ। ਉਸ ਦੀ ਪਹਿਲੀ ਪੁਸਤਕ 'ਦੋ ਸਾਹਾਂ ਵਿਚਕਾਰ' 16 ਨਜ਼ਮਾਂ, 16 ਗਜ਼ਲਾਂ ਅਤੇ 4 ਗੀਤਾਂ ਦਾ ਸੰਗ੍ਰਿਹ ਹੈ, ਜਿਸ ਵਿੱਚ ਪੰਜਾਬ ਦੇ ਸੰਤਾਪ ਅਤੇ ਇਸ ਨਾਲ ਸੰਬੰਧਤ ਕਵਿਤਾ ਦੇ ਵਿਅੰਗ ਰੂਪ ਵਿੱਚ ਅਜਿਹੀ ਸ਼ਿੱਦਤ ਅਖ਼ਤਿਆਰ ਕਰਦਾ ਹੈ ਕਿ ਜਿਸ ਵਿੱਚ ਨਵ-ਰਹੱਸਵਾਦੀ ਪ੍ਰਭਾਵ ਕਾਰਨ ਬਾਬਾ ਨਾਨਕ ਦੇ ਪ੍ਰੱਚਲਿਤ ਸ਼ਾਂਤ ਸਰਵਰੀ ਸਰੂਪ ਦੇ ਵਿਪਰਿਤ 'ਅਸਲੀ ਨਾਨਕ ਦੀ ਤਸਵੀਰ ਦਾ ਧਿਆਨ' ਸਾਨੂੰ ਵਿੱਸਰ ਗਏ ਨਾਨਕ ਦਾ ਅਹਿਸਾਸ ਕਰਵਾਉਂਦਾ ਹੈ। ਜਿਨ੍ਹਾਂ ਜੀਵਨ ਮੁੱਲਾਂ ਤੇ ਕਦਰਾਂ-ਕੀਮਤਾਂ ਨੂੰ ਰੱਦ ਕਰ ਨਾਨਕ ਨੇ ਉਦਾਸੀਆਂ ਦੇ ਪੈਂਡੇ ਤਹਿ ਕੀਤੇ ਤੇ ਲੋਕਾਈ ਨੂੰ ਇਕ ਨਵੇਂ ਰਾਹ ਤੋਰਿਆ, ਅੱਜ ਉਹੀ ਲੋਕਾਈ ਦੇ ਵਾਰਸ ਨਾਨਕ ਦੇ ਮੂਲ ਵਿਧਾਨ ਤੋਂ ਇੰਨੀ ਕੁ ਦੂਰ ਆ ਚੁੱਕੇ ਹਨ ਕਿ ਨਾਨਕ ਨਾਮ ਨੂੰ ਅੱਜ ਉਨ੍ਹਾਂ ਮਾਤਰ ਇਕ ਜਨੇਊ ਬਣਾ ਗਲ ਵਿੱਚ ਪਾ ਲਿਆ ਹੈ। ਡਾ.ਸਰਬਜੀਤ ਸਿੰਘ ਆਪਣੀ ਪੁਸਤਕ 'ਪਰੰਪਰਾ ਤੇ ਪ੍ਰਵਾਹ' ਵਿਚ ਜਸਵੰਤ ਜ਼ਫ਼ਰ ਦੀ ਰਚਨਾ ਸੰਬੰਧੀ ਲਿਖੇ ਲੇਖ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ': ਪਰੰਪਰਾ ਅਤੇ ਸੰਵਾਦ" ਵਿਚ ਲਿਖਦਾ ਹੈ ਕਿ:

"ਜਸਵੰਤ ਜ਼ਫ਼ਰ ਧਰਮ-ਤੰਤਰ ਦੀ ਆੜ ਵਿਚ ਪਲ ਰਿਹਾ ਉਹ ਭ੍ਰਿਸ਼ਟ ਤੱਤ ਉਜਾਗਰ ਕਰਦਾ ਹੈ ਜਿਸਨੇ ਧਰਮ ਨੂੰ ਸਭਿਆਚਾਰਕ ਵਿਵੇਕ ਤੋਂ ਵਿਰਵਿਆਂ ਕਰਕੇ ਮਹਿਜ਼ ਇਕ ਹੱਥਕੰਢਾ ਬਣਾ ਦਿੱਤਾ ਹੈ। ਧਰਮ ਦੇ ਵਿਸ਼ਾਲ ਅਰਥ ਜਿਸ ਵਿਚ ਮਾਨਵ-ਹਿੱਤ ਮਾਨਵੀ ਹੋਂਦ ਦੇ ਸਰਾਗਰਭਿਤ ਅਰਥ ਸ਼ਾਮਲ ਹਨ, ਉਹਨਾਂ ਨੂੰ ਪਰੇ ਰੇ ਧੱਕ ਕੇ ਸੱਤਾ ਨੇ ਉਸ ਨੂੰ ਮਹਿਜ਼ ਆਪਣੀ ਤਾਕਤ ਦੇ ਕਵਚ ਦਾ ਰੂਪ ਦੇ ਦਿੱਤਾ ਹੈ। ਉਸ ਭਰਮ-ਚੇਤਨਾ ਨੂੰ ਤੋੜਨਾ ਜ਼ਫ਼ਰ ਦੀ ਕਵਿਤਾ ਦੀ ਪਹਿਲੀ ਜ਼ਿੰਮੇਵਾਰਾਨਾ ਦਲੇਰੀ ਹੈ।"1

ਜਫ਼ਰ ਦੀ ਕਵਿਤਾ ਵਿੱਚ ਬੰਦੇ ਦੀ ਤਲਾਸ਼ ਹੈ। ਆਦਰਸ਼ ਬੰਦੇ ਦੇ ਬਿੰਬ ਹਨ, ਪਰ ਇਹ ਤਲਾਸ਼ ਹੋਂਦ ਅਤੇ ਪਛਾਣ ਸਮਕਾਲੀ ਪ੍ਰਸੰਗ ਦੇ ਅਰਥਾਂ ਵਿੱਚ ਹੈ। ਜ਼ਫਰ ਦੀ ਕਵਿਤਾ ਵਿਚਾਰਧਾਰਾ ਦਾ ਅਨੁਸਰਨ ਕਰਦੀ ਹੈ, ਪਰ ਨਾਲ ਦੇ ਨਾਲ ਅੱਜ ਦੇ ਸਿੱਖ ਦੇ ਕਿਰਦਾਰ ਉੱਪਰ ਚੋਟ ਵੀ ਕਰਦੀ ਹੈ। ਉਹ ਸਿੱਖ ਮਰਿਆਦਾ ਅਤੇ ਸਿਧਾਂਤਾਂ ਨੂੰ ਦਾਇਰਿਆਂ ਵਿੱਚ ਸੀਮਤ ਕਰਨ ਦੀ ਵਿਰੋਧਤਾ ਕਰਦਾ ਹੈ। ਉਸਦੀ ਕਵਿਤਾ ਅਧਿਆਤਮਕ ਪਰਭਾਵ ਤੋਂ ਪੂਰੀ ਤਰਾਂ ਪ੍ਰਭਾਵਤ ਹੈ ਅਤੇ ਗੁਰਮਤਿ ਦੇ ਸੰਦੇਸ਼ ਨੂੰ ਅਸਲ ਵਿੱਚ ਗੁਰਸਿੱਖਾਂ ਤੱਕ ਪਹੁੰਚਾਉਣ ਲਈ ਯਤਨਸ਼ੀਲ ਪ੍ਰਤੀਤ ਹੁੰਦੀ ਹੈ। ਕਵੀ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਕਵਿਤਾ ਵਿੱਚ ਨਵ-ਰਹੱਸਵਾਦੀ ਪ੍ਰਭਾਵ ਕਾਰਨ ਲਿਖਦਾ ਹੈ ਕਿ:

ਨਾਨਕ ਤਾਂ ਪਹਿਲੇ ਦਿਨ ਹੀ
ਵਿਦਿਆਲੇ ਨੂੰ
ਵਿਦਿਆ ਦੀ ਵਲਗਣ ਨੂੰ
ਰੱਦ ਕੇ ਘਰ ਮੁੜੇ
ਘਰ ਮੁੜੇ ਘਰੋਂ ਜਾਣ ਲਈ
ਘਰੋਂ ਗਏ ਘਰ ਨੂੰ ਵਿਸਥਾਰਨ ਲਈ
ਵਿਸ਼ਾਲਣ ਲਈ
ਅਸੀਂ ਨਾਨਕ ਵਾਂਗ ਵਿਦਿਆਲੇ ਨੂੰ ਨਾਕਾਰ ਨਹੀਂ

ਸਕਦੇ"2

ਮਸਾਂ ਮਸਾਂ ਰੱਬ ਤੋਂ ਲਏ ਨਿਆਣੇ

ਹੱਥੋਂ ਨਹੀਂ ਗੁਆਉਣੇ ਅਸੀਂ ਅਸਲੀ ਨਾਨਕ ਦੀ ਤਸਵੀਰ ਦਾ ਧਿਆਨ ਨਹੀਂ ਧਰ ਸਕਦੇ

ਮਾਫ਼ ਕਰਨਾ।"3

ਇਹਨਾਂ ਸਤਰਾਂ ਵਿੱਚ ਕਵੀ ਨੇ 'ਘਰ' ਅਤੇ 'ਨਿਆਣੇ' ਸ਼ਬਦਾਂ ਨੂੰ ਸਾਡੀ ਨਾਨਕਸ਼ਾਹੀ ਮੁੱਲਾਂ ਪ੍ਰਤਿ ਪ੍ਰਤਿਬੱਧਤਾ ਦੀਆਂ ਹੱਦਬੰਦੀਆਂ ਨੂੰ ਵੀ ਦਰਸਾਇਆ ਹੈ ਅਤੇ ਪੈਰਾਂ 'ਚ ਪਏ ਨਿਆਣੇ (ਬੇੜੀਆਂ ਜਾਂ ਜੰਜ਼ੀਰਾਂ) ਵੀ। ਅੱਜ ਦਾ ਮਨੁੱਖ ਸਵਾਰਥੀ ਹੋ ਗਿਆ ਹੈ ਅਤੇ ਪ੍ਰਤਿਬੱਧਤਾ ਦਾ ਸੁੰਗੜ ਕੇ ਕੰਧਾਂ ਅੰਦਰ ਨਿੱਰ ਕੇ ਬਹਿ ਜਾਣਾ ਸਮਾਜ ਦੀ ਨਿਊਕਲੀਅਗਈਜੇਸ਼ਨ ਹੈ। ਇਨ੍ਹਾਂ ਹੱਦਬੰਦੀਆਂ ਅੰਦਰ 'ਖੈਰ', 'ਸੁੱਖ' ਅਤੇ 'ਸ਼ਾਂਤੀ' ਘੁੱਗ ਵੱਸਦੀ ਹੈ ਤੇ ਇਨ੍ਹਾਂ ਘੁੱਗ ਵਸਦੇ ਡੇਰਿਆਂ ਵਿੱਚ ਹੁਣ ਉਜੜਨ ਦੇ ਸਮਰੱਥ ਦੀ ਚੇਤਨਾ ਵੀ ਗਾਇਬ ਹੈ ਤੇ ਉਜੜਨ ਦੇ ਸਮਰੱਥ ਤੋਂ ਬਗੈਰ ਨਾਨਕ ਦਾ ਕਿਆਸ ਕਿਵੇਂ ਹੋਵੇ? ਆਪਣੇ ਇਸੇ ਕਟਾਖ਼ਸ਼ੀ ਬਿੰਬ ਨੂੰ ਅੱਗੇ ਵਧਾਉਂਦਾ ਜਸਵੰਤ ਜ਼ਫ਼ਰ ਆਪਣੀ ਕਵਿਤਾ 'ਗੁਰਮੁਖ ਸਿੰਘ' ਵਿੱਚ ਨਵ-ਰਹੱਸਵਾਦੀ ਪ੍ਰਭਾਵ ਨੂੰ ਕਬੂਲਦਾ ਹੋਇਆ ਲਿਖਦਾ ਹੈ ਕਿ: ਗੁਰਮੁਖ ਸਿੰਘ ਤਾਂ ਏਨਾ ਜਾਣਦੈ

ਕਿ ਇਹ ਲੈਣ ਦੇਣ ਦਾ ਸਿੱਧਾ ਰਿਸ਼ਤਾ ਹੈ
ਇਕ ਪਾਸੇ ਅਥਾਹ ਸਰਧਾ ਹੈ
ਦੂਜੇ ਪਾਸਿਉਂ ਅਪਾਰ ਕ੍ਰਿਪਾ ਹੈ।''4

ਇਨ੍ਹਾਂ ਸਤਰਾਂ ਵਿੱਚ ਕਵੀ ਅੱਜ ਦੇ ਸਿੱਖ ਨੂੰ ਪਰਿਭਾਸ਼ਿਤ ਕਰਦਾ ਹੋਇਆ ਪਾਠਕ ਨੂੰ ਇਸ ਗੱਲ ਦਾ ਅਹਿਸਾਸ ਕਰਵਾਉਂਦਾ ਹੈ ਕਿ 'ਤੇਰਾ ਤੇਰਾ' ਆਖਣ ਮਾੜੀ ਸੋਚ ਉਸ ਵਿਚਾਰਧਾਰਾਂ ਨੂੰ ਆਪਣੇ ਸਵਾਰਥ ਰੂਪੀ ਬੰਧਨਾਂ ਵਿੱਚ ਕੈਦ ਕਰ ਲੈਣਾ ਲੋਚਦੀ ਹੈ। ਇੱਥੋਂ ਤੱਕ ਹੀ ਨਹੀਂ, ਸਗੋਂ 'ਨਾਨਕ' ਦੇ ਨਾਮ ਨੂੰ ਸਿਰਫ ਸਵਾਰਥ ਹਿੱਤ ਵਰਤਣਾ ਚਾਹੁੰਦੀ ਹੈ। ਉਸਦੇ ਉਪਦੇਸ਼ ਤੇ ਕੋਈ ਵੀ ਚੱਲਣ ਲਈ ਤਿਆਰ ਨਹੀਂ। ਲੋਕ ਗੁਰੂ ਨਾਨਕ ਦੀ ਬਖਸ਼ਿਸ਼ ਤਾਂ ਚਾਹੁੰਦੇ ਹਨ, ਪਰ ਉਸਦੇ ਦਰਸਾਏ ਮਾਰਗ ਤੇ ਚੱਲਣ ਲਈ ਤਿਆਰ ਨਹੀਂ ਤੇ ਨਾ ਹੀ 'ਨਾਨਕ' ਦੇ ਸੰਦੇਸ਼ ਨੂੰ ਵੀ ਅਮਲ ਵਿੱਚ ਲਿਆਉਂਣ ਦਾ ਯਤਨ ਕਰਦੇ ਹਨ। ਕਵੀ ਨਵ-ਰਹੱਸਵਾਦੀ ਪ੍ਰਭਾਵ ਕਾਰਨ ਵਿਅੰਗਮਈ ਸ਼ੈਲੀ ਵਿੱਚ ਲਿਖਦਾ ਹੈ ਕਿ:

ਖੜ੍ਹੋ ਨਾ ਝੁਰਮਟ ਮਾਰ
ਹੋਣ ਦਿਉ ਪਾਸਾਰ
ਚਹੁੰ ਤਰਫੋਂ ਜਲਦੇ ਜਗਤ ਨੂੰ
ਦੇਵੋ ਕਰਤ ਦੀਦਾਰ।"5

ਕਵੀ ਮਨ ਚਾਹੁੰਦਾ ਹੈ ਕਿ 'ਨਾਨਕ' ਅਤੇ ਉਸਦੀ ਵਿਚਾਰਧਾਰਾ ਘਿਰ ਚੁੱਕੇ ਹਨ। ਇਸਦਾ ਪਾਸਾਰ ਹੋਣ ਦਿਉ, ਨਾ ਕਿ ਇਸ ਨੂੰ ਝੁਰਮਟ ਮਾਰ ਕੇ ਕਬਜ਼ਾ ਜਮਾ ਕੇ ਕੈਦ ਕਰ ਲਵੋ। 'ਨਾਨਕ' ਦਾ ਸੰਦੇਸ਼ ਵਿਸਥਾਰ ਅਤੇ ਫੈਲਾਉ ਦੀ ਮੰਗ ਕਰਦਾ ਹੈ। ਜਗਤ ਵਿੱਚ ਫੈਲੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਨ ਲਈ 'ਨਾਨਕ' ਦੇ ਗਿਆਨ ਰੂਪੀ ਪ੍ਰਕਾਸ਼ ਨੂੰ ਫੈਲਣ ਵਿੱਚ ਰੁਕਾਵਟ ਨਹੀਂ ਬਨਣਾ ਚਾਹੀਦਾ। ਪਰ ਕਵੀ ਨਾਲ ਹੀ ਮਨੁੱਖ ਦੀ ਪਿਛਲੱਗ ਵਾਲੀ ਬਣ ਚੁੱਕੀ ਆਦਤ ਤੇ ਵੀ ਵਿਅੰਗ ਕਰਦਾ ਹੋਇਆ ਕਹਿੰਦਾ ਹੈ ਕਿ ਅਸੀਂ 'ਜੀਰੋ' ਰੂਪੀ ਦਾਇਰੇ ਵਿੱਚ ਰਹਿਣ ਦੇ ਆਦੀ ਹੋ ਚੁੱਕੇ ਹਾਂ ਅਸੀਂ ਸੁਤੰਤਰ ਹੋ ਕੇ ਕਿਸੇ ਵੀ ਗੱਲ ਵਾਰੇ ਸੋਚ ਹੀ ਨਹੀਂ ਸਕਦੇ, ਕਿਉਂਕਿ ਸਾਨੂੰ ਵਿਸ਼ਾਲਤਾ ਤੋਂ ਡਰ ਜਾਗਰੂਕ ਹੋਣ ਦੀ ਪ੍ਰੇਰਨਾ ਦਿੰਦਾ ਹੈ। ਆਪਣੀ ਕਵਿਤਾ 'ਸਿਰਫ਼ ਸਭਿਆਚਾਰ' ਵਿੱਚ ਉਹ ਨਵ-ਰਹੱਸਵਾਦੀ ਪ੍ਰਭਾਵ ਤੋਂ ਲਿਖਦਾ ਹੈ ਕਿ:

ਬਾਬੇ ਬਾਤ ਚਲਾਈ ਏਕੇ (੧) ਤੋਂ
ਕਿਉਂ ਨਾ
ਸਿਫ਼ਰ ਸਭਿਆਚਾਰ ਨੂੰ ਤੱਜੀਏ
ਆਪੋ ਆਪਣੇ ਥਾਵੀਂ
ਆਪਣੇ ਆਪ 'ਚ
ਸਾਰੇ ਏਕੇ ਹੋਈਏ।"6

ਜਸਵੰਤ ਜ਼ਫ਼ਰ ਨਵ-ਰਹੱਸਵਾਦੀ ਪ੍ਰਭਾਵ ਦਾ ਅਨੁਸਰਣ ਕਰਦਾ ਹੈ, ਪਰ ਆਪਣੀਆਂ ਨਿੱਕੀਆਂ ਨਿੱਕੀਆਂ ਕਵਿਤਾਵਾਂ ਰਾਹੀਂ ਵੱਡੇ ਅਰਥ ਸਿਰਜਦਾ ਹੈ। ਅਧਿਅਤਮਕ ਅਨੁਸਾਰ ਪਰਮਾਤਮਾ ਹਰ ਕਣ-ਕਣ ਵਿੱਚ ਰਮ ਰਿਹਾ ਹੈ, ਪਰ ਅੱਜ ਅਸੀਂ ਆਪਣੇ ਹੰਕਾਰ ਤੇ ਫੋਕੀ ਸ਼ਾਨ ਦੀ ਖਾਤਿਰ 'ਰੱਬ' ਨੂੰ ਵੀ ਆਪਣੇ-ਆਪਣੇ ਸੁਆਰਥ ਅਨੁਸਾਰ ਦਾਇਰਿਆਂ ਵਿੱਚ ਸੀਮਤ ਕਰੀ ਜਾ ਰਹੇ ਹਾਂ। ਕਵੀ ਅਨੁਸਾਰ ਜਿਵੇਂ-ਜਿਵੇਂ ਦੀ ਕਿਸੇ ਵਿਅਕਤੀ ਦੀ ਸ਼ਖਸ਼ੀਅਤ ਹੈ, ਉਸ ਦੇ ਰੱਬ ਪ੍ਰਤੀ ਵਿਚਾਰ ਅਤੇ ਮਾਇਨੇ ਵੀ ਉਹੋ ਜਿਹੇ ਹੀ ਹਨ। ਅੱਜ ਮਨੁੱਖ ਨੇ ਪਦਾਰਥਕ ਦੌੜ ਕਾਰਨ ਰੱਬ ਦੀਆਂ ਵੀ ਵੰਡੀਆਂ ਪਾ ਦਿੱਤੀਆਂ ਹਨ। ਜਿਵੇਂ ਕਿ:

ਨਿਰੀਆਂ ਵਸਤਾਂ ਦਾ ਰੱਬ ਵਸਤ ਹੈ
ਜਿਉਂਦਿਆਂ ਦਾ ਰੱਬ ਜਿਉਂਦਾ
ਮਸਤਾਂ ਦਾ ਰੱਬ ਮਸਤ ਹੈ
ਭੋਲੇ ਦਾ ਰੱਬ ਭੋਲਾ
ਚੁਸਤਾਂ ਦਾ ਰੱਬ ਚੁਸਤ ਹੈ।"7
''ਮਾਤਾ ਧਰਤਿ ਮਹਤੁ''
ਧਰਤੀ ਮਾਤ ਮਹਾਨ
ਜਿਉਂਦੀ ਜਾਨ ਵੇਲਾਂ ਬੂਟੇ ਮਾਂ ਦੇ ਰੋਮ
ਵਣ ਤ੍ਰਿਣ ਇਹਦੇ ਕੇਸ
ਉਂਝ ਕੇਸਾਂ ਦੇ ਪ੍ਰਚਾਰਕ
ਪਰ ਏਨੀ ਕੁ ਗੱਲ ਲਈ ਰੁੱਖ ਦਾ ਕਤਲ?
ਧਰਤੀ ਮਾਂ ਦੀ ਹਿੱਕ ਤੇ ਖੜ੍ਹ ਕੇ
ਮੈਂ ਮੈਂ ਨਾ ਕਰੋ

ਸਿੰਘ ਜੀ, ਤੁਸੀਂ ਤਾਂ ਐਂ ਨਾ ਕਰੋ।"8

ਕਵੀ ਨਵ-ਰਹੱਸਵਾਦੀ ਪੱਖ ਤੋਂ ਕਹਿਣਾ ਚਾਹੁੰਦਾ ਹੈ ਕਿ ਗੁਰੂ ਦੇ ਸਿੰਘ ਅਖਵਾਉਣ ਵਾਲੇ ਅਸੀਂ ਗੁਰੂ ਦੇ ਬੋਲਾਂ ਤੇ ਕਦੋਂ ਪੂਰੇ ਉਤਰਾਂਗੇ। ਅਸੀਂ ਰੋਜ਼ ਜਿਸ ਬਾਣੀ ਦਾ ਸਵੇਰੇ ਸ਼ਾਮ ਜਾਪ/ਸਿਮਰਨ ਕਰਦੇ ਹਾਂ। ਜੇਕਰ ਅਸੀਂ ਅਮਲ ਵਿੱਚ ਉਸ ਬਾਣੀ ਦੇ ਸਿਧਾਂਤਾਂ ਨੂੰ ਨਹੀਂ ਅਪਨਾਉਂਦੇ ਤਾਂ ਅਸੀਂ ਗੁਰੂ ਨਾਨਕ ਦੇ ਸਿੱਖ ਅਖਵਾਉਣ ਦੇ ਹੱਕਦਾਰ ਨਹੀਂ। ਆਪਣੀ ਨਿੱਜੀ ਖੁਸ਼ੀ ਵਾਸਤੇ ਕੁਦਰਤ ਦੇ ਸੋਮਿਆਂ ਦਾ ਵਿਨਾਸ਼ ਕਰਨਾ ਕਿਥੋਂ ਦੀ ਅਕਲਮੰਦੀ ਹੈ? ਕਵੀ ਆਪਣੀਆਂ ਕਵਿਤਾਵਾਂ ਰਾਹੀਂ ਅਧਿਆਤਮਕ ਪ੍ਰਭਾਵ ਤੋਂ ਗੁਰਬਾਣੀ ਦੇ ਹਵਾਲੇ ਤੇ ਬਿਰਤਾਂਤ ਦੇ ਕੇ ਆਮ ਮਨੁੱਖ ਦੇ ਅੰਤਰਮਨ ਨੂੰ ਹਲੂਣਾ ਦੇਣ ਦਾ ਯਤਨ ਕਰਦਾ ਹੈ। ਕਵੀ ਅਨੁਸਾਰ ਅਸੀਂ ਨਾਨਕ ਨੂੰ ਪੂਜਣਯੋਗ ਤਾਂ ਬਣਾ ਲਿਆ ਹੈ, ਪਰ ਅਪਨਾਉਣ ਯੋਗ ਤੇ ਮੰਨਣਯੋਗ ਨਹੀਂ ਬਣਾ ਸਕੇ। ਗੁਰੂ ਦਾ ਸਿੱਖ ਤਾਂ ਇੱਕਲਾ ਹੀ ਸਵਾ-ਲੱਖ ਦੇ ਸਮਾਨ ਹੈ। ਸੀਸ ਵੀ ਹਮੇਸ਼ਾ ਇੱਕਲਾ ਹੀ ਹੁੰਦਾ ਹੈ। ਸੀਸ ਦਾ ਬਹੁ-ਵਚਨ ਨਹੀਂ ਹੁੰਦਾ, ਬਹੁ-ਵਚਨ ਸਿਰਾਂ ਦਾ ਬਣਦਾ ਹੈ। ਗੁਰੂ ਨੂੰ ਸੀਸ ਦੀ ਲੋੜ ਹੁੰਦੀ ਹੈ, ਸਿਰਾਂ ਦੀ ਨਹੀਂ। ਭਾਈ ਘਨ੍ਹੱਈਆ ਤਾਂ ਗੁਰੂ ਦੇ ਬਖਸ਼ੇ ਕਕਾਰਾਂ ਨੂੰ ਵੀ ਗੁਰੂ ਦੀ ਪਿਆਰ ਨਿਸ਼ਾਨੀ ਦੱਸਦਾ ਹੈ ਅਤੇ ਕਹਿੰਦਾ ਹੈ ਕਿ ਗੁਰੂ ਦੀ ਬਖਸ਼ੀ ਇਹ ਕਿਰਪਾਨ ਵੀ ਮੈਂ ਇਸ ਲਈ ਧਾਰਨ ਕੀਤੀ ਹੈ ਕਿ ਮੇਰੇ ਉੱਪਰ ਜੇ ਕੋਈ ਆਪਣੀ ਦੁਸ਼ਮਨੀ ਦੀ ਤਲਵਾਰ ਨਾਲ ਵਾਰ ਕਰਨਾ ਚਾਹੇਗਾ ਤਾਂ ਮੈਂ ਉਸ ਨੂੰ ਰੋਕ ਕੇ ਆਪਣੀ ਪਹਿਨੀ ਤਲਵਾਰ ਨਾਲ ਵਾਰ ਕਰਨ ਲਈ ਕਹਾਂਗਾ ਤਾਂ ਕਿ ਦੁਸ਼ਮਨੀ ਦੀ ਦੀਵਾਰ ਨੂੰ ਖਤਮ ਕਰ ਸਕਾਂ। ਕਵੀ ਨਵ-ਰਹੱਸਵਾਦੀ ਪ੍ਰਭਾਵ ਤੋਂ ਕਹਿੰਦਾ ਹੈ ਕਿ:

ਭਾਈ ਘਨ੍ਹੱਈਆ ਨਾ ਕ੍ਰਿਸ਼ਨ ਸੀ
ਨਾ ਸ੍ਰ. ਘਨ੍ਹੱਈਆ ਸਿੰਘ ਸੀ
ਭਾਈ ਘਨ੍ਹੱਈਆ ਤਾਂ ਬੱਸ ਭਾਈ ਘਨ੍ਹੱਈਆ ਸੀ
ਆਪਣੇ ਨਾਂ ਨੂੰ
ਆਪਣੇ ਕਕਾਰਾਂ ਨੂੰ
ਆਪਣੇ ਅਰਥ ਦੇਣ ਵਾਲਾ ਘਨ੍ਹੱਈਆ
ਗੁਰੂ ਨੂੰ ਤਾਂ ਬਹੁਤ ਅਜ਼ੀਮ ਸੀ
ਪਰ ਗੁਰੂ ਦੀ ਫੌਜ਼ ਲਈ ਤੌਹੀਨ ਸੀ
ਇੱਕਲਾ ਸੀ ਪੂਰਾ ਸਵਾ ਲੱਖ ਸਿੱਖ ਸੀ
ਗੁਰੂ ਨਾਲ ਰੱਬ ਨਾਲ ਇੱਕ ਮਿੱਕ ਸੀ।"9

ਕਵੀ ਆਪਣੀ ਕਵਿਤਾ 'ਮੁਕਤੇ' ਵਿੱਚ ਅਸਲ ਸਿੱਖ ਨੂੰ ਪਰਿਭਾਸ਼ਤ ਕਰਦਿਆਂ ਹੋਇਆਂ ਸਪਸ਼ਟ ਕਰਦਾ ਹੈ ਕਿ ਸਿਰਫ਼ ਕਹਿਣ ਨਾਲ ਜਾਂ ਦਿਖਾਵਾ ਕਰਨ ਨਾਲ ਕੋਈ ਗੁਰੂ ਦਾ ਸਿੱਖ ਨਹੀਂ ਬਣ ਜਾਂਦਾ। ਸਿੱਖ ਬਨਣ ਲਈ ਗੁਰੂ ਨੂੰ ਸਮਰਪਿਤ ਹੋਣਾ ਪੈਦਾ ਹੈ, ਉਸਦੇ ਬੋਲਾਂ ਨੂੰ ਪੁਗਾਉਣਾ ਪੈਂਦਾ ਹੈ। ਉਸਦੇ ਦੱਸੇ ਮਾਰਗ ਦੇ ਪਾਂਧੀ ਸਾਹਿਬਾਨ ਵੱਲੋਂ ਪਵਨ, ਪਾਣੀ, ਰੁੱਖਾਂ ਕੁਦਰਤੀ ਸੋਮਿਆਂ ਬਾਰੇ ਪ੍ਰਸਤੁਤ ਕੀਤੇ ਮਹੱਤਵ ਬਾਰੇ ਵੀ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ, ਕਿਉਂਕਿ ਕੁਦਰਤ ਪ੍ਰਤਿ ਲਾਪਰਵਾਹ ਹੋ ਜਾਵਾਂਗੇ ਤਾਂ ਇਹ ਜੀਵਨ ਚੱਕਰ ਡਗਮਗਾ ਜਾਵੇਗਾ। ਕਵੀ ਗੁਰੂ ਸਾਹਿਬਾਨਾਂ ਦੁਆਰਾ ਮਨੁੱਖ ਨੂੰ ਇੱਕ ਚੰਗਾ ਮਨੁੱਖ ਬਨਣ ਦੇ ਸੰਦੇਸ਼ ਨੂੰ ਵੀ ਯਾਦ ਕਰਵਾਉਂਦਾ ਹੋਇਆ ਮੁੜ ਦੁਹਰਾਉਂਦਾ ਹੈ ਕਿ ਮਨੁੱਖ ਨੂੰ ਆਪਣੀਆਂ ਇੰਦਰੀਆਂ ਨੂੰ ਕਾਬੂ ਵਿੱਚ ਰੱਖ ਕੇ ਵਿਕਾਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ,ਕਿਉਂਕਿ ਪਰਮਾਤਮਾ ਨੇ ਸਿਰਫ਼ ਮਨੁੱਖ ਨੂੰ ਹੀ ਸੋਚਣ ਸਮਝਣ ਦੀ ਬੁੱਧੀ ਬਖਸ਼ਿਸ਼ ਕੀਤੀ ਹੈ, ਜਿਸਦਾ ਉਸਨੂੰ ਸਦ-ਉਪਯੋਗ ਕਰਨਾ ਚਾਹੀਦਾ ਹੈ। ਇਸ ਕਥਨ ਦੀ ਪ੍ਰੋੜਤਾ ਕਵੀ ਨੇ ਆਪਣੀ ਕਵਿਤਾ 'ਭੁਲੇਖਾ' ਵਿੱਚ ਕੀਤੀ ਹੈ। ਗੁਰਬਾਣੀ ਅਧਿਆਤਮਕ ਪੱਖ ਤੋਂ ਮਨੁੱਖ ਨੂੰ ਆਤਮਿਕ ਆਨੰਦ ਦੀ ਪ੍ਰਾਪਤੀ ਦਾ ਮਾਰਗ ਦੱਸਦੀ ਹੈ ਕਿ ਮਨੁੱਖ ਨੂੰ ਇੱਛਾਵਾਂ ਤੇ ਕਾਬੂ ਪਾਉਣਾ ਚਾਹੀਦਾ ਹੈ ਅਤੇ ਪ੍ਰਭੂ ਸਿਮਰਨ ਰਾਹੀਂ ਆਨੰਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ, ਪਰ ਅੱਜ ਦਾ ਮਨੁੱਖ ਆਪਣੇ ਅਸਲ ਮਕਸਦ ਨੂੰ ਭੁੱਲ ਕੇ ਪਦਾਰਥ ਦੀ ਅੰਨ੍ਹੀ ਦੌੜ ਵਿੱਚ ਸ਼ਾਮਲ ਹੋ ਚੁੱਕਾ ਹੈ ਅਤੇ ਪਦਾਰਥ ਵਿੱਚੋਂ ਹੀ ਆਨੰਦ ਦੀ ਭਾਲ ਕਰ ਰਿਹਾ ਹੈ। ਇਸ ਭਟਕਣ ਵਿੱਚ ਉਹ ਦਰ-ਦਰ ਦੀਆਂ ਠੋਕਰਾਂ ਖਾਂਦਾ ਫਿਰ ਰਿਹਾ ਹੈ ਅਤੇ ਕਰਮਕਾਂਡ ਤੇ ਆਡੰਬਰਾਂ ਵਿੱਚੋਂ ਆਤਮਕ ਆਨੰਦ ਦੀ ਤਲਾਸ਼ ਕਰਦਾ ਫਿਰਦਾ ਹੈ ਜੋ ਸਿਵਾਇ ਭਟਕਣ ਦੇ ਉਸ ਨੂੰ ਕੁਝ ਵੀ ਪ੍ਰਦਾਨ ਨਹੀਂ ਕਰ ਸਕਦੇ। ਕਵੀ 'ਪਿਰਾਮਿਡ' ਕਵਿਤਾ ਰਾਹੀਂ ਆਪਣੇ ਨਵ-ਰਹੱਸਵਾਦੀ ਵਿਚਾਰ ਪ੍ਰਗਟ ਕਰਦਾ ਕਹਿੰਦਾ ਹੈ ਕਿ:

ਧਰਮ ਪੋਥੀਆਂ ਦੇ ਅੰਬਾਰ
ਮਾਲਾ ਚਿੱਪੀ ਚੇਲਾ
ਦਗਦਾ ਚਿਹਰਾ ਚੌੜਾ ਮੱਥਾ
ਬੁੱਢਾ ਪਰਮੇਸ਼ਵਰ ਅੱਖਾਂ ਮੀਟੀ
ਇਹ ਸਬਕ ਤਾਮੀਲ ਨਾ ਹੋਇਆ।"10

ਕਵੀ ਨੇ ਅਧਿਆਤਮਕ ਪੱਖ ਤੋਂ ਗੁਰਬਾਣੀ ਰਾਹੀਂ ਮਨੁੱਖ ਨੂੰ ਸੰਸਾਰਕ ਜੀਵਨ ਜਿਉਂਦੇ ਹੋਏ ਆਪਣੇ ਅਸਲੇ ਨੂੰ ਨਾਂ ਭੁੱਲਣ ਦਾ ਸੰਦੇਸ਼ ਵੀ ਦਿੱਤਾ ਹੈ। ਉਪਰੋਕਤ ਕਵਿਤਾ ਅਧਿਆਤਮਕ ਦਰਸ਼ਨ ਦੇ ਇਕ ਬੁਨਿਆਦੀ ਪ੍ਰਸ਼ਨ ਨੂੰ ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਹੱਲ ਕਰਦੀ ਹੈ। ਪ੍ਰਸ਼ਨ ਹੈ ਕਿ ਖੁਸ਼ੀ ਜਾਂ ਆਨੰਦ ਜਾਂ ਪਰਮ ਆਨੰਦ ਦੀ ਪ੍ਰਾਪਤੀ ਕਿਵੇਂ ਹੋਵੇ? ਕਵਿਤਾ ਦੇ ਪਹਿਲੇ ਭਾਗ ਵਿੱਚ ਕਵੀ ਇਕ ਗਣਿਤ ਦਾ ਸੂਤਰ ਪੇਸ਼ ਕਰਦਾ ਹੈ। ਖਾਹਿਸ਼ਾਂ ਅਤੇ ਕਾਮਨਾ ਜਦੋਂ ਜ਼ੀਰੋ ਤੇ ਆ ਜਾਣ ਤਾ ਪਰਮ ਆਨੰਦ ਜਾਂ ਆਨੰਦ ਪ੍ਰਾਪਤ ਹੋ ਸਕਦਾ ਹੈ। ਪਰ ਜੀਉਂਦੇ ਜੀਅ ਇਹ ਸਥਿਤੀ ਆਉਣੀ ਅਸੰਭਵ ਜਾਪਦੀ ਹੈ। ਹਾਂ, ਮੌਤ ਨਾਲ ਪਰਮ ਆਨੰਦ ਦੀ ਪ੍ਰਾਪਤੀ ਹੋ ਸਕਦੀ ਹੈ। ਜਸਵੰਤ ਜ਼ਫ਼ਰ ਨਵ-ਰਹੱਸਵਾਦੀ ਪ੍ਰਭਾਵ ਕਾਰਨ ਸਿੱਟਾ ਕੱਢਦਿਆਂ ਨਾਨਕ ਬਾਣੀ ਵੱਲ ਪਰਤਦਾ ਹੈ ਕਿ ਨਾ ਪਦਾਰਥਕ

ਖਾਹਿਸ਼ਾਂ ਵਿੱਚ ਖਚਿਤ ਹੋਣ ਦੀ ਲੋੜ ਹੈ ਤੇ ਨਾ ਹੀ ਮੁਕੰਮਲ ਤਿਆਗ ਦੀ। ਲੋੜਾਂ ਦੀ ਲੋੜ ਸਮਤੋਲ ਸਥਾਪਤ ਕਰਨ ਦੀ ਹੈ। ਇਸ ਤਰ੍ਹਾਂ ਗੁਰਬਾਣੀ ਥਾਂ-ਪੁਰ-ਥਾਂ ਬੰਦੇ ਨੂੰ ਉਸਦੇ ਅਸਲ ਉਦੇਸ਼ ਪ੍ਰਤੀ ਜਾਗਰੂਕ ਕਰਦੀ ਹੋਈ ਨਵ-ਰਹੱਸਵਾਦੀ ਪ੍ਰਵਿਰਤੀ ਦੀ ਪ੍ਰੇਰਨਾ ਦੇ ਰਹੀ ਹੈ, ਕਿਉਂਕਿ ਬੰਦਾ ਜਿੰਨੀ ਰਫ਼ਤਾਰ ਨਾਲ ਬਾਹਰ ਨੂੰ ਦੌੜਦਾ ਹੈ, ਉਸਦਾ ਇਕ ਪ੍ਰਤੀਸ਼ਤ ਵੀ ਬੰਦਾ ਬਨਣ ਵੱਲ ਨਹੀਂ ਤੁਰਦਾ। ਅਜਿਹਾ ਕਰਨ ਵਾਸਤੇ ਉਸਨੂੰ ਗਰਦਨ ਝੁਕਾ ਕੇ ਜਰਾ ਆਪਣੇ ਅੰਤਰ ਮਨ ਵਿੱਚ ਝਾਕਣ ਦੀ ਲੋੜ ਹੈ। ਅਧਿਆਤਮਕ ਸਿਧਾਂਤਾਂ ਅਨੁਸਾਰ ਸੱਚ ਸਦੀਵੀ ਸੱਚ ਹੁੰਦਾ ਹੈ ਉਸਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਜ਼ਫ਼ਰ ਵੀ ਇਸ ਸਿਧਾਂਤ ਤੇ ਚੱਲਦਿਆਂ ਹੋਇਆਂ ਆਪਣੀ ਕਵਿਤਾ 'ਚੰਗਾ ਕਿ ਮੰਦਾ' ਵਿੱਚ ਅਜਿਹੇ ਹੀ ਵਿਚਾਰ ਪੇਸ਼ ਕਰਨ ਦਾ ਯਤਨ ਕਰਦਾ ਹੈ। ਉਹ ਲਿਖਦਾ ਹੈ ਕਿ:

ਆਸਰਾ ਤਾਂ ਆਸਰਾ ਹੁੰਦਾ
ਸੱਚਾ ਜਾਂ ਝੂਠਾ ਨਹੀਂ ਹੁੰਦਾ
ਹਰ ਸ਼ਰਧਾ ਸੱਚੀ ਸ਼ਰਧਾ ਹੁੰਦੀ
ਝੂਠੀ ਸ਼ਰਧਾ ਕੋਈ ਚੀਜ ਨਹੀਂ ਹੁੰਦੀ
ਬੰਦਾ ਤਾਂ ਬਸ ਬੰਦਾ ਹੁੰਦਾ।"11

ਕਿਉਂਕਿ ਜਸਵੰਤ ਜ਼ਫ਼ਰ ਨੇ ਆਪਣੀ ਇਸ ਛੋਟੀ ਜਿਹੀ ਕਵਿਤਾ ਵਿੱਚ ਅਧਿਆਤਮਕ ਹਵਾਲੇ ਨਾਲ ਬਹੁਤ ਡੂੰਘੇ ਅਰਥਾਂ ਦੀ ਸਿਰਜਨਾ ਕੀਤੀ ਹੈ। ਉਹ ਕਹਿੰਦਾ ਹੈ ਕਿ ਰੁੱਖ ਬਿਰਖ ਸਾਡੇ ਜੀਵਨ ਦਾ ਆਧਾਰ ਹਨ। ਗੁਰੂ ਸਾਹਿਬ ਨੇ ਵੀ 'ਰੱਬ' ਨੂੰ ਰਾਰਾ ਰੁੱਖ ਤੇ ਬੱਬਾ ਬਿਰਖ ਦੇ ਅਰਥਾਂ ਵਿੱਚ ਲਿਆ ਹੈ। ਭਾਵ ਰੱਬ ਪ੍ਰਕਿਰਤੀ ਵਿੱਚ ਵੱਸਦਾ ਹੈ ਅਤੇ ਕੁਦਰਤ ਦਾ ਸੰਤੁਲਨ ਬਣਿਆ ਰਹਿਣਾ ਚਾਹੀਦਾ ਹੈ ਤਾਂ ਹੀ ਜੀਵਨ ਸੁਖਦ ਬਣਿਆ ਰਹਿ ਸਕਦਾ ਹੈ। ਕਵੀ ਅਨੁਸਾਰ ਰੁੱਖ ਧਰਤੀ ਰੂਪੀ ਕਾਗਜ ਤੇ ਪ੍ਰਮਾਤਮਾ ਦੁਆਰਾ ਲਿਖੇ ਹੋਏ ਅੱਖਰ ਹਨ। ਇਸ ਲਈ ਇਨ੍ਹਾਂ ਦਾ ਸਤਿਕਾਰ ਕੀਤਾ ਜਾਣਾ ਚਾਹੀਦਾ ਹੈ। ਪੂਰੀ ਸ਼ਰਧਾ ਤੇ ਪ੍ਰੇਮ ਭਾਵ ਨਾਲ ਇਨ੍ਹਾਂ ਦੀ ਸੰਭਾਲ ਕੀਤੀ ਜਾਣੀ ਚਾਹੀਦੀ ਹੈ। ਜਿਨ੍ਹਾਂ ਥਾਵਾਂ ਤੇ ਰੁੱਖ ਉੱਗੇ ਹਨ ਉਹ ਥਾਵਾਂ ਸਵਰਗ ਸਮਾਨ ਹਨ। ਜਸਵੰਤ ਜ਼ਫ਼ਰ ਦੀ ਕਵਿਤਾ ਅਧਿਆਤਮ ਦੀ ਮਰਿਆਦਾ ਦਾ ਪੱਖ ਤਾਂ ਪੂਰਦੀ ਹੈ, ਪਰ ਧਾਰਮਿਕ ਕੱਟੜਤਾ ਦਾ ਵਿਰੋਧੀ ਵੀ ਸਿਰਜਦੀ ਹੈ। ਕਵੀ ਗੁਰੂ ਸਾਹਿਬਾਨ ਦੀ ਅਸਲ ਅਧਿਆਤਮਕ ਵਿਚਾਰਧਾਰਾ ਦਾ ਪੈਰੋਕਾਰ ਹੈ। ਗੁਰੂ ਸਾਹਿਬ ਵੱਲੋਂ ਦਿੱਤੇ ਉਪਦੇਸ਼ਾਂ ਦੇ ਹੱਕ ਵਿੱਚ ਨਿਤਰਦਾ ਹੋਇਆ ਆਮ ਸਿੱਖ ਨੂੰ ਵੀ ਆਪਣੀ ਸੋਚ ਵਿੱਚ ਤਬਦੀਲੀ ਲਿਆਉਣ ਦਾ ਸੰਦੇਸ਼ ਦਿੰਦਾ ਹੈ, ਪਰ ਨਾਲ ਹੀ ਸਿੱਖ ਧਰਮ ਵਿੱਚ ਆ ਰਹੇ ਨਿਘਾਰ ਬਾਰੇ ਵੀ ਚਿੰਤਾ ਪ੍ਰਗਟ ਕਰਦਾ ਹੈ। 'ਬਾਬੇ ਗਾਉਂਦੇ' ਕਵਿਤਾ ਵਿੱਚ ਉਹ ਅਧਿਆਤਮਕ ਵੀਚਾਰ ਤੇ ਅੱਜ ਦੇ ਪਦਾਰਥਕ ਜੀਵਨ ਵਿੱਚ ਗ੍ਰਸੇ ਹੋਏ ਆਮ ਸਾਧਾਰਨ ਵਿਅਕਤੀ ਦੇ ਵਿਚਾਰਾਂ ਦਾ ਅੰਤਰ ਸਪੱਸ਼ਟ ਕਰਦਾ ਹੈ ਕਿ ਅੱਜ ਦਾ ਮਨੁੱਖ/ਮਨਮੁਖ ਸਿਰਫ ਆਪਣੇ ਬਾਰੇ ਸਭ ਚੰਗਾ ਚਾਹੁੰਦਾ ਹੈ। ਉਸ ਨੇ ਗੁਰੂ ਦੀ ਸਿੱਖਿਆ/ਅਧਿਆਤਮਵਾਦ ਦੇ ਅਰਥ ਵੀ ਆਪਣੀ ਇੱਛਾ ਅਨੁਸਾਰ ਬਦਲ ਲਏ ਹਨ। ਉਹ ਕਹਿੰਦਾ ਹੈ ਕਿ ਗੁਰੂ ਸਾਹਿਬਾਨ ਤਾਂ ਜੀਵ ਨੂੰ 'ਤੀਰਥੁ ਸ਼ਬਦ ਬੀਚਾਰੁ ਅੰਤਰਿ ਗਿਆਨ' ਦਾ ਉਪਦੇਸ਼ ਦਿੰਦੇ ਹਨ, ਪਰ ਅਸੀਂ ਅੰਤਰ ਗਿਆਨ ਅਤੇ ਸ਼ਬਦ ਬੀਚਾਰ ਦਾ ਇਸ਼ਨਾਨ ਕਰਨ ਦੀ ਬਜਾਇ 'ਬਖਸ਼ਿਓ ਜੀ, ਸ੍ਰੀ ਅੰਮ੍ਰਿਤਸਰ ਜੀ ਦਾ ਇਸ਼ਨਾਨ ਕਰਕੇ ਹੀ ਮਨ ਨੂੰ ਅਨੰਦਿਤ ਕਰਨ ਦਾ ਸਾਧਨ ਸਮਝ ਰਹੇ ਹਾਂ।

**ਹਵਾਲੇ ਤੇ ਟਿੱਪਣੀਆਂ**


1. ਡਾ. ਸਰਬਜੀਤ ਸਿੰਘ, ਪਰੰਪਰਾ ਤੇ ਪ੍ਰਵਾਹ, ਪੰਨਾ-137.
2. ਜਸਵੰਤ ਸਿੰਘ ਜਫ਼ਰ, ਅਸੀਂ ਨਾਨਕ ਦੇ ਕੀ ਲਗਦੇ ਹਾਂ, ਪੰਨਾ-20
3. ਉਹੀ, ਨਾਨਕ, ਪੰਨਾ-23
4. ਉਹੀ, ਗੁਰਮੁਖ ਸਿੰਘ, ਪੰਨੇ-24,25
5. ਉਹੀ, ਠੁੱਕਰ ਤੋਂ ਵਿਚਕਾਰ, ਪੰਨਾ-27
6. ਉਹੀ, ਸਿਫ਼ਰ ਸੱਭਿਆਚਾਰ, ਪੰਨਾ-30
7. ਉਹੀ, ਰੱਬ, ਪੰਨੇ-31,32
8. ਉਹੀ, ਰੁੱਖ ਰੋਮ, ਪੰਨਾ-33
9. ਉਹੀ, ਭਾਈ ਘਨ੍ਹੱਈਆ, ਪੰਨਾ-36
10. ਉਹੀ, ਪਿਰਾਮਿਡ, ਪੰਨੇ-75,80
11. ਉਹੀ, ਚੰਗਾ ਕਿ ਮੰਦਾ, ਪੰਨਾ- 14



**ਅਸਿਸਟੈਂਟ ਪ੍ਰੋਫੈਸਰ**
**ਏ.ਐਸ.ਬੀ.ਏ.ਐਸ.ਜੇ.ਐਸ.ਐਮ. ਕਾਲਜ**
**ਬੇਲਾ (ਰੋਪੜ)**



**ਪਿਆਰੇ ਦੋਸਤੋ ! ਪਿਛਲੇ ਵੀਹਾਂ ਸਾਲਾਂ ਤੋਂ 'ਪ੍ਰਤਿਮਾਨ' ਹਰ ਵਾਰ ਨਵਾਂ ਸੱਜਰਾ ਸਾਹਿਤ ਲੈ ਕੇ ਤੁਹਾਡੇ ਦਰਾਂ ਤੇ ਦਸਤਕ ਦਿੰਦਾ ਹੈ। ਲੇਖਕ/ ਪਾਠਕ ਦੋਸਤਾਂ ਨੂੰ ਗੁਜ਼ਾਰਿਸ਼ ਹੈ ਕਿ ਉਹ ਆਪਣੇ ਰਚਨਾਤਮਕ ਸਹਿਯੋਗ ਦੇ ਨਾਲ ਆਪਣਾ ਆਰਥਿਕ ਸਹਿਯੋਗ ਵੀ 'ਪ੍ਰਤਿਮਾਨ' ਲਈ ਭੇਜਣ। ਤੁਹਾਡੇ ਸਹਿਯੋਗ ਨਾਲ 'ਪ੍ਰਤਿਮਾਨ' ਦੀ ਉਮਰ ਹੋਰ ਲੰਮੇਰੀ ਹੋਵੇਗੀ। ਪਰਚਾ ਮੁਫ਼ਤ ਭੇਜਣ ਦੀ ਪਰੰਪਰਾ ਬੰਦ ਕੀਤੀ ਜਾ ਰਹੀ ਹੈ। –ਸੰਪਾਦਕ**

## ਪੁਸਤਕ ਰੀਵਿਊ / ਓਹਦੀਆਂ ਅੱਖਾਂ 'ਚ ਸੂਰਜ ਹੈ (ਜਤਿੰਦਰ ਹਾਂਸ) / ਰਾਜਵਿੰਦਰ ਕੌਰ ਜਟਾਣਾ

ਜਤਿੰਦਰ ਹਾਂਸ ਇਕ ਸਥਾਪਿਤ ਕਹਾਣੀਕਾਰ ਹੈ। ਹੁਣ ਤੱਕ ਪਾਵੇ ਨਾਲ ਬੰਨ੍ਹਿਆ ਕਾਲ (ਕਹਾਣੀ ਸੰਗ੍ਰਹਿ), ਈਸ਼ਵਰ ਦਾ ਜਨਮ (ਕਹਾਣੀ ਸੰਗ੍ਰਹਿ), ਜਿਓਣਾ ਸੱਚ ਬਾਕੀ ਝੂਠ (ਕਹਾਣੀ ਸੰਗ੍ਰਹਿ), ਬੇਗਮ ਅਤੇ ਗੁਲਾਮ (ਕਹਾਣੀ ਸੰਪਾਦਨ), ਬੱਸ ਅਜੇ ਏਨਾ ਹੀ (ਨਾਵਲ), ਏਨੀ ਮੇਰੀ ਬਾਤ (ਬਾਲ ਕਹਾਣੀਆਂ) ਵਰਗੇ ਖ਼ੂਬਸੂਰਤ ਦਸਤਾਵੇਜ਼ ਉਸਦੀ ਕਲਮ ਤੋਂ ਨਿਕਲੇ ਹਨ ਤੇ ਹੁਣ ਉਸ ਦਾ ਨਵਾਂ ਕਹਾਣੀ ਸੰਗ੍ਰਹਿ 'ਉਸ ਦੀਆਂ ਅੱਖਾਂ ਵਿੱਚ ਸੂਰਜ ਹੈ' ਪੜ੍ਹਦਿਆਂ ਹੋਇਆਂ ਮਨ ਕਹਾਣੀ ਦੇ ਪਾਤਰਾਂ ਨਾਲ ਸੰਵਾਦ ਰਚਾਉਂਦਾ ਨਜ਼ਰ ਆਉਂਦਾ ਹੈ।

'ਜਤਿੰਦਰ ਹਾਂਸ' ਦੀਆਂ ਕਹਾਣੀਆਂ ਦੇ ਵਿਸ਼ਿਆਂ ਵਿੱਚ ਵੰਨ-ਸੁਵੰਨਤਾ ਪਾਠਕ ਦਾ ਮਨ ਮੋਹ ਲੈਂਦੀ ਹੈ। ਕਮਾਲ ਦਾ ਪਾਤਰ ਚਿੱਤਰਣ ਇੱਕ ਅਨੋਖੀ ਜਿਹੀ ਖਿੱਚ ਪੈਦਾ ਕਰਦਾ ਹੈ। ਕਹਾਣੀਆਂ ਦਾ ਵਿਸ਼ਾ ਵਸਤੂ ਪਾਠਕ ਦੀ ਸੋਚ ਦਾ ਹਾਣੀ ਹੋ ਨਿਬੜਦਾ ਹੈ। ਉਸਦੀਆਂ ਕਹਾਣੀਆਂ ਦੇ ਜ਼ਿਆਦਾਤਰ ਵਿਸ਼ੇ ਪੇਂਡੂ ਰਹਿਣ- ਸਹਿਣ ਨਾਲ ਜੁੜੇ ਹੋਏ ਹਨ। ਕਹਾਣੀਆਂ ਵਿਚਲੇ ਪਾਤਰਾਂ ਦਾ ਠੇਠ ਪੰਜਾਬੀ ਵਿੱਚ ਵਾਰਤਾਲਾਪ, ਅਜੀਬ ਰਸ ਪੈਦਾ ਕਰਦਾ ਹੈ। ਕਹਾਣੀਕਾਰ ਪੇਂਡੂ ਧਰਾਤਲ ਦੇ ਹਰ ਪਾਤਰ ਦੀ ਮਾਨਸਿਕਤਾ ਨੂੰ ਬਾਖੂਬੀ ਬਿਆਨਦਾ ਹੈ। ਪੁਸਤਕ ਵਿਚਲੀ ਪਹਿਲੀ ਕਹਾਣੀ 'ਉਸ ਦੀਆਂ ਅੱਖਾਂ ਵਿੱਚ ਸੂਰਜ ਹੈ 'ਵਿੱਚ ਵਿਖਾਇਆ ਗਿਆ ਹੈ ਕਿ ਇੱਕ ਪਾਲਤੂ ਪਸ਼ੂ ਆਮ ਕਿਸਾਨ ਪਰਿਵਾਰ ਦੀ ਜ਼ਿੰਦਗੀ ਵਿੱਚ ਕੀ ਮਹੱਤਵ ਰੱਖਦਾ ਹੈ ਕਿਉਂਕਿ ਉਹ ਪਰਿਵਾਰ ਦੀ ਆਰਥਿਕ ਮੱਦਦ ਦੇ ਨਾਲ-ਨਾਲ ਇੱਕ ਮੋਹ ਭਰਿਆ ਰਿਸ਼ਤਾ ਵੀ ਦਰਸਾਉਂਦਾ ਹੈ, ਜਿਸ ਦੇ ਜਾਣ ਨਾਲ ਪਰਿਵਾਰਿਕ ਮੈਂਬਰ ਉਸ ਤੋਂ ਦੂਰ ਜਾਣ ਦਾ ਦਰਦ ਵੀ ਹੰਢਾਉਂਦੇ ਹਨ ਤੇ ਆਰਥਿਕ ਮਾਰ ਵੀ ਝੱਲਦੇ ਹਨ। ਕਹਾਣੀ ਵਿੱਚ ਵੰਡ ਤੋਂ ਬਾਅਦ ਆਪਣੇ ਪਰਿਵਾਰ ਤੋਂ ਵਿਛੜੀਆਂ ਮੁਸਲਿਮ ਔਰਤਾਂ ਦਾ ਤਨ ਤੇ ਹੰਢਾਏ ਦਰਦ ਨੂੰ ਬਿਆਨਦੀ ਹੈ ਕਿ ਕਿੱਦਾਂ ਔਰਤ ਨੂੰ ਹਰ ਸਮਝੌਤਾ ਕਰਕੇ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰਨਾ ਪੈਂਦਾ ਹੈ।

'ਸ਼ਰੀਹ ਦੇ ਪੱਤੇ 'ਚ ਭਰਾਵਾਂ ਦੀ ਆਪਸੀ ਸ਼ਰੀਕੇਬਾਜ਼ੀ ਤੇ ਦੂਸਰੇ ਦੀ ਤਰੱਕੀ ਤੇ ਸਾੜਾ ਵਧਾਉਣ ਵਿੱਚ ਘਰ ਦੀਆਂ ਔਰਤਾਂ ਦਾ ਵੀ ਅਹਿਮ ਯੋਗਦਾਨ ਵਿਖਾਇਆ ਗਿਆ ਹੈ ਤੇ ਅੰਤ ਨੂੰ ਭੱਜੀਆਂ ਬਾਹਾਂ ਗਲ਼ ਨੂੰ ਆਉਂਦੀਆਂ ਹਨ ਤੇ ਸ਼ਰੀਕਾ ਭਾਈਚਾਰੇ ਵਿੱਚ ਤਬਦੀਲ ਹੋ ਜਾਂਦਾ ਹੈ। ਭਾਵੇਂ ਉਪਰਲੇ ਮਨ ਤੋਂ ਜਾਪਦਾ ਹੈ ਕਿ ਭਰਾ-ਭਰਾ ਆਪਸ ਵਿੱਚ ਦੁਸ਼ਮਣ ਬਣੇ ਹੋਏ ਹਨ ਜਦੋਂ ਕਿ ਇਹ ਸਿਰਫ਼ ਦਿਖਾਵਾ ਮਾਤਰ ਹੀ ਹੁੰਦਾ ਹੈ।

'ਖੰਨਾ ਖੰਨਾ ਹੀ ਹੈ' ਵਿੱਚ ਮੁੱਖ ਪਾਤਰ ਨੂੰ ਆਪਣੇ ਪਿੱਤਰੀ ਸ਼ਹਿਰ ਨਾਲ ਮਣਾ ਮੂੰਹੀਂ ਪਿਆਰ ਤੇ ਉਸ ਨਾਲ ਜੁੜੀਆਂ ਜਵਾਨੀ ਦੀਆਂ ਖ਼ੂਬਸੂਰਤ ਯਾਦਾਂ ਦਾ ਜੰਜਾਲ, ਕੈਨੇਡਾ ਤੋਂ ਵਾਪਸ ਆਉਣ ਲਈ ਮਜ਼ਬੂਰ ਕਰ ਦਿੰਦਾ ਹੈ। ਕਹਾਣੀ 'ਸਮਾਰਟ' ਵਿੱਚ ਇੱਕ ਸਕੂਲ ਪੜ੍ਹਦੀ ਗਰੀਬ ਕੁੜੀ ਦਾ ਸਮਾਰਟ ਫੋਨ ਲੈਣ ਦੀ ਲਾਲਸਾ 'ਚ ਮੇਹਨਤ ਕਰਨਾ ਪਰ ਫੋਨ ਲਈ ਜੋੜੇ ਪੈਸੇ ਆਪਣੇ ਪਿਤਾ ਦੇ ਇਲਾਜ ਲਈ ਦੇਣਾ ਸੰਵੇਦਨਸ਼ੀਲਤਾ ਦੀ ਹੱਦ ਹੈ। 'ਬਲੀਡਿੰਗ ਹਾਰਟ' 'ਚ ਪਿੰਡ ਪੜ੍ਹਦੀ ਕੁੜੀ ਨੂੰ ਅਮੀਰ ਮੁੰਡਾ ਤੰਗ ਕਰਦਾ, ਉਸ ਤੋਂ ਇਜ਼ੱਤ ਬਚਾਉਂਦਿਆਂ ਉਸ ਮੁੰਡੇ ਦਾ ਕਤਲ ਕਰਨ ਜੀ ਕੋਸ਼ਿਸ਼ ਵਿੱਚ ਜੇਲ੍ਹ ਜਾਣਾ ਪੈਂਦਾ ਹੈ, ਪਰ ਇਸ ਦੇ ਬਾਵਜੂਦ ਜੇਲ੍ਹ ਵਿੱਚ ਆਪਣੀ ਪੜ੍ਹਾਈ ਪੂਰੀ ਕਰਨਾ, ਪੇਟਿੰਗ 'ਚ ਮਾਹਰ ਹੋ ਜਾਣਾ ਨਵੀਂ ਪੀੜ੍ਹੀ ਲਈ ਇਕ ਬਹੁਤ ਵੱਡਾ ਸੁਨੇਹਾ ਦਿੰਦੀ ਹੈ।

'ਅਰਘ' ਆਪਣੀ ਪਸੰਦ ਦਾ ਵਰ ਨਾ ਮਿਲਣ ਤੇ ਬੇਬੱਸ ਔਰਤ ਦੀ ਤੜਪ ਬਾਖ਼ੂਬੀ ਪੇਸ਼ ਕਰਦੀ ਹੈ। 'ਗੰਦਲ' ਕਹਾਣੀ ਵਿੱਚ ਇਕ ਜ਼ਿੰਦਾਦਿਲ ਬੁੱਢਾ ਬਿਮਾਰ ਪੈ ਜਾਂਦਾ ਹੈ ਫੇਫੜੀਆਂ 'ਚ ਨੁਕਸ ਪੈਣ ਕਾਰਨ ਉਸਦਾ ਘੋਰੜੂ ਬੋਲਦਾ ਰਹਿੰਦਾ ਤੇ ਘਰਵਾਲੇ ਤੰਗ ਸੀ ਕਿ ਉਸ ਨੂੰ ਮੌਤ ਨੀ ਆ ਰਹੀ ਸੀ, ਲਟਕ ਰਿਹਾ ਸੀ ਐਪਰ ਜਵਾਨੀ ਪਹਿਰੇ ਵਾਲੀ ਸਹੇਲੀ ਦੇ ਆਉਂਦਿਆਂ ਹੀ ਪ੍ਰਾਣ ਤਿਆਗ ਦਿੰਦਾ ਹੈ ਜਿੱਦਾਂ ਉਸਦੀ ਮੁਕਤੀ ਦਾ ਓਹੀ ਰਸਤਾ ਹੋਵੇ।

'ਆ ਜਾ ਪਿਆਰ ਲੈ ਜਾ' ਵਿੱਚ ਇਕ ਵੱਡੀ ਉਮਰ ਦਾ ਰੰਡਾ ਆਦਮੀ ਦਾ ਹਰ ਔਰਤ ਤੇ ਠਰਕ ਭੋਰਨਾ ਤੇ ਉਸਦੀ ਘਰਵਾਲੀ ਤਸਵੀਰ ਵਿੱਚੋਂ ਵੀ ਰੋਕ-ਟੋਕ ਕਰਨਾ ਹਾਸ ਵਿਅੰਗ ਪੈਦਾ ਕਰਦਾ ਹੈ। 'ਔਸੀਆਂ' ਵਿੱਚ ਇਕ ਮਾਂ ਵੱਲੋਂ ਘਰ ਛੱਡ ਕੇ ਦੂਰ ਗੁਰਦਵਾਰੇ ਬੈਠੇ ਆਪਣੇ ਮੁੰਡੇ ਨੂੰ ਯਾਦ ਕਰਕੇ ਤੜਫਣਾ, ਉਸਨੂੰ ਵਾਪਿਸ ਲੈ ਕੇ ਆਉਣ ਦੀ ਕੋਸ਼ਿਸ਼, ਉਸਦਾ ਇਨਕਾਰ ਕਰਨ ਤੇ ਉਸਦੇ ਵਿਆਹ ਦੀ ਉਮੀਦ ਵਿੱਚ ਵਾਪਸ ਆ ਕੇ ਉਸਦੀ ਮਾਂ ਦਾ ਕਹਿਣਾ ਕਿ ਮੇਰਾ ਪੋਤਰਾ ਜਰੂਰ ਆਊ ਮੇਰੇ ਕੋਲ ਇੱਕ ਆਸ਼ਵਾਦੀ ਨਜ਼ਰੀਆ ਪੈਦਾ ਕਰਦਾ ਹੈ। ਕਹਾਣੀ 'ਬੰਦਾ ਮਰਿਆ ਕਿੱਥੇ ਦੇਖ ਹੁੰਦਾ' ਵਿੱਚ ਦੋ ਔਰਤ ਅਧਿਆਪਕਾ ਦਾ ਆਪਸ ਵਿੱਚ ਸੂਟ ਪਾਉਣ ਦਾ ਮੁਕਾਬਲਾ ਤੇ ਸਕੂਲ ਕਮੇਟੀ ਦੇ ਮੈਂਬਰ ਦੇ ਘਰ ਅਫਸੋਸ ਕਰਨ ਲਈ ਚਮਕਦਾਰ ਸੂਟ ਪਾ ਕੇ ਜਾਣਾ ਤੇ ਓਸ ਬੰਦੇ ਦਾ ਆਪਣੀ ਮਾਂ ਦੇ ਮਰਨ ਦੀ ਕਹਾਣੀ ਨੂੰ ਲੰਬੀ ਕਰੀ ਜਾਣਾ ਵੀ ਕਾਫ਼ੀ ਮਨੋਰੰਜਕ ਮਾਹੌਲ਼ ਬਣਾਉਂਦਾ ਹੈ।

ਢਾਹਾਂ ਪੁਰਸਕਾਰ ਵਿਜੇਤਾ 'ਜਤਿੰਦਰ ਹਾਂਸ' ਦਾ ਇਹ ਨਵਾਂ ਕਹਾਣੀ ਸੰਗ੍ਰਹਿ 'ਉਸ ਦੀਆਂ ਅੱਖਾਂ ਵਿੱਚ ਸੂਰਜ ਹੈ' ਵੀ ਆਪਣੇ ਆਪ ਇੱਕ ਸ਼ਾਹਕਾਰ ਪੁਸਤਕ ਹੈ। ਰੱਬ ਕਰੇ ਉਸਦੀ ਕਲਮ ਨੂੰ ਨਿੱਤ ਨਵਾਂ ਵਰ ਆਵੇ ।

## ਪੁਸਤਕ ਰੀਵਿਊ / ਖਾਲੀ ਆਲ੍ਹਣਾ (ਸੰਨੀ ਧਾਲੀਵਾਲ) / ਡਾ. ਪ੍ਰਸ਼ਵਿੰਦਰ ਕੌਰ

ਕੈਨੇਡਾ ਵਸਦੇ ਪੰਜਾਬੀ ਸ਼ਾਇਰ ਸੰਨੀ ਧਾਲੀਵਾਲ ਦੀਆ ਕਵਿਤਾਵਾਂ ਮੈ ਫੇਸਬੁੱਕ ਤੇ ਲਗਾਤਾਰ ਪੜ੍ਹਦੀ ਰਹਿੰਦੀ ਹਾਂ, ਪ੍ਰਤਿਮਾਨ ਵੱਲੋਂ ਜਦੋਂ ਪੂਰੀ ਕਿਤਾਬ ਪੜ੍ਹਨ ਨੂੰ ਮਿਲੀ ਮਨ ਖੁਸ਼ ਹੋ ਗਿਆ। ਪੁਸਤਕ ਵਿੱਚ 42 ਦੇ ਕਰੀਬ ਕਵਿਤਾਵਾਂ ਸ਼ਾਮਿਲ ਹਨ ਜੋ ਕਿ ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਵਿੱਚ ਵਿਚਰਦਿਆਂ ਕਵੀ ਨੇ ਲਿਖੀਆਂ ਹਨ। ਕਵੀ ਦੀ ਲੋਚਾ ਹੈ ਕਿ ਸੰਨੀ ਡੇਅ ਵਾਂਗ ਜ਼ਿੰਦਗੀ ਮਾਣੀ ਜਾਵੇ।ਪੁਸਤਕ ਵਿੱਚ ਸ਼ਾਮਿਲ ਕਵਿਤਾਵਾਂ ਵੱਖ ਵੱਖ ਵਿਸ਼ਿਆਂ ਤੇ ਕੇਂਦਰਿਤ ਹਨ ਪਰ ਮੂਲ ਸੁਰ ਹਰ ਕਵਿਤਾ ਵਿੱਚ "ਸੰਨੀ ਡੇਅ" ਦੀ ਹੀ ਪੇਸ਼ ਹੋਈ ਹੈ।

ਕਵੀ ਬਜ਼ੁਰਗਾਂ ਦੀ ਤੁਲਨਾ "ਮੌਲੇ ਬਲਦ" ਨਾਲ ਕਰਦਾ ਹੈ ਜਿਵੇਂ ਮੌਲਾ ਬਲਦ ਸਾਰੀ ਜ਼ਿੰਦਗੀ ਕਮਾਈ ਕਰਦਾ ਹੈ ਤੇ ਬੁੱਢਾ ਹੋਣ ਤੇ ਉਸਨੂੰ ਘਰੋਂ ਕੱਢਣ ਦੀਆ ਸਲਾਹਾਂ ਹੁੰਦੀਆਂ ਹਨ ਐਪਰ ਉਸਦਾ ਮਾਲਕ ਉਸਦੀ ਸੇਵਾ ਦਾ ਜਿੰਨਾ ਆਪਣੇ ਸਿਰ ਲੈ ਕੇ ਘਰ ਦੇ ਬਾਕੀ ਜੀਆਂ ਨੂੰ ਖ਼ਬਰਦਾਰ ਕਰਦਾ ਹੈ। ਉਸਦੀ ਮੌਤ ਤੇ ਵੀ ਰੋਂਦਾ ਹੈ ਪਰ ਆਖਿਰ ਤੇ ਕਨੇਡਾ ਪਹੁੰਚਿਆ ਉਹ ਬਜ਼ੁਰਗ ਟੱਬਰ ਨੂੰ ਮੌਲਾ ਬਲਦ ਹੀ ਲਗਦਾ ਹੈ ਜੋ ਵਿਹਲਾ ਰੋਟੀਆਂ ਖਾਂਦਾ ਹੈ।" ਲਗਦਾ ਮੈਂ ਹੁਣ ਬੁੱਢਾ ਹੋ ਗਿਆ "ਕਵਿਤਾ ਵੀ ਬਜ਼ੁਰਗਾਂ ਦੀਆਂ ਅੰਤਰੀਵ ਭਾਵਨਾਵਾਂ ਰੂਪਮਾਨ ਕਰਦੀ ਹੈ ਜਿਸਦੇ ਹਰ ਕੰਮ ਨੂੰ ਨੁਕਤਾਚੀਨੀ ਕੀਤੀ ਜਾਂਦੀ ਹੈ ਜਿਵੇਂ ਕਿ ਹੌਲੀ ਖਾਣਾ, ਤੇਜ ਖਾਣਾ, ਟੀ. ਵੀ . ਦੇਖਣਾ ਕਿਤਾਬਾਂ ਪੜਨਾ, ਬੈਠਣਾ, ਘੁੰਮਣਾ, ਗੱਲ ਕੀ ਔਲਾਦ ਨੂੰ ਹਰ ਕੰਮ ਤੇ ਕਿਵੇਂ ਇਤਰਾਜ਼ ਜਤਾਉਂਦੀ ਹੈ ਕਵਿਤਾ ਬਾਖੂਬੀ ਬਿਆਨ ਕਰਦੀ ਹੈ।

ਬਲਦੀ ਲੋਹੜੀ ਦੀਆ ਲਾਟਾਂ ਵਿੱਚ ਉਹ ਪ੍ਰਦੂਸ਼ਣ ਫੈਲਾਉਣ ਵਾਲਿਆਂ ਨੂੰ, ਰੇਤਾ ਬੱਜਰੀ ਖਾਣ ਵਾਲਿਆਂ ਨੂੰ, ਚਿੱਟਾ ਤੇ ਨਕਲੀ ਦਵਾਈਆਂ ਵੇਚਣ ਵਾਲਿਆਂ ਨੂੰ, ਮਰਿਆਂ ਪਿਆ ਦੇ ਗੁਲੂਕੋਸ ਲਾਉਣ ਵਾਲੇ ਡਾਕਟਰਾਂ ਨੂੰ, ਰਿਸ਼ਵਤ ਖੋਰਾਂ ਨੂੰ, ਬਲਾਤਕਾਰੀਆ ਨੂੰ, ਗਰੀਬਾਂ ਦਾ ਖੂਨ ਚੂਸਣ ਵਾਲੀਆ ਜੋਕਾਂ ਨੂੰ, ਚਾਪਲੂਸੀ ਵਾਲੇ ਰਾਜ ਕਵੀਆਂ ਨੂੰ, ਜਾਲਮ ਹੁਕਮਰਾਨਾਂ ਨੂੰ ਸਾੜਨਾ ਚਾਹੁੰਦਾ ਹੈ। ਧੀਆਂ ਪੁੱਤਰਾਂ ਵਿੱਚ ਵਿਤਕਰਾ ਉਸਨੂੰ ਪਸੰਦ ਨਹੀਂ। ਕ੍ਰਿਸਮਿਸ ਤੋਹਫ਼ੇ ਲਈ ਬੇਟੇ ਨੂੰ ਦੂਰਬੀਨ ਤੇ ਬੇਟੀ ਨੂੰ ਝਾਂਜਰਾਂ ਦੇ ਤੋਹਫ਼ੇ ਤੇ ਬੇਟੀ ਦੇ ਭਾਵ ਸੋਹਣੇ ਬਿਆਨੇ ਹਨਃ

" ਮੌਮ ਮੈ ਨਹੀਂ ਪਾਉਣੀਆਂ

...
ਮੈ ਵੀ ਵੀਰੇ ਦੇ ਬਰਾਬਰ ਉੱਡਾਂਗੀ
ਰੰਗ ਬਿਰੰਗੀ ਦੁਨੀਆ ਦੇਖੂੰਗੀ
ਭਾਵੇ ਤੂੰ ਸੋਨੇ ਦੀਆ ਬਣਾ ਦੇ
ਤੇ ਭਾਵੇਂ ਡਾਇਮੰਡ ਦੀਆਂ
ਮੈ ਇਹਨਾਂ ਨੂੰ ਤੋੜੂੰਗੀ

ਮਜ਼ਦੂਰਾਂ ਨੂੰ ਬੇਅਕਲੇ, ਅਛੂਤ, ਕੰਮੀ, ਘਟੀਆ ਜਾਤ, ਗੰਵਾਰ, ਅਕਲੋਂ ਖਾਲੀ ਤੇ ਬੇਸਮੈਂਟ ਉੱਲੂ ਸਮਝਣ ਵਾਲੇ ਕਵੀਆਂ ਨੂੰ ਮਜ਼ਦੂਰ ਦਿਵਸ ਤੇ ਕਵਿਤਾ ਪੜ੍ਹਨਾ ਆਪਣੀ ਮਸ਼ਹੂਰੀ ਤੇ ਵਾਹ ਵਾਹ ਬਿਨਾ ਕੁਝ ਵੀ ਨਹੀਂ ।

ਦੇਸ ਦੀ ਖਾਤਰ ਕੁਰਬਾਨ ਹੋਣ ਵਾਲਾ ਭਗਤ ਸਿੰਘ ਵੀ ਦੇਸ ਦੀ ਖ਼ਰਾਬ ਹੋਈ ਆਬੋ ਹਵਾ ਤੋਂ ਦੁਖੀ ਹੈ ਤੇ ਨਹੀਂ ਵਾਪਿਸ ਪਰਤਣਾ ਚਾਹੁੰਦਾਃ

ਮੈ ਨਹੀਂ ਹੁਣ ਆਉਣਾ
ਐਵੇਂ ਨਾ ਮੈਨੂੰ ਗੀਤਾਂ, ਸਪੀਚਾਂ , ਗਜ਼ਲਾਂ
ਕਵਿਤਾਵਾਂ ਵਿੱਚ ਆਵਾਜ਼ਾਂ ਮਾਰੋ

ਮਾਂ ਬੋਲੀ ਦੇ ਪਹਿਰੇਦਾਰਾਂ ਨੂੰ ਵੀ ਕਰਾਰੇ ਹੱਥੀ ਲੈਂਦਾ ਹੈ "ਸ਼ੀਸ਼ਾ ਬੋਲਿਆ" ਕਵਿਤਾ ਅਜਿਹਾ ਸੱਚ ਰੂਪਮਾਨ ਕਰਦੀ ਹੈ। "ਸੁਣ ਮੇਰੀ ਗੱਲ" ਕਵਿਤਾ ਕਵੀਆਂ ਦੀਆਂ ਪਤਨੀਆਂ ਦੇ ਦਿਲੀ ਭਾਵ ਬਿਆਨ ਕਰਦੀ ਹੈ। "ਪ੍ਰੋਫਾਈਲ" ਕਵਿਤਾ ਕਵੀਆ ਨੂੰ ਦੂਜਿਆਂ ਦੇ ਇਨਬਾਕਸ ਵਿੱਚ ਲਾਲਾਂ ਸੁੱਟਣ ਦੀ ਥਾਂ ਆਪਣੀ ਪਤਨੀ ਦਾ ਪਿਆਰਾ ਪਤੀ ਤੇ ਬੱਚਿਆਂ ਦਾ ਸਤਿਕਾਰਿਤ ਪਿਤਾ ਬਣਨ ਦੀ ਨਸੀਅਤ ਦਿੰਦੀ ਹੈ। "ਮੈਨੂੰ ਨਹੀਂ ਚਾਹੀਦਾ ਕਵੀ ਪਤੀ" ਕਵੀਆ ਦੀ ਜ਼ਿੰਦਗੀ ਦਾ ਯਥਾਰਥ ਪੀੜੀ ਪਤਨੀ ਦੀ ਡੁਬਾਵੇ ਪੇਸ਼ ਕਰਦੀ ਹੈ।

ਵਰਲਡ ਕਾਨਫਰੰਸਾਂ ਦੇ ਕੱਚ ਸੱਚ ਦਾ ਭਾਂਡਾ ਉਸਦੀ ਕਵਿਤਾ ਭੰਨਦੀ ਹੈ।ਰਾਜਨੀਤਕ ਲੀਡਰਾਂ , ਕਟੜਪੰਥੀਆ ਨੂੰ ਵੀ ਉਹ ਆੜੇ ਹੱਥੀ ਲੈਂਦਾ ਹੈ।ਪਰਵਾਸ ਨੂੰ ਉਹ ਮੁਬਾਰਕ ਕਹਿੰਦਾ ਹੈ ਪਰ ਉੱਧਰੋਂ ਦੀ ਮਾੜੀ ਸੋਚ ਦਾ ਉੱਧਰ ਲਿਜਾਣਾ ਉਸਨੂੰ ਕਨੇਡਾ ਵਰਗੇ ਵਧੀਆ ਦੇਸ ਨੂੰ ਗੰਧਲਾ ਕਰਨ ਸਮਾਨ ਲੱਗਦਾ ਹੈ । ਅੱਜ ਕੱਲ ਕਨੇਡਾ ਵਿੱਚ ਦਿਨੋਂ ਦਿਨ ਵੱਧ ਰਹੀਆਂ ਅਜਿਹੀਆਂ ਰੁਚੀਆਂ ਨੂੰ ਉਸਦੀ ਕਵਿਤਾ " ਅਸੀਂ ਵੀ ਕਨੇਡਾ ਜ਼ਰੂਰ ਆਵਾਂਗੇ" ਸਾਫ ਸਪੱਸਟ ਸ਼ਬਦਾਂ 'ਚ ਬਿਆਨਦੀ ਹੈ।

ਸੰਨੀ ਧਾਲੀਵਾਲ ਭਾਵਕਤਾ ਨਾਲੋਂ ਵਿਚਾਰਧਾਰਕ ਧਰਾਤਲ ਤੇ ਵਿਚਰਦਾ ਹੈ। ਸੰਨੀ ਧਾਲੀਵਾਲ ਦਾ ਇਹ ਕਾਵਿ ਸੰਗ੍ਰਹਿ ਮੈਂ ਜਦ ਪੜ੍ਹ ਰਹੀ ਹਾਂ ਤੇ ਜ਼ਿਆਦਾ ਸੰਨੀ ਡੇਅ ਦੀ ਤਪਸ਼ ਨਾਲ ਵਿਲੂੰਧਰੀ ਮਾਨਸਿਕਤਾ, ਰਾਜਨੀਤਕ ਚਾਲਾਂ 'ਚ ਪਿਸਦੀ ਮਨੁੱਖਤਾ, ਬਜ਼ੁਰਗ, ਕਿਸਾਨ ਸਭ ਨਜ਼ਰੀਂ ਪੈਂਦੇ ਹਨ। ਸਾਹਿਤਕਾਰਾਂ ਨੂੰ ਮਾਂ ਬੋਲੀ ਦੇ ਅਲੰਬਰਦਾਰਾਂ ਨੂੰ ਉਸਦੀਆਂ ਖਰੀਆਂ ਖਰੀਆਂ ਚੁਭਣੀਆਂ ਸੁਭਾਵਿਕ ਹਨ। ਸੰਨੀ ਕੋਲ ਸੱਚ ਕਹਿਣ ਦੀ ਦਲੇਰੀ ਹੈ। ਬਹੁਤ ਹੀ ਸਾਦ ਮੁਰਾਦੀ ਭਾਸ਼ਾ ਵਿੱਚ ਉਸਦੀ ਕਵਿਤਾ ਦਿਲ ਦੀਆਂ ਗੱਲਾਂ ਕਹਿੰਦੀ ਹੈ। ਸੋ ਉਸਦੇ ਕਾਵਿ ਸੰਗ੍ਰਹਿ "ਖਾਲੀ ਆਲ੍ਹਣਾ" ਨੂੰ ਮੈਂ ਜੀ ਆਇਆਂ ਕਹਿੰਦੀ ਹਾਂ।

## ਪੁਸਤਕ ਰਿਵਿਊ / ਪਾਟ ਤੋਂ ਪੁਲ ਤਕ ਦਾ ਸਫ਼ਰ-ਕਸਕ (ਧਰਮਪਾਲ ਸਾਹਿਲ) / ਪ੍ਰੋ.ਪ੍ਰੋਮਿਲਾ ਅਰੋੜਾ

ਡਾ.. ਧਰਮਪਾਲ ਸਾਹਿਲ ਹਿੰਦੀ ਤੇ ਪੰਜਾਬੀ ਸਾਹਿਤ ਵਿਚ ਇੱਕ ਜਾਣਿਆ ਮੰਨਿਆ ਹਸਤਾਖਰ ਹੈ। ਉਹ ਪਹਿਲਾਂ ਵੀ ਕਈ ਨਾਵਲ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾ ਚੁੱਕੇ ਹਨ ।ਫੇਰ ਵੀ ਜਦੋਂ ਓਹਨਾਂ "ਕਸਕ" ਨਾਵਲ ਭੇਂਟ ਕੀਤਾ ਤੇ ਇਸਤੇ ਝਾਤੀ ਮਾਰਦਿਆਂ ਇੱਕ ਪ੍ਰਸ਼ਨ ਮਨ ਵਿੱਚ ਆਇਆ ਕਿ ਭਾਰਤ ਪਾਕਿ ਵੰਡ ਤੇ ਤਾਂ ਪਹਿਲਾਂ ਹੀ ਬਹੁਤ ਸਾਰਾ ਸਾਹਿਤ ਰਚਿਆ ਜਾ ਚੁੱਕਿਆ ਹੈ ਅਤੇ ਇਸ ਵਿਸ਼ੇ ਤੇ ਯਸ਼ਪਾਲ ਤੇ ਖੁਸ਼ਵੰਤ ਸਿੰਘ ਵਰਗੇ ਲੇਖਕ ਕਲਾਸਿਕ ਪੁਸਤਕਾਂ ਰਚ ਚੁੱਕੇ ਹਨ ਤਾਂ ਧਰਮਪਾਲ ਸਾਹਿਲ ਨੇ ਕੀ ਨਵਾਂ ਲਿਖਿਆ ਹੋ ਸਕਦਾ ਹੈ ਜੋਂ ਉਸ ਵੇਲੇ ਪੈਦਾ ਵੀ ਨਹੀਂ ਹੋਇਆ ਦੀ ਤੇ ਇਤਿਹਾਸ ਦਾ ਵਿਦਿਆਰਥੀ ਵੀ ਨਹੀਂ ਰਿਹਾ । ਪਰ ਜਦੋਂ ਨਾਵਲ ਪੜ੍ਹਨਾ ਸ਼ੁਰੂ ਕੀਤਾ ਤਾਂ ਇਸ ਕਲਮਕਾਰ ਦੀ ਲੇਖਣੀ ਦੀ ਕਾਇਲ ਹੋ ਗਈ ਕਿ ਉਸਨੇ ਵੰਡ ਤੋਂ 75 ਸਾਲ ਬਾਅਦ ਵੰਡ ਵਿੱਚ ਵਿਛੋੜੇ ਦੇ ਦਰਦ ਨੂੰ ਸਮੋਈ ਬੈਠੇ ਪਾਤਰਾਂ ਦੀ ਖਤਾਂ ਦੀ ਸਾਂਝ ਤੋਂ ਸ਼ੁਰੂ ਕਰਕੇ ਜਿਸ ਤਰ੍ਹਾਂ ਉਸ ਵੇਲੇ ਹੋਈ ਹਿੰਸਾ ,ਜੁਲਮ,ਤੇ ਤਸ਼ਦਦ ਦਾ ਵਰਨਣ ਕੀਤਾ ਹੈ ਉਹ ਲੂੰ ਕੰਡੇ ਖੜੇ ਕਰਦਾ ਹੈ ਤੇ ਅੱਖਾਂ ਨਮ ਕਰਦਾ ਹੈ ।

ਡਾ. ਧਰਮ ਪਾਲ ਸਾਹਿਲ ਦਾ ਇਹ ਨਾਵਲ ਪਾਟ ਤੋਂ ਪੁਲ ਤਕ ਦਾ ਸਫ਼ਰ ਤੈਅ ਕਰਦਾ ਹੈ । ਇਹ ਇੱਕ ਅਜਿਹਾ ਦਸਤਾਵੇਜ਼ ਹੈ ਜੋ ਵੰਡ ਦੇ ਹਨੇਰੇ ਕਾਲੇ ਦਿਨਾਂ ਵਿਚ ਮਾਰ ਕਾਟ, ਲੜਕੀਆਂ ਦੀ ਬੇਪੱਤੀ ਦਾ ਡਰਾਉਣਾ ਚਿੱਤਰ ਪੇਸ਼ ਕਰਦਾ ਹੈ ਅਤੇ ਇਸਦੇ ਨਾਲ ਹੀ ਇਸਦੇ ਕਾਰਨਾਂ ਤੇ ਰੌਸ਼ਨੀ ਪਾਉਂਦਾ ਹੈ ਕਿ ਕਿਵੇਂ ਸੱਤਾ ਦਾ ਲਾਲਚ, ਧਰਮ, ਜਾਤ,ਰਾਜਨੀਤੀ ਇਸ ਅੱਗ ਨੂੰ ਬਾਲਦੇ ਹਨ ਅਤੇ ਇਸ ਬਲਦੀ ਤੇ ਤੇਲ ਦਾ ਕੰਮ ਕਰਦੇ ਹਨ।ਇਸ ਅੱਗ ਵਿਚ ਜਾਨੀ ਨੁਕਸਾਨ ਤਾਂ ਹੋਇਆ ਹੀ ਪਰ ਔਰਤਾਂ ਦੀ ਬੇਪੱਤੀ ਨਾਲ ਉਸਦੀ ਮਾਨਸਿਕਤਾ ਤੇ ਡੂੰਘੀ ਸੱਟ ਮਾਰਨ ਨਾਲ ਨੈਤਿਕ ਕਦਰਾਂ ਕੀਮਤਾਂ ਦਾ ਵੀ ਘਾਣ ਹੋਇਆ ਹੈ। ਇਹ ਕਿਸੇ ਇੱਕ ਜਾਤ ਜਾਂ ਧਰਮ ਦੇ ਲੋਕਾਂ ਦਾ ਨਹੀਂ ਬਲਕਿ ਸਾਰੀ ਮਨੁੱਖਤਾ ਲੀਰੋਲੀਰ ਹੋਈ ਹੈ । ਇਸਦੇ ਨਾਲ ਹੀ ਦੂਜੇ ਪਾਸੇ ਵਖਰੇਵੇਂ ਦੀ ਸਹਿਕ, ਤੇ ਸਮੇਂ ਦੇ ਬਦਲਾਵ ਨਾਲ ਆਪਸ ਵਿੱਚ ਦੋਹਾਂ ਮੁਲਕਾਂ ਦੀ ਸਾਹਿਤਿਕ, ਸੰਗੀਤਕ ਅਤੇ ਸੱਭਿਆਚਾਰਕ ਸਾਂਝ ਨਾਲ ਇਹ ਦੂਰੀਆਂ ਖਤਮ ਕਰਨ ਦੀ ਆਸ ਵੀ ਜਗਾਉਂਦਾ ਹੈ।

ਲੇਖਕ ਨੇ ਪ੍ਰੋ. ਨੰਦਾ ਰਾਹੀਂ ਇਸ ਤ੍ਰਾਸਦੀ ਬਾਰੇ ਆਪਣੇ ਨੂੰਹ ਪੁੱਤਰ ਤੇ ਪੋਤਰੇ ਨੂੰ ਜਾਣੂ ਕਰਵਾਉਂਦਿਆਂ ਓਹਨਾਂ ਦੇ ਪ੍ਰਸ਼ਨਾਂ ਦੇ ਜਵਾਬ ਵਿੱਚ ਇਸਦੇ ਕਾਰਨਾਂ ਬਾਰੇ ਵੀ ਚਾਨਣਾ ਪਾਉਣ ਦੀ ਕੋਸ਼ਿਸ਼ ਕਾਬਿਲੇ ਤਾਰੀਫ ਹੈ ,ਜਿਸ ਨਾਲ ਉਹ ਤੱਥ ਵੀ ਪੇਸ਼ ਹੋਏ ਹਨ ਜੋ ਕਿ ਇਤਿਹਾਸ ਵਿੱਚ ਸਿੱਧੇ ਤੌਰ ਤੇ ਦਰਜ ਨਹੀਂ ਹਨ। ਇਸ ਪੱਖ ਤੋਂ ਇਹ ਨਾਵਲ ਮਹੱਤਵਪੂਰਨ ਹੋ ਜਾਂਦਾ ਹੈ ।

ਡਾ. ਧਰਮਪਾਲ ਸਾਹਿਲ ਅਪਣੇ ਨਾਵਲ ਵਿੱਚ ਪਾਤਰਾਂ ਨੂੰ ਬੜੀ ਸ਼ਿਦੱਤ ਨਾਲ ਕਥਾਵਸਤੂ ਦੀ ਲੋੜ ਅਨੁਸਾਰ ਸਿਰਜਦਾ ਹੈ ਜਿਸ ਨਾਲ ਹਰ ਪਾਤਰ ਇੱਕ ਅਪਣਾ ਮੁਕਾਮ ਤੇ ਮਹਤਾਵਰਖਦਾ ਹੈ। ਇਸ ਨਾਵਲ ਵਿਚ ਪ੍ਰੋ.ਨੰਦਾ ਸ਼ੁਰੂ ਤੋਂ ਅਖੀਰ ਤਕ ਸੂਤਰਧਾਰ ਦੇ ਤੌਰ ਤੇ ਮਹੱਤਵਪੂਰਨ ਰੋਲ ਅਦਾ ਕਰਦੇ ਹਨ, ਕਿਉਂਕਿ ਉਹ ਉਸ ਪੀੜ੍ਹੀ ਨਾਲ ਸਬੰਧ ਰੱਖਦੇ ਹਨ ਜੋ ਵੰਡ ਦੀ ਚਸ਼ਮਦੀਦ ਗਵਾਹ ਹੈ ਅਤੇ ਰਾਵਲ ਸਿੰਘ ਦੇ ਦੋਸਤ ਵੀ ਹਨ ਜਿਸਦਾ ਦੋਸਤ ਸ਼ਿਕੋਹ ਮਲਿਕ ਸਰਹੱਦ ਪਾਰ ਹੈ ਅਤੇ ਦੋਹਾਂ ਵਿਚ ਪਤਰ ਵਿਵਹਾਰ ਚਲਦਾ ਹੈ। ਰਾਵਲ ਸਿੰਘ ਦੀ ਮੌਤ ਤੋਂ ਬਾਅਦ ਸ਼ਿਕੋਹ ਮਲਿਕ ਦੀ ਮਹਿਬੂਬ ਪਤਨੀ ਬੀਬੀ ਮੁਹੰਮਦ, ਜੋ ਵੰਡ ਦੇ ਦੰਗਿਆਂ ਚ ਗੁਆਚ ਗਈ ਹੈ, ਨੂੰ ਲੱਭਣ ਦੀ ਜਿੰਮੇਦਾਰੀ ਪ੍ਰੋ. ਨੰਦਾ ਤੇ ਆ ਜਾਂਦੀ ਹੈ ਜੋ ਇਸ ਨੂੰ ਬੜੀ ਸ਼ਿਦੱਤ ਨਾਲ ਨਿਭਾਉਂਦੇ ਹਨ।

ਇਸ ਨਾਵਲ ਵਿੱਚ ਕੇਂਦਰੀ ਪਾਤਰ ਬੀਬੀ ਮੁਹੰਮਦ ਹੈ ਜੋ ਵੰਡ ਦੀ ਤ੍ਰਾਸਦੀ ਭੋਗਦੇ ਹੋਏ ਪਹਿਲਾਂ ਬੇਪੱਤੀ ਦਾ ਸ਼ਿਕਾਰ ਹੁੰਦੀ ਹੈ ਫੇਰ ਖਰੀਦੇ ਜਾਂ ਤੋਂ ਬਾਅਦ ਰਖੈਲ ਹਨ ਦਾ ਦੁੱਖ ਭੋਗਦੀ ਹੈ। ਲੇਖਕ ਇਥੇ ਇਹ ਵੀ ਦੱਸਣਾ ਚਾਹੁੰਦਾ ਹੈ ਕਿ ਮਾੜੇ ਲੋਕਾਂ ਦੇ ਹੋਣ ਦੇ ਬਾਵਜੂਦ ਚੰਗੇ ਲੋਕਾਂ ਦੀ ਵੀ ਥੁੜ ਨਹੀਂ। ਬੀਬੀ ਮੁਹੰਮਦ ਸਿੱਖੀ ਧਰਮ ਅਪਨਾ ਕੇ ਸਿੱਖ ਪਰਿਵਾਰ ਦਾ ਹਿੱਸਾ ਬਣ ਕੇ ਜਿੱਥੇ ਰਣਜੀਤ ਸਿੰਘ ਦੀ ਹਵਸ ਦਾ ਦੁੱਖ ਭੋਗਦੀ ਹੈ ਓਥੇ ਉਸਦੀ ਮਾਂ ਦੀ ਹਮਦਰਦੀ ਨਾਲ ਸ਼ਮਸ਼ੇਰ ਸਿੰਘ ਨਾਲ ਇੰਗਲੈਂਡ ਵਿੱਚ ਇੱਜਤ ਤੇ ਪ੍ਰੇਮ ਭਰੀ ਜ਼ੀਦਿਗੀ ਬਿਤਾਉਂਦੀ ਹੈ।ਬੇਸ਼ੱਕ ਉਸਦਾ ਮਨ ਪਹਿਲੇ ਪਿਆਰ ਸ਼ਿਕੋਹ ਮਲਿਕ ਦੀ ਯਾਦ ਨਾਲ ਲਬਰੇਜ਼ ਹੈ।

ਲੇਖਕ ਦਾ ਇਹ ਨਾਵਲ ਲਿਖਣ ਦਾ ਮੰਤਵ ਨਾ ਤਾਂ ਕੇਵਲ ਮਨੋਰੰਜਨ ਹੈ ਤੇ ਨਾ ਹੀ ਵੰਡ ਦੀਆਂ ਘਟਨਾਵਾਂ ਦਾ ਵਰਨਣ ਕਰਨਾ ਹੈ। ਉਹ ਇਸ ਸਭ ਤੋਂ ਪਰ੍ਹੇ ਇਹ ਦੱਸਣਾ ਚਾਹੁੰਦਾ ਹੈ ਕਿ ਨਫ਼ਰਤ ਦੀ ਅੱਗ ਕਿੰਨੀ ਤਬਾਹਕੁੰਨ ਹੈ ਤੇ ਪਿਆਰ ਦੀ ਭਾਸ਼ਾ ਹੀਂ ਇਨਸਾਨੀਅਤ ਦਾ ਧਰਮ ਹੈ। ਅਖੀਰਲੇ ਹਿੱਸੇ ਵਿੱਚ ਵੰਡ ਦੇ 75 ਸਾਲ ਬਾਅਦ ਪ੍ਰੋ. ਨੰਦਾ ਰਾਹੀਂ ਭਾਸ਼ਣ ਤੇ ਵਿਦਆਰਥੀਆਂ ਸਵਾਲਾਂ ਦੇ ਜਵਾਬ ਵਿੱਚ ਲੇਖਕ ਅਪਣਾ ਇਹ ਉਦੇਸ਼ ਪੂਰਾ ਕਰਦਾ ਹੈ। ਵਿਦਿਆਰਥੀਆਂ ਦਾ ਪ੍ਰੋ. ਨੰਦਾ ਦੇ ਘਰ ਜਾਣਾ, ਓਥੇ ਪੰਜਾਬੀ ਸੱਭਿਆਚਾਰ ਨਾਲ ਮੰਜੇ ਤੇ ਬਿਠਾਉਣਾ ਤੇ ਮਹਿਮਾਨ ਨਿਵਾਜ਼ੀ ਚ ਮਲਾਈ ਵਾਲਾ ਦੁੱਧ ਅਤੇ ਭੋਜਨ ਪੰਜਾਬ ਦੀ ਸੰਸਕ੍ਰਿਤੀ ਤੇ ਸਭਿਆਚਾਰ ਪੇਸ਼ ਕਰਦੇ ਹਨ।ਇਸ ਗੱਲ ਬਾਤ ਵਿੱਚ

## ਮਿੰਨੀ ਕਹਾਣੀ

## ਹੱਕ / ਭੁਪਿੰਦਰ ਉਪਰਾਮ



ਅੱਜ ਸੰਡੇ ਸੀ ਯਾਨੀ ਕਿ ਛੁੱਟੀ ਦਾ ਦਿਨ, ਸਕੂਲ, ਦਫ਼ਤਰ ਸਭ ਬੰਦ। ਸਾਰਾ ਪਰਿਵਾਰ ਘਰ ਸੀ, ਨੀਚੇ ਦਾਦਾ ਆਪਣੇ ਸਾਢੇ ਤਿੰਨ ਸਾਲ ਦੇ ਪੋਤੇ ਨਾਲ ਖੇਡ ਰਿਹਾ ਸੀ। ਪੋਤੇ ਦੇ ਹੱਥ ਵਿਚ ਗੇਂਦ ਸੀ। ਦਾਦੂ ਨੂੰ ਦੇ ਕੇ ਕਹਿੰਦਾ ਹੈ 'ਉਤੇ ਮਾਲੋ'। ਦਾਦੇ ਨੇ ਗੇਂਦ ਸੁੱਟ ਦਿੱਤੀ। ਪੋਤਾ ਗੇਂਦ ਲੈਣ ਵਾਸਤੇ ਭੱਜਿਆ, ਰਸਤੇ ਵਿਚ ਪਈ ਕੁਰਸੀ ਨਾਲ ਪੈਰ ਅੜਨ ਕਰਕੇ ਡਿੱਗ ਪਿਆ, ਕੂਹਣੀ ਤੇ ਥੋੜੀ ਜਿਹੀ ਝਰੀਟ ਲੱਗ ਗਈ। ਬੱਚਾ ਰੋਣ ਲੱਗਿਆ, ਆਵਾਜ਼ ਸੁਣ ਕੇ ਉਸ ਦੀ ਮੰਮੀ ਨੀਚੇ ਆਈ। ਡਿੱਗੇ ਬੱਚੇ ਨੂੰ ਚੁਕਿਆ ਝਰੀਟ ਤੇ ਫੂਕ ਮਾਰੀ, ਨਾ ਮੇਰੇ ਲਾਲ ਕੁਛ ਨਹੀਂ ਹੋਇਆ, ਫੇਰ ਪੁੱਛਣ ਲੱਗੀ 'ਕੀ ਹੋ ਗਿਆ ਸੀ ਮੇਰੇ ਲਾਲ ਨੂੰ'। ਬੱਚੇ ਨੇ ਅਣਭੋਲ ਹੀ ਕਹਿ ਦਿਤਾ 'ਦਾਦੂ ਮਾਰਿਆ'। ਨੂੰਹ ਖਿਝ ਗਈ 'ਭਾਪਾ ਜੀ ਤੁਹਾਨੂੰ ਕਿੰਨੀ ਵਾਰ ਆਖਿਆ ਹੈ, ਜਦੋਂ ਤੁਸੀਂ ਪਿੰਟੂ ਨਾਲ ਖੇਡਿਆ ਕਰੋ ਤਾਂ ਧਿਆਨ ਰੱਖਿਆ ਕਰੋ ਤੁਹਾਨੂੰ ਪਤਾ ਲੱਗਦਾ ਨਹੀਂ। ਤੁਹਾਡਾ ਲਾਡ ਵੀ ਬੱਚੇ ਨੂੰ ਤਕਲੀਫ਼ ਦੇ ਜਾਂਦਾ ਹੈ।'

'ਪੁੱਤਰ ਮੈਂ ਤਾਂ ਇਹਨੂੰ ਹੱਥ ਵੀ ਨਹੀਂ ਲਾਇਆ ਇਹ ਤਾਂ ਗੇਂਦ.....'

'ਮੈਨੂੰ ਪਤੈ ਤੁਹਾਡੇ ਹੱਥ ਦਾ ਅਗੋਂ ਤੁਸੀਂ ਇਸਨੂੰ ਹੱਥ ਨਹੀਂ ਲਾਣਾ ਬਸ"

ਗੱਲਾਂ ਦੀ ਉੱਚੀ ਆਵਾਜ਼ ਨਾਲ ਦਾਦੇ ਦਾ ਪੁੱਤਰ ਤੇ ਦਾਦੇ ਦੀ ਜੀਵਨ ਸਾਥਣ ਵੀ ਥੱਲੇ ਲੌਬੀ ਵਿਚ ਆ ਗਏ ਸਨ, ਦਾਦਾ ਘਾਬਰਿਆ ਹੋਇਆ ਨੂੰਹ ਨੂੰ ਕਹਿ ਰਿਹਾ ਸੀ 'ਠੀਕ ਹੈ ਬੇਟਾ ਅਗੋਂ ਮੈਂ ਫ਼ਾਲਤੂ ਟਾਇਮ ਨਾਲ ਦੇ ਪਾਰਕ ਵਿਚ ਚਲਾ ਜਾਇਆ ਕਰਾਂਗਾ'

ਇੰਨੇ ਨੂੰ ਪੋਤਾ ਚੁੱਪ ਕਰ ਚੁਕਿਆ ਸੀ, ਤੇ ਉਹ ਫ਼ੇਰ ਗੇਂਦ ਚੱਕ ਕੇ ਦਾਦੇ ਕੋਲ ਪਹੁੰਚ ਗਿਆ ਸੀ, ਪਰ ਦਾਦੇ ਵਿਚਾਰੇ ਦੇ ਚਿਹਰੇ ਦਾ ਰੰਗ ਉੱਡਿਆ ਹੋਇਆ ਸੀ, ਪੁੱਤਰ ਵੀ ਚਿਹਰੇ ਤੇ ਪ੍ਰੇਸ਼ਾਨੀ ਦੇ ਭਾਵ ਲੈ ਕੇ ਚੁੱਪ ਖੜ੍ਹਾ ਸੀ, ਹੱਥ ਨਹੀਂ ਲਾਉਣ ਵਾਲਾ ਡਾਇਲਾਗ ਸੁਣ ਕੇ ਸੱਸ ਤੋਂ ਰਿਹਾ ਨਹੀਂ ਗਿਆ। ਉਹ ਉੱਚੀ ਆਵਾਜ਼ ਵਿਚ ਬੋਲੀ 'ਠੀਕ ਹੈ ਬੇਟਾ ਤੇਰਾ ਪੁੱਤਰ ਹੈ ਹੁਕਮ ਤਾਂ ਤੇਰਾ ਹੀ ਚੱਲੇਗਾ। ਅਸੀਂ ਦੋਨੋਂ ਜੀਅ ਇਸਨੂੰ ਹੱਥ ਨਹੀਂ ਲਗਾਵਾਂਗੇ ਪਰ ਇਕ ਗੱਲ ਸੁਣ ਲਓ ਅੱਜ ਤੋਂ ਬਾਅਦ ਤੂੰ ਵੀ ਮੇਰੇ ਪੁੱਤਰ ਨੂੰ ਹੱਥ ਨਹੀਂ ਲਗਾਵੇਂਗੀ'।

ਇਹ ਸ਼ਬਦ ਸੁਣ ਕੇ ਨੂੰਹ ਦੇ ਚਿਹਰੇ ਤੇ ਹੈਰਾਨੀ ਜਿਹੀ ਆ ਗਈ ਸੀ ਤੇ ਉਸ ਦੇ ਪਤੀ ਦੇ ਚਿਹਰੇ ਤੇ ਸੰਤੁਸ਼ਟੀ। ਨੂੰਹ ਦੇ ਮੂੰਹੋਂ ਏਨਾਂ ਹੀ ਨਿਕਲਿਆ 'ਮੰਮੀ ਜੀ........'


ਸਰਹੱਦ ਤੋਂ ਪਾਰ ਸਾਹਿਤਿਕ ਭਾਸ਼ਾਈ ਤੇ ਸੱਭਿਆਚਾਰਕ ਸਾਂਝ ਨਾਲ ਇੱਕ ਹੋਣ ਦੀ ਆਸ ਜਗਾਈ ਹੈ ।

ਨਾਵਲ ਦਾ ਅੰਤਿਮ ਹਿੱਸਾ ਸ਼ਾਇਦ ਕਈ ਪਾਠਕਾਂ ਨੂੰ ਬਨਾਉਟੀ ਲੱਗੇ ਪਰ ਜ਼ਿੰਦਗੀ ਵਿਚ ਇਸ ਤਰ੍ਹਾਂ ਵਿਛੜਿਆਂ ਦਾ ਮੇਲ ਹੋਣਾ ਕੋਈ ਅਸੰਭਵ ਗੱਲ ਨਹੀਂ। ਸ਼ਮਸ਼ੇਰ ਸਿੰਘ ਤੇ ਬੀਬੀ ਮਨਜੀਤ ਕੌਰ ਉਰਫ ਬੀਬੀ ਮੁਹੰਮਦ ਇੰਗਲੈਂਡ ਤੋਂ ਪੰਜਾਬ ਆਉਣਾ, ਦੋਹਾਂ ਮੁਲਕਾਂ ਦਾ ਸੱਭਿਆਚਾਰਕ ਮੇਲਾ ਹੋਣਾ ਅਤੇ ਅਮਰੀਕ ਸਿੰਘ ਸਟੇਜ ਸਕੱਤਰ ਦਾ ਬੀਬੀ ਮੁਹੰਮਦ ਨੂੰ ਸ਼ਿਕੋਹ ਮਲਿਕ ਰੂਪੀ ਤੋਹਫ਼ਾ ਪੇਸ਼ ਕਰਨਾ ਜਿਸਨੂੰ ਪ੍ਰੋ. ਨੰਦਾ, ਸ਼ਮਸ਼ੇਰ ਲੈ ਕੇ ਆਉਂਦੇ ਹਨ, ਬਹੁਤ ਹੀ ਭਾਵੁਕ ਦ੍ਰਿਸ਼ ਨਾਲ ਸੁਖਾਂਤ ਹੁੰਦਾ ਹੈ ਜੋ ਵਿਛੜਿਆਂ ਦੇ ਮਿਲਣ ਦੀ ਆਸ ਜਗਾਉਂਦਾ ਹੈ। ਇਸ ਤਰ੍ਹਾਂ ਇਹ ਪਾਟ ਤੋਂ ਪੁਲ ਤੱਕ ਦਾ ਸਫ਼ਰ ਤੈਅ ਕਰਦਾ ਹੈ।

ਡਾ. ਸਾਹਿਲ ਲੇਖਣ ਸ਼ੈਲੀ ਵਿਚ ਆਪਣੀ ਮਿਸਾਲ ਆਪ ਹਨ। ਨਵੀਂ ਲਿਖਤ ਨਵੀਆਂ ਪੈੜਾ. ਸਿਰਜਦੀ ਹੈ। ਓਹਨਾਂ ਦੇ ਲਿਖੇ ਸ਼ਬਦਾਂ ਨਾਲ ਪਾਠਕ ਰੋਂਦਾ ਵੀ ਹੈ ਤੇ ਹੱਸਦਾ ਵੀ ਹੈ ਅਤੇ ਅਣਜਾਣੇ ਵਿੱਚ ਹੀ ਬਹੁਤ ਕੁਝ ਸਿੱਖਦਾ ਹੈ ।ਇਹ ਨਫ਼ਰਤ ਤੋਂ ਪਿਆਰ ਦਾ ਸੰਦੇਸ਼ ਦਿੰਦਾ ਨਾਵਲ ਉੱਚ ਕੋਟੀ ਦੀ ਲਿਖਤ ਦਾ ਨਮੂਨਾ ਹੈ। ਕਿਤੇ ਵੀ ਪਾਠਕ ਦੀ ਰੁਚੀ ਘੱਟ ਨਹੀਂ ਹੁੰਦੀ ।

ਇਸ ਨਾਵਲ ਦੀ ਸਿਰਜਣਾ ਲਈ ਮੈਂ ਸਾਹਿਲ ਜੀ ਨੂੰ ਵਧਾਈ ਤੇ ਸ਼ੁਭਕਾਮਨਾਵਾਂ ਦਿੰਦੀ ਹੋਈ ਓਹਨਾ ਦੀ ਲੰਮੀ ਉਮਰ ਤੇ ਤੰਦਰੁਸਤੀ ਤੇ ਸਫਲਤਾ ਦੀ ਕਾਮਨਾ ਕਰਦੀ ਹਾਂ ।

# ਪ੍ਰਤਿਮਾਨ ਦੇ ਦੋਸਤ ਲੇਖਕਾਂ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ




RNI NO. PUNPUN / 2006 / 16230 July-September 2023 ISSN: 2277-9930

# ਪ੍ਰਤੀਕ ਪਬਲੀਕੇਸ਼ਨਜ਼ ਦੀਆਂ ਨਵ-ਪ੍ਰਕਾਸ਼ਿਤ ਪੁਸਤਕਾਂ





































ਪ੍ਰਕਾਸ਼ਨ ਦੀ ਦੁਨੀਆਂ ਵਿੱਚ ਭਰੋਸੇਯੋਗ ਨਾਮ

**ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**

ਸੰਪਰਕ: 98773-58869, 97810-33133

PARTEEK PUBLICATIONS